@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 30 May 2024
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਵੀਰਵਾਰ 30 ਮਈ 2024, 16 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 190, qpatrika@gmail.com ਫੋਨ : 9971359517 www.qaumipatrika.org

## ਕਰਨਾਟਕ ਦੇ ਗ੍ਰਹਿ ਮੰਤਰੀ ਦਾ ਐਲਾਨ, ਪ੍ਰਜਵਲ ਰੇਵੰਨਾ ਨੂੰ ਭਾਰਤ ਪਰਤਦੇ ਹੀ ਕਰਾਂਗੇ ਗ੍ਰਿਫਤਾਰ

ਬੈਂਗਲੁਰੂ, 29 ਮਈ। ਔਰਤਾਂ ਦਾ ਜਿਨਸੀ ਸੋਸਣ ਕਰਨ ਦੇ ਦੋਸੀ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਨੂੰ ਭਾਰਤ ਆਉਂਦੇ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਕਰਨਾਟਕ ਦੇ ਗ੍ਰਹਿ ਮੰਤਰੀ ਜੀ. ਪਰਮੇਸ਼ਵਰ ਨੇ ਮੰਗਲਵਾਰ ਨੂੰ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਤਾਂ ਐੱਸ. ਆਈ. ਟੀ. ਨੂੰ ਹੀ ਲੈਣਾ ਹੈ ਕਿ ਪ੍ਰਜਵਲ ਰੇਵੰਨਾ ਨੂੰ ਕਿਥੇ ਗ੍ਰਿਫਤਾਰ ਕੀਤਾ ਜਾਵੇਗਾ। ਕਾਂਗਰਸ ਸਰਕਾਰ ਨੇ ਪ੍ਰਜਵਲ ਰੇਵੰਨਾ ਦੇ ਕਈ ਵੀਡੀਓ ਸਾਹਮਣੇ ਆਉਣ ਤੋਂ ਬਾਅਦ 28 ਅਪ੍ਰੈਲ ਨੂੰ ਮਾਮਲੇ ਦੀ ਜਾਂਚ ਲਈ ਐੱਸ. ਆਈ. ਟੀ. ਦਾ ਗਠਨ ਕੀਤਾ ਸੀ। ਇਸ ਤੋਂ ਬਾਅਦ ਰੇਵੰਨਾ ਨੇ ਆਪਣੇ ਵਕੀਲ ਰਾਹੀਂ ਐੱਸ. ਆਈ. ਟੀ. ਨੂੰ ਜਾਣਕਾਰੀ ਦਿੱਤੀ ਸੀ ਕਿ ਉਹ 7 ਦਿਨਾਂ ਵਿਚ ਪੇਸ ਹੋਣਗੇ, ਪਰ ਉਹ ਨਹੀਂ ਗਏ। ਪ੍ਰਜਵਲ ਰੇਵੰਨਾ ਨੇ ਇਸ ਵਾਰ ਵੀ ਹਾਸਨ ਲੋਕ ਸਭਾ ਸੀਟ ਤੋਂ ਚੋਣਾਂ ਲੜੀਆਂ ਹਨ।

## ਕਾਂਗਰਸ ਧਰਮ ਦੇ ਆਧਾਰ 'ਤੇ ਦੇਣਾ ਚਾਹੁੰਦੀ ਹੈ ਰਾਖਵਾਂਕਰਨ : ਨੱਢਾ

ਸ਼ਿਮਲਾ 29 ਮਈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਨੇ ਮੰਗਲਵਾਰ ਨੂੰ ਦੋਸ਼ ਲਗਾਇਆ ਕਿ ਕਾਂਗਰਸ ਧਰਮ ਦੇ ਆਧਾਰ 'ਤੇ ਰਾਖਵਾਂਕਰਨ ਦੇਣਾ ਚਾਹੁੰਦੀ ਹੈ। ਮੰਡੀ ਤੋਂ ਭਾਜਪਾ ਉਮੀਦਵਾਰ ਕੰਗਨਾ ਰਨੌਤ ਦੇ ਸਮਰਥਨ 'ਚ ਕਿੰਨੌਰ 'ਚ ਇਕ ਜਨਤਕ ਸਭਾ 'ਚ ਨੱਢਾ ਨੇ ਕਿਹਾ ਕਿ ਭੀਮਰਾਵ ਅੰਬੇਡਕਰ ਨੇ ਕਿਸੇ ਸਥਾਨ ਦੀ ਭੂਗੋਲਿਕ ਅਤੇ ਸਮਾਜਿਕ ਸਥਿਤੀ ਦੇ ਆਧਾਰ 'ਤੇ ਰਾਖਵਾਂਕਰਨ ਦੀ ਵਕਾਲਤ ਕੀਤੀ ਸੀ, ਨਾ ਕਿ ਧਾਰਮਿਕ ਆਧਾਰ 'ਤੇ। ਉਨ੍ਹਾਂ ਕਿਹਾ,"ਕਿੰਨੌਰ ਦੇ ਲੋਕਾਂ ਨੂੰ ਭੂਗੋਲਿਕ ਸਥਿਤੀਆਂ ਦੇ ਆਧਾਰ 'ਤੇ ਅਨੁਸੂਚਿਤ ਜਨਜਾਤੀ (ਐੱਸਟੀ)



ਰਾਖਵਾਂਕਰਨ ਦਿੱਤਾ ਜਾਂਦਾ ਹੈ, ਕਿਉਂਕਿ ਇਹ ਇਕ ਦੂਰ-ਦਰਾਡੇ ਦਾ ਖੇਤਰ ਹੈ ਪਰ ਕਾਂਗਰਸ ਇਸ ਨੂੰ ਮੁਸਲਮਾਨਾਂ ਨੂੰ ਦੇਣਾ ਚਾਹੁੰਦੀ ਹੈ।" ਵਿਰੋਧੀ ਧਿਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ, ਨੱਢਾ ਨੇ ਦੋਸ਼ ਲਗਾਇਆ ਕਿ 'ਇੰਡੀਆ ਗਠਜੋੜ' ਭ੍ਰਿਸ਼ਟ ਨੇਤਾਵਾਂ ਦਾ ਗਠਜੋੜ ਹੈ, ਕਿਉਂਕਿ ਇਸ ਦੇ ਸਾਰੇ ਨੇਤਾ ਅਤੇ ਸਹਿਯੋਗੀ ਦਲ ਭ੍ਰਿਸ਼ਟ ਹਨ ਅਤੇ ਵੱਖ-ਵੱਖ ਘਪਲਿਆਂ 'ਚ ਸ਼ਾਮਲ ਹਨ। ਹਿਮਾਚਲ ਪ੍ਰਦੇਸ਼ ਦੇ ਚਾਰ ਲੋਕ ਸਭਾ ਚੋਣ ਖੇਤਰਾਂ ਲਈ 7ਵੇਂ ਅਤੇ ਆਖਰੀ ਪੜਾਅ 'ਚ ਇਕ ਜੂਨ ਨੂੰ ਵੋਟਿੰਗ ਹੋਣੀ ਹੈ।

## ਝਾਰਖੰਡ ਦੇ ਮੰਤਰੀ ਆਲਮਗੀਰ ਦਾ ਈ. ਡੀ. ਰਿਮਾਂਡ ਹੋਰ 3 ਦਿਨ ਲਈ ਵਧਿਆ

ਰਾਂਚੀ, 29 ਮਈ। ਰਾਂਚੀ ਦੀ ਵਿਸੇਸ ਪੀ. ਐੱਮ. ਐੱਲ. ਏ. (ਪ੍ਰੀਵੈਨਸਨ ਆਫ ਮਨੀ ਲਾਂਡਰਿੰਗ ਐਕਟ) ਅਦਾਲਤ ਨੇ ਕਥਿਤ ਮਨੀ ਲਾਂਡਰਿੰਗ ਮਾਮਲੇ ਵਿਚ ਝਾਰਖੰਡ ਦੇ ਮੰਤਰੀ ਆਲਮਗੀਰ ਆਲਮ ਦੇ ਈ. ਡੀ. ਰਿਮਾਂਡ 'ਚ ਸੋਮਵਾਰ ਤਿੰਨ ਦਿਨ ਦਾ ਵਾਧਾ ਕਰ ਦਿੱਤਾ। ਇਹ



ਜਾਣਕਾਰੀ ਉਸ ਦੇ ਵਕੀਲਾਂ ਨੇ ਦਿੱਤੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ 2 ਦਿਨ ਦੀ ਪੁੱਛਗਿੱਛ ਪਿੱਛੋਂ 15 ਮਈ ਨੂੰ ਆਲਮ ਨੂੰ ਹਿਰਾਸਤ 'ਚ ਲਿਆ ਸੀ। ਅਦਾਲਤ ਨੇ ਪਹਿਲਾਂ ਆਲਮ ਨੂੰ 17 ਮਈ ਨੂੰ 6 ਦਿਨਾਂ ਦੀ ਹਿਰਾਸਤ 'ਚ ਭੇਜ ਦਿੱਤਾ ਸੀ। ਬਾਅਦ 'ਚ 22 ਮਈ ਨੂੰ ਉਸ ਦੀ ਹਿਰਾਸਤ 'ਚ 5 ਦਿਨ ਦਾ ਵਾਧਾ ਕੀਤਾ ਗਿਆ ਸੀ। ਆਲਮ ਦੇ ਵਕੀਲ ਨੇ ਕਿਹਾ ਕਿ ਈ. ਡੀ. ਨੇ ਹੋਰ ਪੁੱਛਗਿੱਛ ਲਈ ਹਿਰਾਸਤ ਦੀ ਮਿਆਦ ਤਿੰਨ ਦਿਨ ਵਧਾਉਣ ਦੀ ਬੇਨਤੀ ਕੀਤੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ।

# ਚੋਣਾਂ 'ਚ ਹਾਰ ਲਈ ਰਾਹੁਲ ਅਤੇ ਅਖਿਲੇਸ਼ ਈ.ਵੀ.ਐੱਮ. ਨੂੰ ਠਹਿਰਾਉਣਗੇ ਜ਼ਿੰਮੇਵਾਰ : ਅਮਿਤ ਸ਼ਾਹ

**ਸਿੰਮੀ ਕੌਰ ਬੱਬਰ**

ਮਹਰਾਜਗੰਜ 29 ਮਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਸਮਾਜਵਾਦੀ ਪਾਰਟੀ (ਸਪਾ) ਅਤੇ ਕਾਂਗਰਸ 'ਤੇ ਤੰਜ ਕੱਸਦੇ ਹੋਏ ਕਿਹਾ ਕਿ ਇਨ੍ਹਾਂ ਨੇ ਤੈਅ ਕਰ ਲਿਆ ਹੈ ਕਿ ਲੋਕ ਸਭਾ ਚੋਣਾਂ 'ਚ ਹਾਰ ਦਾ ਦੋਸ਼ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ.) 'ਤੇ ਲਗਾਉਣਾ ਹੈ। ਸ਼ਾਹ ਨੇ ਇੱਥੇ ਪਾਰਟੀ ਦੇ ਉਮੀਦਵਾਰ ਪੰਕਜ ਚੌਧਰੀ ਦੇ ਸਮਰਥਨ 'ਚ ਇਕ ਜਨਸਭਾ ਨੂੰ ਸੰਬੋਧਨ ਕਰਦੇ ਹੋਏ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਚੋਣਾਂ ਦੇ ਪਹਿਲੇ 5 ਪੜਾਵਾਂ 'ਚ ਹੀ ਬਹੁਮਤ ਹਾਸਲ ਕਰ ਚੁੱਕੀ ਹੈ। ਉਨ੍ਹਾਂ ਕਿਹਾ,"ਚਾਰ ਜੂਨ ਨੂੰ ਵੋਟਾਂ ਦੀ ਗਿਣਤੀ ਹੈ। ਚਾਰ ਤਾਰੀਖ ਦੁਪਹਿਰ ਨੂੰ ਦੋਵੇਂ ਸ਼ਹਿਜਾਦੇ (ਰਾਹੁਲ ਗਾਂਧੀ ਅਤੇ ਅਖਿਲੇਸ਼ ਯਾਦਵ) ਪੱਤਰਕਾਰ ਸੰਮੇਲਨ ਕਰਨਗੇ ਅਤੇ ਕਹਿਣਗੇ ਕਿ ਈ.ਵੀ.ਐੱਮ. ਖਰਾਬ ਸੀ ਇਸ ਲਈ ਅਸੀਂ ਚੋਣਾਂ ਹਾਰ ਗਏ।" ਸ਼ਾਹ ਨੇ ਦਾਅਵਾ ਕੀਤਾ,"5 ਪੜਾਵਾਂ 'ਚ ਭਾਜਪਾ ਨੇ 310 ਸੀਟਾਂ ਦਾ ਅੰਕੜਾ ਪਾਰ ਕਰ ਲਿਆ ਹੈ। ਰਾਹੁਲ ਬਾਬਾ ਤੁਹਾਡੀ ਪਾਰਟੀ 40 ਦੇ ਅੰਕੜੇ ਨੂੰ ਵੀ ਪਾਰ ਨਹੀਂ ਕਰ ਸਕੇਗੀ ਅਤੇ ਸਮਾਜਵਾਦੀ ਪਾਰਟੀ ਚਾਰ ਸੀਟਾਂ ਦੇ ਅੰਦਰ ਹੀ ਸਿਮਟ ਜਾਵੇਗੀ।" ਸ਼ਾਹ ਨੇ



ਕਿਹਾ ਕਿ ਵਿਰੋਧੀ ਧਿਰ ਦੇ 'ਇੰਡੀਅਨ ਨੈਸ਼ਨਲ ਡੈਵਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ)' ਕੋਲ ਪ੍ਰਧਾਨ ਮੰਤਰੀ ਅਹੁਦੇ ਦਾ ਕੋਈ ਉਮੀਦਵਾਰ ਹੀ ਨਹੀਂ ਹੈ ਅਤੇ 130 ਕਰੋੜ ਦੇ ਭਾਰਤ 'ਚ ਵਾਰੀ-ਵਾਰੀ ਵਾਲੇ ਪ੍ਰਧਾਨ ਮੰਤਰੀ ਨਹੀਂ ਚੱਲ ਸਕਦੇ। ਉਨ੍ਹਾਂ ਕਿਹਾ,"ਭਰਾਵੋ ਅਤੇ ਭੈਣੋ, ਇਹ ਕਰਿਆਨੇ ਦੀ ਦੁਕਾਨ ਨਹੀਂ ਹੈ। ਇਹ 130 ਕਰੋੜ ਦਾ ਮਹਾਨ ਭਾਰਤ ਹੈ। ਵਿਰੋਧੀ ਧਿਰ 'ਤੇ ਨਿਸਾਨਾ ਸਾਧਦੇ ਹੋਏ ਸਾਹ ਨੇ ਕਿਹਾ ਕਿ ਕਾਂਗਰਸ ਨੇਤਾ ਕਹਿੰਦੇ ਹਨ ਕਿ ਪਾਕਿਸਤਾਨ ਕੋਲ ਪਰਮਾਣੂ ਬੰਬ ਹੈ ਪਰ ਭਾਜਪਾ ਦੇ ਲੋਕ ਪਰਮਾਣੂ ਬੰਬ ਤੋਂ ਨਹੀਂ ਡਰਦੇ। ਉਨ੍ਹਾਂ ਕਿਹਾ,"ਪਾਕਿਸਤਾਨ ਦੇ ਕਬਜੇ ਵਾਲਾ ਕਸਮੀਰ ਭਾਰਤ ਦਾ ਹਿੱਸਾ ਹੈ ਅਤੇ ਰਹੇਗਾ ਅਤੇ ਅਸੀਂ ਇਸ ਨੂੰ ਵਾਪਸ ਲੈ ਲਵਾਂਗੇ।" ਪ੍ਰਧਾਨ ਮੰਤਰੀ ਮੋਦੀ ਨੇ ਪੀੜਤਾਂ ਦੇ ਪੈਸੇ ਵਾਪਸ ਕਰਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਹੁਣ ਤੱਕ ਸਾਢੇ ਤਿੰਨ ਲੱਖ ਲੋਕਾਂ ਨੂੰ ਪੈਸੇ ਮੁਹੱਈਆ ਕਰਵਾਏ ਜਾ ਚੁੱਕੇ ਹਨ। ਭਵਿੱਖ 'ਚ ਸਾਢੇ ਤਿੰਨ ਕਰੋੜ ਲੋਕਾਂ ਨੂੰ 85 ਹਜਾਰ ਕਰੋੜ ਰੁਪਏ ਵਾਪਸ ਕੀਤੇ ਜਾਣਗੇ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸਾਹ ਨੇ ਕਿਹਾ ਕਿ ਅੱਜ ਚੌਧਰੀ ਚਰਨ ਸਿੰਘ ਦੀ ਬਰਸੀ ਹੈ। ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਭਾਰਤ ਰਤਨ ਦਿੱਤਾ ਅਤੇ ਉੱਤਰ ਪ੍ਰਦੇਸ ਦੇ ਸਾਰੇ ਕਿਸਾਨਾਂ ਦਾ ਸਨਮਾਨ ਕੀਤਾ।

## ਦਿੱਲੀ 'ਚ ਗਰਮੀ ਨੇ ਤੋੜੇ ਸਾਰੇ ਰਿਕਾਰਡ, 52 ਡਿਗਰੀ ਦੇ ਪਾਰ ਪੁੱਜਾ ਤਾਪਮਾਨ

ਨਵੀਂ ਦਿੱਲੀ 29 ਮਈ। ਦਿੱਲੀ ਵਿਚ ਇਸ ਸਮੇਂ ਭਿਆਨਕ ਗਰਮੀ ਪੈ ਰਹੀ ਹੈ। ਦਿੱਲੀ ਦੇ ਮੁੰਗੇਸਪੁਰ ਖੇਤਰ ਵਿਚ ਬੁੱਧਵਾਰ ਨੂੰ ਵੱਧ ਤੋਂ ਵੱਧ ਤਾਪਮਾਨ 52.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਰਾਸਟਰੀ ਰਾਜਧਾਨੀ 'ਚ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਮੰਗਲਵਾਰ ਨੂੰ ਉੱਤਰ-ਪੱਛਮੀ ਦਿੱਲੀ 'ਚ ਸਥਿਤ ਮੁਗੇਸਪੁਰ 'ਚ 49.9 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਮੌਸਮ ਵਿਭਾਗ ਦੀ ਵੈੱਬਸਾਈਟ ਮੁਤਾਬਕ ਇਕ ਦਿਨ ਬਾਅਦ ਯਾਨੀ ਕਿ ਬੁੱਧਵਾਰ ਨੂੰ ਤਾਪਮਾਨ ਹੋਰ ਵਧ ਗਿਆ ਅਤੇ ਮੌਸਮ ਕੇਂਦਰ ਨੇ ਸਾਮ 4.14 ਵਜੇ ਵੱਧ ਤੋਂ ਵੱਧ ਤਾਪਮਾਨ 52.3 ਡਿਗਰੀ ਸੈਲਸੀਅਸ ਦਰਜ ਕੀਤਾ। ਭਾਰਤੀ ਮੌਸਮ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਦਿੱਲੀ ਵਿਚ ਦਰਜ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਹੈ। ਇਸ ਤੋਂ ਪਹਿਲਾਂ ਮਈ 2022 ਵਿਚ ਰਾਸਟਰੀ ਰਾਜਧਾਨੀ 'ਚ ਸਭ ਤੋਂ ਵੱਧ ਤਾਪਮਾਨ 49.2 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ। 28 ਮਈ ਤੋਂ ਪਹਿਲਾਂ 16 ਮਈ 2022 ਨੂੰ ਸਹਿਰ ਦਾ ਸਭ ਤੋਂ ਵੱਧ ਤਾਪਮਾਨ 49.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ।

# ਪੰਜਾਬੀਆਂ ਨੂੰ ਧਮਕਾਉਣ ਦੀ ਗਲਤੀ ਨਾ ਕਰਨ ਅਮਿਤ ਸ਼ਾਹ, ਨਹੀਂ ਤਾਂ ਉਲਟਾ ਅਸਰ ਹੋਵੇਗਾ : ਮਾਨ

**ਏਜੰਸੀਆਂ**

ਬਠਿੰਡਾ 29 ਮਈ। ਲੋਕ ਸਭਾ ਚੋਣਾਂ ਦੇ ਮੱਦੇਨਜਰ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਲਗਾਤਾਰ ਚੋਣ ਪ੍ਰਚਾਰ ਕਰ ਰਹੇ ਹਨ। ਅੱਜ ਪੰਜਾਬ ਦੇ ਮੁੱਖ ਮੰਤਰੀ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਬਠਿੰਡਾ ਪ੍ਰੈੱਸ ਕਾਨਫਰੰਸ ਕੀਤੀ ਗਈ । ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨੇ ਵਿੰਨ੍ਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਲੁਧਿਆਣਾ ਪਹੁੰਚੇ ਸੀ ਜਿਥੇ ਉਨ੍ਹਾਂ ਨੇ ਲੋਕਾਂ ਕੋਲੋਂ ਵੋਟਾਂ ਮੰਗਣੀਆਂ ਸੀ ਪਰ ਉੱਥੇ ਉਹ ਪੰਜਾਬੀਆਂ ਨੂੰ ਧਮਕੀ ਦੇ ਕੇ ਗਏ ਹਨ। ਉਨ੍ਹਾਂ ਦੱਸਿਆ ਕਿ ਅਮਿਤ ਸ਼ਾਹ ਕਿਹਾ ਕਿ 4 ਜੂਨ ਤੋਂ ਬਾਅਦ ਭਗਵੰਤ ਮਾਨ ਦੀ ਸਰਕਾਰ ਤੋੜ ਦੇਵਾਂਗੇ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਇਹ ਹੋਰਨਾਂ ਪਾਰਟੀਆਂ ਦੇ ਵਿਧਾਇਕ ਖਰੀਦਦੇ ਰਹੇ ਹਨ ਤੇ ਹੁਣ ਇਹ ਕਹਿ ਰਹੇ ਹਨ। ਉਨ੍ਹਾਂ ਕਿਹਾ ਪੰਜਾਬੀਆਂ ਨੇ ਸਭ ਤੋਂ ਵੱਧ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ ਤੇ ਇਹ ਦੇਸ਼ ਦੇ ਗ੍ਰਹਿ ਮੰਤਰੀ ਬਣ ਕੇ ਸਾਨੂੰ ਧਮਕੀਆਂ ਦੇਣ ਆ ਗਏ ਹਨ। ਮੁੱਖ ਮੰਤਰੀ ਮਾਨ ਨੇ ਕਿਹਾ ਸਾਡੇ ਕੋਲੋਂ ਪਿਆਰ ਨਾਲ ਜੋ ਮਰਜੀ ਕਰਾ ਲਵੋ ਪਰ ਜੇ ਪੰਜਾਬੀਆਂ ਨੂੰ ਕੋਈ ਧਮਕੀ ਦੇਵੇਗਾ ਤਾਂ ਇਸ ਦਾ ਬਹੁਤ ਹੀ ਉਲਟਾ ਅਸਰ



ਹੋਵੇਗਾ ਇਹ ਸਭ ਤਾਂ ਇਨ੍ਹਾਂ ਨੇ ਕਿਸਾਨਾਂ ਦੇ ਅੰਨਦੋਲਨ 'ਚ ਵੀ ਦੇਖ ਹੀ ਲਿਆ ਹੋਵੇਗਾ। ਮੁੱਖ ਮੰਤਰੀ ਮਾਨ ਨੇ ਕਿਹਾ ਪ੍ਰਧਾਨ ਮੰਤਰੀ ਮੋਦੀ ਕਿਸਾਨਾਂ ਨਾਲ ਡੇਢ ਸਾਲ ਤੱਕ ਜ਼ਿੱਦ ਕਰਕੇ ਬੈਠਾ ਰਹੇ ਪਰ ਆਖਿਰ ਮੁਆਫੀ ਮੰਗਣੀ ਪੈ ਗਈ ਮੁੱਖ ਮੰਤਰੀ ਮਾਨ ਨੇ ਕਿਹਾ ਇਹ ਕੇਂਦਰ ਮੰਤਰੀ ਬਹੁਤ ਵੱਡੀ ਗਲਤਫੈਮੀ 'ਚ ਹਨ ਕਿ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਤੋੜ ਦੇਣਗੇ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਲੋਕ ਸਿਰਫ ਇਹ ਤਿੰਨ ਸਾਲ ਨਹੀਂ ਸਗੋਂ ਅਗਲੇ 15 ਸਾਲ ਤੱਕ ਮਨ ਬਣਾਈ ਬੈਠੇ ਹਨ। ਉਨ੍ਹਾਂ ਕਿਹਾ 7 ਸਾਡੇ ਰਾਜ ਸਭਾ ਮੈਂਬਰ ਹਨ, 13 ਹੁਣ ਲੋਕ ਸਭਾ 'ਚ ਜਾ ਰਹੇ ਹਨ, 4 ਦਿੱਲੀ ਤੋਂ, 1 ਕੁਰੂਕਸ਼ੇਤਰ ਤੋਂ, 2 ਗੁਜਰਾਤ, 2 ਆਸਾਮ ਅਤੇ 3 ਦਿੱਲੀ ਤੋਂ ਰਾਜ ਸਭਾ ਮੈਂਬਰ ਹਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਆਮ ਆਦਮੀ ਪਾਰਟੀ 4 ਜੂਨ ਨੂੰ ਬਹੁਤ ਵੱਡੀ ਪਾਰਟੀ ਬਣ ਕੇ ਉਭਰੇਗੀ । ਉਨ੍ਹਾਂ ਕਿਹਾ ਕਿਸੇ ਦੇਸ਼ ਦਾ ਪ੍ਰਧਾਨ ਮੰਤਰੀ ਇਸ ਲੈਵਲ ਤੱਕ ਬੋਲਦਾ ਵੇਖਿਆ ਜਿਵੇਂ ਮੋਦੀ ਜੀ ਕਹਿੰਦੇ ਹਨ ਜੇਕਰ ਸਾਨੂੰ ਵੋਟ ਨਾ ਪਾਈ ਤਾਂ ਇੰਡੀਆ ਗਠਜੋੜ ਵਾਲੇ ਤੁਹਾਡੀ ਤਿੰਨ ਬਕਰੀਆਂ 'ਚੋਂ ਦੋ ਬਕਰੀ ਲੈ ਜਾਣਗੇ। ਇਸ ਤੋਂ ਪਤਾ ਲਗਦਾ ਹੈ ਕਿ ਇਹ ਸਰਪੰਚ ਲੈਵਲ ਤੱਕ ਵੀ ਨਹੀਂ ਹਨ। ਮੁੱਖ ਮੰਤਰੀ ਮਾਨ ਨੇ ਕਿਹਾ ਆਮ ਆਦਮੀ ਪਾਰਟੀ ਨਾਂ ਦੀ ਸਿਆਸਤ ਨਹੀਂ ਕੰਮ ਦੀ ਕਰਦੀ ਹੈ। ਉਨ੍ਹਾਂ ਕਿਹਾ ਪ੍ਰਧਾਨ ਮੰਤਰੀ ਆਪਣੇ 10 ਸਾਲਾਂ 'ਚ ਇਕ ਸਕੂਲ, ਇਕ ਨੌਕਰੀ ਤੱਕ ਨਹੀਂ ਗਿਣਾ ਸਕੇ ਅਸੀਂ ਤਾਂ ਫਿਰ ਵੀ 2 ਸਾਲਾਂ 'ਚ ਜੋ ਕੰਮ ਕੀਤੇ ਹਨ ਉਸ ਲਈ ਵੋਟ ਮੰਗ ਰਹੇ ਹਾਂ।

## ਹਿਮਾਚਲ ਪ੍ਰਦੇਸ਼ 'ਚ ਸੈਰ-ਸਪਾਟਾ ਖੇਤਰ ਨੂੰ ਨੁਕਸਾਨ ਪਹੁੰਚਾ ਰਹੀ ਹੈ ਕੇਂਦਰ ਸਰਕਾਰ : ਪ੍ਰਿਯੰਕਾ ਗਾਂਧੀ

ਸ਼ਿਮਲਾ 29 ਮਈ। ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਬੁੱਧਵਾਰ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਿਮਾਚਲ ਪ੍ਰਦੇਸ਼ 'ਚ ਸੈਰ-ਸਪਾਟਾ ਖੇਤਰ ਸਮੇਤ ਛੋਟੇ ਅਤੇ ਮੱਧਮ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ। ਕੁੱਲੂ 'ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਦੋਸ਼ ਲਗਾਇਆ ਕਿ ਕੋਵਿਡ ਟੀਕਿਆਂ ਕਾਰਨ ਲੋਕ ਹੁਣ ਮਰ ਰਹੇ ਹਨ, ਜਦੋਂ ਕਿ ਭਾਜਪਾ ਨੇ ਟੀਕੇ ਬਣਾਉਣ ਵਾਲਿਆਂ 'ਚੋਂ ਇਕ ਤੋਂ 52 ਕਰੋੜ ਰੁਪਏ ਦਾ ਚੰਦਾ ਲਿਆ ਸੀ। ਉਨ੍ਹਾਂ ਕਿਹਾ ਜੇਕਰ 'ਇੰਡੀਆ' ਗਠਜੋੜ ਦੀ ਸਰਕਾਰ ਬਣੀ ਤਾਂ ਰਾਜ ਦੀਆਂ ਗਰੀਬ ਔਰਤਾਂ ਨੂੰ ਹਰ ਮਹੀਨੇ 10 ਹਜਾਰ ਰੁਪਏ- ਲੋਕ ਸਭਾ ਚੋਣਾਂ



ਦੇ ਮੈਨੀਫੈਸਟੋ 'ਚ ਐਲਾਨੇ 8500 ਰੁਪਏ ਅਤੇ ਹਿਮਾਚਲ ਪ੍ਰਦੇਸ਼ 'ਚ ਪਾਰਟੀ ਦੀ ਸਰਕਾਰ ਦੇ ਵਾਅਦੇ ਅਨੁਸਾਰ 1,500 ਰੁਪਏ ਮਿਲਣਗੇ। ਪ੍ਰਿਯੰਕਾ ਗਾਂਧੀ ਮੰਡੀ ਲੋਕ ਸਭਾ ਖੇਤਰ ਤੋਂ ਕਾਂਗਰਸ ਦੇ ਉਮੀਦਵਾਰ ਵਿਕਰਮਾਦਿੱਤਿਆ ਸਿੰਘ ਦੇ ਸਮਰਥਨ 'ਚ ਇਕ ਜਨ ਸਭਾ ਨੂੰ ਸੰਬੋਧਨ ਕਰ ਰਹੀ ਸੀ।

## ਪ੍ਰਧਾਨ ਮੰਤਰੀ ਮੋਦੀ ਨੇ ਅੰਬਾਨੀ-ਅਡਾਨੀ ਦੇ ਫਾਇਦੇ ਲਈ ਖਤਮ ਕੀਤੇ ਪੰਜਾਬ ਦੇ ਛੋਟੇ ਉਦਯੋਗਪਤੀ: ਰਾਹੁਲ ਗਾਂਧੀ

ਲੁਧਿਆਣਾ 29 ਮਈ। ਅੱਜ ਰਾਹੁਲ ਗਾਂਧੀ ਨੇ ਲੁਧਿਆਣਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਹੱਕ ਵਿਚ ਚੋਣ ਰੈਲੀ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖੇ ਹਮਲੇ ਕੀਤੇ। ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਦੇ ਸਿਰਫ 22 ਲੋਕਾਂ ਨੂੰ ਅਮੀਰ ਬਣਾਇਆ ਹੈ। ਉਨ੍ਹਾਂ ਕਿਹਾ ਕਿ ਮੋਦੀ ਨੇ ਜੀ.ਐੱਸ.ਟੀ. ਨੋਟਬੰਦੀ ਜਿਹੇ ਫੈਸਲੇ ਲੈ ਕੇ ਪੰਜਾਬ ਦੇ ਛੋਟੇ ਉਦਯੋਗਪਤੀਆਂ ਨੂੰ ਖਤਮ ਕੀਤਾ, ਤਾਂ ਜੋ ਅੰਬਾਨੀ-ਅਡਾਨੀ ਦਾ ਫਾਇਦਾ ਹੋ ਸਕੇ। ਇਹ ਛੋਟੇ ਤੇ ਮੱਧ ਵਰਗ ਦੇ ਉਦਯੋਗਪਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਸਨ। ਮੁੱਲਾਂਪੁਰ ਦਾਖਾ ਦੀ ਦਾਣਾ ਮੰਡੀ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ



ਕਿ ਮੋਦੀ ਨੇ ਅਡਾਨੀ ਤੇ ਅੰਬਾਨੀ ਨੂੰ ਦੇਸ਼ ਦੇ ਸਾਰੇ ਸਰਕਾਰੀ ਸੰਸਥਾਨ ਵੇਚ ਦਿੱਤੇ ਤੇ 22 ਵੱਡੇ ਉਦਯੋਗਪਤੀਆਂ ਦਾ ਹਜਾਰਾਂ ਕਰੋੜ ਦਾ ਕਰਜਾ ਮੁਆਫ ਕਰ ਦਿੱਤਾ, ਜਦਕਿ ਇਸ ਪੈਸੇ ਨਾਲ ਕਿਸਾਨਾਂ ਦਾ ਕਰਜਾ ਮੁਆਫ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਰੋਜਗਾਰ ਵੀ ਦਿੱਤਾ ਜਾ ਸਕਦਾ ਸੀ। ਇਸ ਮੁੱਦੇ ਨੂੰ ਦਬਾਉਣ ਲਈ ਮੋਦੀ ਅੱਜ ਭਰਾ-ਭਰਾ ਨੂੰ ਜਾਤ ਅਤੇ ਧਰਮ ਦੇ ਨਾਂ 'ਤੇ ਲੜਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਰਾਹੁਲ ਗਾਂਦੀ ਨੇ ਕਿਹਾ ਕਿ ਭਾਜਪਾ ਦੇ ਲੋਕ ਸੰਵਿਧਾਨ ਨੂੰ ਬਦਲਣ ਦੀ ਗੱਲ ਕਰ ਰਹੇ ਹਨ, ਜਿਸ ਦੇ ਮੱਦੇਨਜਰ ਲੋਕਾਂ ਨੂੰ ਸੰਵਿਧਾਨ ਨੂੰ ਬਚਾਉਣ ਲਈ ਵੋਟ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇੰਡੀਆ ਗੱਠਜੋੜ ਦੀ ਸਰਕਾਰ ਬਣਨ 'ਤੇ ਕਿਸਾਨਾਂ ਦਾ ਕਰਜਾ ਮੁਆਫ ਕਰਨ ਦੇ ਨਾਲ-ਨਾਲ ਅਸੀਂ ਕਿਸਾਨ ਕਰਜਾ ਮੁਆਫੀ ਕਮਿਸ਼ਨ ਬਣਾਵਾਂਗੇ। ਜਿਹੜਾ ਭਵਿੱਖ ਵਿਚ ਵੀ ਲੋੜ ਪੈਣ 'ਤੇ ਕਿਸਾਨਾਂ ਦਾ ਕਰਜਾ ਮੁਆਫ ਕਰਨ ਦੀ ਸਿਫਾਰਿਸ਼ ਕਰ ਸਕੇਗਾ ਤੇ ਸਰਕਾਰ ਉਸ 'ਤੇ ਕਿਸਾਨਾਂ ਦਾ ਕਰਜਾ ਮੁਆਫ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਨੇ ਫਸਲਾਂ 'ਤੇ ਲਾਗੂ ਕਰਨ, ਔਰਤਾਂ ਤੇ ਬੇਰੋਜਗਾਰਾਂ ਦੇ ਬੈਂਕ ਖਾਤੇ ਵਿਚ ਪੈਸੇ ਪਾਉਣ, ਆਂਗਣਵਾੜੀ ਤੇ ਆਸ਼ਾ ਵਰਕਰਾਂ ਦੀ ਤਨਖਾਹ ਦੋਗੁਣੀ ਕਰਨ, ਅਗਨੀਵੀਰ ਯੋਜਨਾ ਰੱਦ ਕਰਨ ਦਾ ਵੀ ਵਾਅਦਾ ਕੀਤਾ।

## ਮੋਦੀ ਦੀ ਅਗਵਾਈ 'ਚ ਪਿਛਲੇ 10 ਸਾਲਾਂ 'ਚ ਦੇਸ਼ ਨੇ ਤਰੱਕੀ ਕੀਤੀ : ਰਾਜਨਾਥ ਸਿੰਘ

**ਨਵਦੀਪ ਸਿੰਘ ਸਾਹਨੀ**

ਜਲਾਲਾਬਾਦ/ਕੁਰਾਲੀ 29 ਮਈ। ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਭਾਜਪਾ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਦੇ ਹੱਕ 'ਚ ਜਲਾਲਾਬਾਦ ਦੀ ਦਾਣਾ ਮੰਡੀ 'ਚ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ 'ਚ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੰਬੋਧਨ ਕਰਦਿਆਂ ਜਿਥੇ ਭਾਜਪਾ ਉਮੀਦਵਾਰ ਰਾਣਾ ਗੁਰਮੀਤ ਸਿੰਘ ਦੇ ਹੱਕ 'ਚ ਲੋਕਾਂ ਨੂੰ ਫਤਵਾ ਦੇਣ ਦੀ ਅਪੀਲ ਕੀਤੀ, ਉਥੇ ਹੀ ਕਿਹਾ ਕਿ ਸੂਬੇ ਅੰਦਰ ਇਸ ਸਮੇਂ ਗੁੰਡਾਗਰਦੀ ਦਾ ਰਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਪਿਛਲੇ 10 ਸਾਲਾਂ 'ਚ ਰਿਕਾਰਡਤੋੜ ਵਿਕਾਸ ਹੋਇਆ ਹੈ। ਉਨ੍ਹਾਂ ਭਾਜਪਾ ਸਰਕਾਰ ਦੇ ਰਾਜ ਦੌਰਾਨ ਦੇਸ਼ ਅੰਦਰ ਹੋਏ ਵਿਕਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆ ਕਿਹਾ ਕਿ ਦੇਸ਼ ਵਾਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਤੋਂ ਪੂਰੀ ਤਰ੍ਹਾਂ ਖੁਸ਼ ਹਨ ਅਤੇ ਹੁਣ ਉਨ੍ਹਾਂ ਨੇ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ਦਾ ਮਨ ਬਣਾ ਲਿਆ ਹੈ। ਇਸ ਸਰਹੱਦੀ ਇਲਾਕੇ



ਦਾ ਵਿਕਾਸ ਕਰਵਾਉਣ ਲਈ ਫਿਰੋਜਪੁਰ ਤੋਂ ਭਾਜਪਾ ਉਮੀਦਵਾਰ ਨੂੰ ਜਿਤਾਓ। ਇਸ ਮੌਕੇ ਭਾਜਪਾ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਸਰਹੱਦੀ ਖੇਤਰ 'ਚ ਮੈਡੀਕਲ ਕਾਲਜ ਅਤੇ ਹੁਸੈਨੀਵਾਲਾ ਤੋਂ ਬਾਰਡਰ ਖੋਲ੍ਹਣ ਲਈ ਮੰਗ ਕੀਤੀ । ਦੂਜੇ ਪਾਸੇ ਕੁਰਾਲੀ ਦੇ ਦੁਸਹਿਰਾ ਗਰਾਊਂਡ 'ਚ ਕੀਤੀ ਗਈ ਰੈਲੀ 'ਚ ਰਾਜਨਾਥ ਸਿੰਘ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕਰਨ ਲਈ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਨਿਸਾਨਾ ਸਾਧਿਆ। ਉਨ੍ਹਾਂ ਕਿਹਾ ਕਿ ਪੀ. ਐੱਮ. ਮੋਦੀ ਦੀ ਕੁਸਲ ਅਤੇ ਮਜਬੂਤ ਲੀਡਰਸ਼ਿਪ ਕਾਰਨ ਪੰਜਾਬ ਅਤੇ ਦੇਸ ਦੀਆਂ ਸਰਹੱਦਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ। ਭਾਰਤ ਅੱਜ ਦੁਨੀਆ 'ਚ ਉਸ ਮੁਕਾਮ 'ਤੇ ਹੈ, ਜਿੱਥੇ ਸਾਰੇ ਦੇਸ ਸਾਨੂੰ ਇੱਜਤ ਨਾਲ ਦੇਖਦੇ ਹਨ ਅਤੇ ਸਾਡੇ ਦੁਸਮਣ ਦੇਸ ਵੱਲ ਦੇਖਣ ਦੀ ਹਿੰਮਤ ਨਹੀਂ ਕਰਦੇ। ਇਸ ਰੈਲੀ 'ਚ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਕੁਮਾਰ ਜਿਆਣੀ, ਅਬੋਹਰ ਤੋਂ ਵਿਧਾਇਕ ਸੰਦੀਪ ਜਾਖੜ, ਭਾਜਪਾ ਦੇ ਜ਼ਿਲਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ, ਦਰਸ਼ਨ ਲਾਲ ਵਧਵਾ ਸਮੇਤ ਵੱਡੀ ਗਿਣਤੀ 'ਚ ਭਾਜਪਾ ਦੇ ਲੀਡਰ ਅਤੇ ਵਰਕਰ ਮੌਜੂਦ ਸਨ।

# 6 ਪੜਾਅ ਪੂਰੇ ਹੋਣ 'ਤੇ 'ਇੰਡੀਆ' ਗੱਠਜੋੜ ਵੱਲ ਝੁਕੀਆਂ ਚੋਣਾਂ, ਮੋਦੀ ਖਿਲਾਫ ਲੜ ਰਹੀ ਹੈ ਜਨਤਾ: ਖੜਗੇ

**ਤੇਜਿੰਦਰ ਕੌਰ ਬੱਬਰ**

ਜਲੰਧਰ/ਨਵੀਂ ਦਿੱਲੀ 29 ਮਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੇ 6 ਪੜਾਅ ਪੂਰੇ ਹੋਣ ਤੋਂ ਬਾਅਦ ਹੁਣ ਇਹ ਚੋਣਾਂ ਕਾਂਗਰਸ ਵੱਲ ਝੁਕਦੀਆਂ ਨਜਰ ਆ ਰਹੀਆਂ ਹਨ। ਕਾਂਗਰਸ ਯਕੀਨੀ ਤੌਰ 'ਤੇ ਚੰਗਾ ਪ੍ਰਦਰਸਨ ਕਰਨ ਜਾ ਰਹੀ ਹੈ ਅਤੇ 4 ਜੂਨ ਤੋਂ ਬਾਅਦ 'ਇੰਡੀਆ' ਗੱਠਜੋੜ ਸਰਕਾਰ ਬਣਾਏਗਾ। ਜਗ ਬਾਣੀ/ਪੰਜਾਬ ਕੇਸਰੀ ਦੇ ਪੱਤਰਕਾਰ ਸੰਜੀਵ ਸਰਮਾ ਨਾਲ ਵਿਸੇਸ ਗੱਲਬਾਤ ਦੌਰਾਨ ਖੜਗੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 10 ਸਾਲਾਂ 'ਚ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਜਿਸ ਕਾਰਨ ਦੇਸ ਦੇ ਲੋਕ ਨਾਰਾਜ ਹਨ ਅਤੇ ਹੁਣ ਬਦਲਾਅ ਚਾਹੁੰਦੇ ਹਨ। ਪੇਸ ਹੈ ਖੜਗੇ ਦੀ ਪੂਰੀ ਇੰਟਰਵਿਊ :- ਦਰਅਸਲ, ਜਨਤਾ ਇਹ ਚੋਣਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਲੜ ਰਹੀ ਹੈ। ਜਨਤਾ ਨੂੰ ਕਈ ਝੂਠ ਬੋਲੇ ਗਏ ਹਨ ਅਤੇ ਜਨਤਾ ਹੁਣ ਇਨ੍ਹਾਂ ਝੂਠੇ ਵਾਅਦਿਆਂ ਤੋਂ ਤੰਗ ਆ ਚੁੱਕੀ ਹੈ। ਜਦੋਂ ਅਸੀਂ ਚੋਣ ਰੈਲੀਆਂ ਵਿਚ ਜਾਂਦੇ ਹਾਂ ਅਤੇ ਲੋਕਾਂ ਤੋਂ ਪੁੱਛਦੇ ਹਾਂ ਕਿ ਕੀ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਐਲਾਨੇ 15 ਲੱਖ ਰੁਪਏ ਮਿਲੇ ਹਨ, ਤਾਂ ਲੋਕ ਜਵਾਬ ਦਿੰਦੇ ਹਨ ਕਿ ਉਨ੍ਹਾਂ ਨੂੰ ਇਹ ਰਕਮ ਨਹੀਂ ਮਿਲੀ। ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸ ਹੱਦ ਤੱਕ ਝੂਠ ਬੋਲਦੇ ਹਨ। ਕਿਸਾਨ ਇਸ ਸਰਕਾਰ ਤੋਂ ਨਾਰਾਜ ਹਨ, ਨੌਜਵਾਨਾਂ ਇਸ ਲਈ ਨਾਰਾਜ ਹਨ ਕਿਉਂਕਿ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲੀਆਂ। ਦੇਸ਼ ਦੇ ਇਨ੍ਹਾਂ ਨੌਜਵਾਨਾਂ ਨੇ ਪਹਿਲਾਂ ਭਾਜਪਾ ਦੀ ਸਰਕਾਰ ਬਣਾਈ ਸੀ ਅਤੇ ਹੁਣ ਇਹੋ ਨੌਜਵਾਨ ਨਰਿੰਦਰ ਮੋਦੀ ਖਿਲਾਫ ਖੜ੍ਹ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹ 2 ਕਰੋੜ ਨੌਕਰੀਆਂ ਦੇਣਗੇ, ਪਰ ਕੇਂਦਰ ਸਰਕਾਰ ਨੇ ਤਾਂ ਸਰਕਾਰੀ ਵਿਭਾਗਾਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਵੀ ਨਹੀਂ ਭਰਿਆ। ਕਿਸਾਨਾਂ ਨੂੰ ਕਿਹਾ ਗਿਆ ਸੀ ਕਿ ਉਨ੍ਹਾਂ ਦੀ ਆਮਦਨ ਦੁੱਗਣੀ ਕੀਤੀ ਜਾਵੇਗੀ ਪਰ ਇਹ ਵਾਅਦਾ ਵੀ ਪੂਰਾ ਨਹੀਂ ਹੋਇਆ। ਅੱਜ ਜਦੋਂ ਕੋਈ ਕਿਸਾਨ ਖੇਤੀ ਦਾ ਸਾਮਾਨ ਖਰੀਦਣ ਜਾਂਦਾ ਹੈ ਤਾਂ ਉਸ ਨੂੰ ਉਹ ਮਹਿੰਗੇ ਭਾਅ ਮਿਲਦਾ ਹੈ। ਪਰ ਉਸਦੀ ਆਮਦਨ ਵਿਚ ਵਾਧਾ ਨਹੀਂ ਹੋ ਰਿਹਾ ਹੈ। ਦੇਸ ਵਿਚ ਲੋਕਾਂ ਦੇ ਸਿਰ ਉੱਤੇ ਛੱਤ ਨਹੀਂ ਹੈ। ਹਰ ਵਰਗ ਇਸ ਸਰਕਾਰ ਤੋਂ ਨਾਰਾਜ ਨਜਰ ਆ ਰਿਹਾ ਹੈ। ਅਸੀਂ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਦੇ ਹੱਕ ਲਈ ਲੜ ਰਹੇ ਹਾਂ ਅਤੇ ਲੋਕ ਮੁੱਦਿਆਂ 'ਤੇ ਹੀ ਅੱਗੇ ਵਧ ਰਹੇ ਹਾਂ। ਪੰਜਾਬ ਵਿਚ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਕਿਸਾਨਾਂ ਦੀ ਕਰਜਾ ਮੁਆਫੀ ਇਕ ਵੱਡਾ ਮੁੱਦਾ ਹੈ। ਇਸ ਤੋਂ ਇਲਾਵਾ ਖੇਤੀ ਨਾਲ ਸਬੰਧਤ ਹੋਰ ਧੰਦਿਆਂ ਵਿਚ ਲੋਕਾਂ ਨੂੰ ਹੋਣ ਵਾਲਾ ਨੁਕਸਾਨ ਵੀ ਇਕ ਮੁੱਦਾ ਹੈ। ਜੇਕਰ ਅਸੀਂ ਸੱਤਾ



'ਚ ਆਏ ਤਾਂ ਸਭ ਤੋਂ ਪਹਿਲਾਂ ਫਸਲਾਂ 'ਤੇ ਪੂਰਾ ਐੱਮ. ਐੱਸ. ਪੀ. ਦੇਵਾਂਗੇ ਅਤੇ ਨਾਲ ਹੀ ਕਿਸਾਨਾਂ ਦੇ ਕਰਜੇ ਵੀ ਮੁਆਫ ਕੀਤੇ ਜਾਣਗੇ। ਇਸ ਤੋਂ ਇਲਾਵਾ ਖੇਤੀ ਨਾਲ ਸਬੰਧਤ ਵਸਤਾਂ 'ਤੇ ਜੀ. ਐੱਸ. ਟੀ. ਨੂੰ ਹਟਾ ਦਿੱਤਾ ਜਾਵੇਗਾ। ਖੇਤੀ ਦੇ ਸੰਦ ਅਤੇ ਮਸੀਨਾਂ ਸਸਤੀਆਂ ਕੀਤੀਆਂ ਜਾਣਗੀਆਂ ਤਾਂ ਜੋ ਕਿਸਾਨਾਂ ਨੂੰ ਰਾਹਤ ਮਿਲ ਸਕੇ। ਇਹ ਚੋਣਾਂ ਤੋਂ ਬਾਅਦ ਦੀ ਗੱਲ ਹੈ। ਇਸ ਬਾਰੇ ਪਹਿਲਾਂ ਟਿੱਪਣੀ ਕਰਨਾ ਉਚਿਤ ਨਹੀਂ ਹੈ। ਅਸੀਂ 400 ਪਾਰ ਜਾਂ 600 ਪਾਰ ਕਹਿਣਾ ਨਹੀਂ ਚਾਹੁੰਦੇ। ਇਸ ਦਾ ਲੋਕ ਮਜਾਕ ਉਡਾਉਂਦੇ ਹਨ। 400 ਪਾਰ ਤਾਂ ਹੀ ਸੰਭਵ ਹੈ, ਜਦੋਂ ਕੋਈ ਅਜਿਹਾ ਜਾਦੂ ਹੋ ਜਾਵੇ ਕਿ ਈ. ਵੀ. ਐੱਮ. ਵਿਚ ਪਾਈ ਗਈ ਹਰੇਕ ਵੋਟ ਭਾਜਪਾ ਨੂੰ ਚਲੀ ਜਾਵੇ, ਪਰ ਅਜਿਹਾ ਨਹੀਂ ਹੋਣ ਜਾ ਰਿਹਾ ਅਤੇ ਇਹ ਸਿਰਫ ਇਕ ਨਾਅਰਾ ਹੀ ਰਹਿ ਜਾਵੇਗਾ। ਅਸੀਂ ਯਕੀਨੀ ਤੌਰ 'ਤੇ ਕਰਨਾਟਕ, ਤੇਲੰਗਾਨਾ, ਕੇਰਲ, ਤਾਮਿਲਨਾਡੂ, ਮਹਾਰਾਸਟਰ, ਰਾਜਸਥਾਨ ਅਤੇ ਮੱਧ ਪ੍ਰਦੇਸ ਵਿਚ ਚੰਗਾ ਪ੍ਰਦਰਸਨ ਕਰ ਰਹੇ ਹਾਂ ਅਤੇ ਸਾਡੀਆਂ ਸੀਟਾਂ ਵਧ ਰਹੀਆਂ ਹਨ। ਜੇਕਰ ਇਨ੍ਹਾਂ ਰਾਜਾਂ ਵਿਚ ਸਾਡੀਆਂ ਸੀਟਾਂ ਵੱਧ ਰਹੀਆਂ ਹਨ ਤਾਂ ਭਾਜਪਾ 400 ਤੋਂ ਪਾਰ ਕਿਵੇਂ ਜਾ ਰਹੀ ਹੈ? ਇਹ ਉਦੋਂ ਹੀ ਸੰਭਵ ਹੈ, ਜਦੋਂ ਭਾਜਪਾ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ ਵਿਚ ਵੱਡੀ ਗਿਣਤੀ ਵਿਚ ਸੀਟਾਂ ਜਿੱਤਦੀ ਹੈ ਅਤੇ ਭਾਜਪਾ ਇਨ੍ਹਾਂ ਦੋਵਾਂ ਰਾਜਾਂ ਵਿਚ ਨਹੀਂ ਜਿੱਤ ਰਹੀ ਹੈ। ਅਸੀਂ ਰਾਜਸਥਾਨ ਅਤੇ ਮੱਧ ਪ੍ਰਦੇਸ ਵਿਚ 10 ਤੋਂ ਵੱਧ ਸੀਟਾਂ ਜਿੱਤ ਰਹੇ ਹਾਂ ਅਤੇ ਇਨ੍ਹਾਂ ਰਾਜਾਂ ਵਿਚ ਭਾਜਪਾ ਦੇ ਅੰਕੜੇ ਘਟਦੇ ਜਾ ਰਹੇ ਹਨ। ਉੱਤਰ ਪ੍ਰਦੇਸ ਵਿਚ ਇਸ ਵਾਰ ਗੱਠਜੋੜ ਬਹੁਤ ਵਧੀਆ ਪ੍ਰਦਰਸਨ ਕਰਨ ਜਾ ਰਿਹਾ ਹੈ। ਇਹ ਰੈਲੀਆਂ 'ਚ ਉਮੜ ਰਹੀ ਭੀੜ ਤੋਂ ਸਪੱਸਟ ਹੋ ਰਿਹਾ ਹੈ ਅਤੇ ਲੋਕ ਆਪਣਾ ਫੈਸਲਾ ਗੱਠਜੋੜ ਦੇ ਹੱਕ ਵਿਚ ਦੇਣ ਜਾ ਰਹੇ ਹਨ। ਉੱਤਰ ਪ੍ਰਦੇਸ ਵਿਚ ਹੀ ਨਹੀਂ, ਅਸੀਂ ਬਿਹਾਰ ਵਿਚ ਵੀ ਚੰਗਾ ਪ੍ਰਦਰਸਨ ਕਰਨ ਜਾ ਰਹੇ ਹਾਂ ਅਤੇ ਓਡਿਸ਼ਾ ਵਿਚ ਵੀ ਕਾਂਗਰਸ ਦੀਆਂ ਸੀਟਾਂ ਵਧ ਰਹੀਆਂ ਹਨ। ਗੱਠਜੋੜ ਵਿਚ ਪ੍ਰਧਾਨ ਮੰਤਰੀ ਦੇ ਚਿਹਰੇ ਦਾ ਐਲਾਨ ਚੋਣ ਨਤੀਜਿਆਂ ਤੋਂ ਪਹਿਲਾਂ ਨਹੀਂ ਹੁੰਦਾ, ਇਹ ਚੋਣ ਨਤੀਜਿਆਂ ਤੋਂ ਬਾਅਦ ਦੀ ਗੱਲ ਹੈ। ਕਾਂਗਰਸ ਨੇ ਰਾਹੁਲ ਗਾਂਧੀ ਨੂੰ ਆਪਣਾ ਆਗੂ ਬਣਾਇਆ ਹੈ ਅਤੇ ਹੋਰ ਪਾਰਟੀਆਂ ਕੋਲ ਵੀ ਪ੍ਰਧਾਨ ਮੰਤਰੀ ਬਣ ਸਕਣ ਵਾਲੇ ਕਈ ਕਾਬਲ ਆਗੂ ਹਨ। ਪਰ ਇਹ ਗੱਠਜੋੜ ਭਾਈਵਾਲ ਇਕੱਠੇ ਬੈਠ ਕੇ ਫੈਸਲਾ ਕਰਨਗੇ ਕਿ ਚੋਣ ਨਤੀਜਿਆਂ ਤੋਂ ਬਾਅਦ ਹੀ ਦੇਸ ਦਾ ਪ੍ਰਧਾਨ ਮੰਤਰੀ ਕੌਣ ਹੋਵੇਗਾ? 2004 ਵਿਚ ਵੀ ਕਿਸੇ ਦਾ ਚਿਹਰਾ ਸਾਹਮਣੇ ਰੱਖ ਕੇ ਚੋਣਾਂ ਨਹੀਂ ਲੜੀਆਂ ਗਈਆਂ ਸਨ ਅਤੇ ਉਸ ਸਮੇਂ ਜਦੋਂ ਕਾਂਗਰਸ ਦੀ ਨੇਤਾ ਸੋਨੀਆ ਗਾਂਧੀ ਦੇ ਨਾਂ 'ਤੇ ਸਹਿਮਤੀ ਬਣੀ ਤਾਂ ਉਨ੍ਹਾਂ ਨੇ ਮਨਮੋਹਨ ਸਿੰਘ ਦਾ ਨਾਂ ਸੁਝਾਇਆ ਅਤੇ ਸਾਰੀਆਂ ਸਹਿਯੋਗੀ ਪਾਰਟੀਆਂ ਨੇ ਇਸ 'ਤੇ ਸਹਿਮਤੀ ਦਿੱਤੀ। ਉਹ ਚਾਹੁੰਦੀ ਸੀ ਕਿ ਦੇਸ ਦੇ ਹਿੱਤ ਵਿਚ ਕੰਮ ਕਰਨ ਵਾਲੇ ਕਿਸੇ ਆਰਥਿਕ ਮਾਹਿਰ ਨੂੰ ਦੇਸ ਦੀ ਕਮਾਨ ਸੌਂਪੀ ਜਾਵੇ। ਉਨ੍ਹਾਂ ਨੇ 10 ਸਾਲਾਂ ਤੱਕ ਗੱਠਜੋੜ ਦੀ ਸਰਕਾਰ ਸਫਲਤਾਪੂਰਵਕ ਚਲਾਈ। ਇਸ ਤੋਂ ਪਹਿਲਾਂ ਨਰਸਿਮ੍ਹਾ ਰਾਓ ਨੇ ਵੀ 10 ਸਾਲ ਗੱਠਜੋੜ ਦੀ ਸਰਕਾਰ ਚਲਾਈ ਸੀ

# ਭਿਅੰਕਰ ਬੀਮਾਰੀ ਨਾਲ 7 ਦੁਧਾਰੂ ਪਸ਼ੂਆਂ ਦੀ ਹੋਈ ਮੌਤ-ਕਿਸਾਨ ਦਾ ਹੋਇਆ ਲੱਖਾਂ ਰੁਪਏ ਦਾ ਨੁਕਸਾਨ

ਤਪਾ ਮੰਡੀ 29 ਮਈ। ਬੀਤੀ ਰਾਤ ਪਿੰਡ ਢਿਲਵਾਂ ਵਿਖੇ ਨੇੜੇ ਪੈਟਰੋਲ ਪੰਪ ਦੀ ਬੈਕ ਸਾਈਡ 'ਤੇ ਇਕ ਗਰੀਬ ਕਿਸਾਨ ਪਰਿਵਾਰ ਦੀਆਂ 7 ਦੁਧਾਰੂ ਪਸ਼ੂ ਕਿਸੇ ਭਿਅੰਕਰ ਬੀਮਾਰੀ ਕਾਰਨ ਮਰ ਗਈਆਂ ਜਿਨ੍ਹਾਂ ਦੀ ਅੰਦਾਜਨ ਕੀਮਤ 8 ਲੱਖ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ। ਇਸ ਘਟਨਾ ਨਾਲ ਪਿੰਡ ਨਿਵਾਸੀਆਂ 'ਚ ਭਾਰੀ ਸਹਿਮ ਪਾਇਆ ਜਾ ਰਿਹਾ ਹੈ ਅਤੇ ਪਰਿਵਾਰ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਹੈ। ਇਸ ਸਬੰਧੀ ਕਿਸਾਨ ਜਗਤਾਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਨੱਥਾ ਪੱਤੀ ਤਪਾ ਨੇ ਦੱਸਿਆ ਕਿ ਜਦ ਸ਼ਾਮ ਕੋਈ 6 ਵਜੇ ਦੇ ਕਰੀਬ ਉਨ੍ਹਾਂ ਦੇ 2 ਦੁਧਾਰੂ ਪਸ਼ੂ,ਤਿੰਨ ਮੱਝਾਂ ਸੂਣ ਵਾਲੀਆਂ ਅਤੇ 2 ਕੱਟੀਆਂ ਅਚਾਨਕ ਕਿਸੇ ਬੀਮਾਰੀ ਕਾਰਨ ਡਿੱਗਣ ਲੱਗੀਆਂ ਤਾਂ ਉਨ੍ਹਾਂ ਨੇ ਤੁਰੰਤ ਪਿੰਡ ਦੇ ਵੈਟਰਨਰੀ ਡਾਕਟਰ ਨੂੰ ਚੈਕ ਕਰਵਾਇਆ ਤਾਂ ਉਨ੍ਹਾਂ ਅਪਣੀ ਇਲਾਜ ਸ਼ੁਰੂ ਕੀਤਾ ਪਰ ਪਸ਼ੂ ਇੱਕਦਮ ਹੇਠਾਂ ਡਿੱਗ ਕੇ ਮਰ ਗਏ। ਜਦ ਇਨ੍ਹਾਂ ਪਸ਼ੂਆਂ ਦੇ ਮਰਨ ਦੀ ਖਬਰ ਪਿੰਡ 'ਚ ਫੈਲੀ ਤਾਂ ਵੱਡੀ ਗਿਣਤੀ 'ਚ ਪੁੱਜੇ ਪਤਵੰਤਿਆਂ ਭਾਰਤੀ ਕਿਸਾਨ ਯੂਨੀਅਨ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਹ ਕਿਸੇ ਭਿਅੰਕਰ ਬੀਮਾਰੀ ਕਾਰਨ ਮਰੇ ਹੋਏ ਲਗਦੇ ਹਨ। ਸਰਕਾਰ ਨੂੰ ਇਸ ਗਰੀਬ ਕਿਸਾਨ ਦੇ ਹੋਏ ਲੱਖਾਂ ਰੁਪਏ ਦੀ ਭਰਵਾਈ ਕੀਤੀ ਜਾਵੇ। ਪੀੜਤ ਕਿਸਾਨ ਜਗਤਾਰ ਸਿੰਘ ਨੇ ਦੱਸਿਆ ਕਿ ਅਸੀਂ ਚਾਰ ਭਰਾ ਹਾਂ ਤੇ 4 ਏਕੜ ਜਮੀਨ ਹੈ,ਸਾਰੇ ਇਕੱਠੇ ਰਹਿੰਦੇ ਹਾਂ। ਪਸ਼ੂਆਂ ਦਾ ਦੁੱਧ ਵੇਚਕੇ ਬੱਚਿਆਂ ਦਾ ਪਾਲਣ ਪੋਸ਼ਣ ਅਤੇ ਹੋਰ



ਕਬੀਲਦਾਰੀ ਚਲਾਉਂਦੇ ਹਾਂ ਪਰ ਅਜਿਹਾ ਭਾਣਾ ਵਰਤਣ ਕਾਰਨ ਸਾਡਾ ਦਿਲ ਟੁੱਟ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੁਆਵਜੇ ਦੀ ਵੀ ਮੰਗ ਕੀਤੀ। ਮੌਕੇ 'ਤੇ ਹਾਜਰ ਮਾਲਕ ਔਰਤਾਂ ਦਾ ਰੋ-ਰੋ ਕੇ ਬੁਰਾ ਹਾਲ ਸੀ ਅਤੇ ਕਹਿ ਰਹੀਆਂ ਸਨ ਕਿ ਅਪਣੇ ਬੱਚਿਆਂ ਦੇ ਮੂੰਹ 'ਚੋਂ ਦੁੱਧ ਕੱਢਕੇ ਆਪਣੇ ਪਰਿਵਾਰ ਦੇ ਪਾਲਣ ਪੋਸ਼ਣ ਕਰਨ ਲਈ ਦੁੱਧ ਵੇਚਦੀਆਂ ਸਨ ਅੱਜ ਪਤਾ ਨਹੀਂ ਸਾਡੇ ਪਸ਼ੂਆਂ ਨੂੰ ਕਿਹੜੀ ਬੀਮਾਰੀ ਨੇ ਆ ਕੇ ਘੇਰ ਲਿਆ ਹੈ। ਜਦ ਐੱਸ.ਡੀ.ਐੱਮ ਤਪਾ ਪੂਨਮਪ੍ਰੀਤ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨਾਇਬ ਤਹਿਸੀਲਦਾਰ ਤਪਾ ਸੁਨੀਲ ਗਰਗ ਦੀ ਅਗਵਾਈ 'ਚ ਪੁੱਜੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਲਖਵੀਰ ਸਿੰਘ, ਵੈਟਰਨਰੀ ਡਾਕਟਰ ਤਪਾ ਅਭੀਨੀਤ ਕੌਰ, ਵੈਟਰਨਰੀ ਡਾਕਟਰ ਸੰਜੀਵ ਮਲਹੋਤਰਾ, ਬਲਵੰਤ ਸਿੰਘ ਗਹਿਲ ਨੇ ਪਹੁੰਚ ਕੇ ਮੌਕੇ ਦਾ ਜਾਇਜਾ ਲੈਂਦੇ ਹੋਏ ਕਿਹਾ ਕਿ ਪਸ਼ੂਆਂ ਦੀ ਕਿਸੇ ਜਹਿਰੀਲੀ ਚੀਜ ਨਾਲ ਮੋਤ ਹੋਈ ਲੱਗਦੀ ਹੈ। ਪਸ਼ੂ ਪਾਲਣ ਵਿਭਾਗ ਦੀ ਟੀਮ ਵੱਲੋਂ ਮਰੇ ਹੋਏ ਸਾਰੇ ਪਸ਼ੂਆਂ ਦੇ ਸੈਂਪਲ, ਖੇਤ 'ਚ ਲੱਗਿਆ ਹਰਾ ਚਾਰਾ ਅਤੇ ਖਾਲ 'ਚ ਪਿਲਾਉਣ ਵਾਲੇ ਪਾਣੀ ਦੇ ਸੈਂਪਲ ਲਏ ਗਏ ਹਨ ਅਤੇ ਪਸ਼ੂਆਂ ਦਾ ਪੋਸਟ ਮਾਰਟਮ ਕਰਵਾਕੇ ਜਾਂਚ ਲਈ ਜਲੰਧਰ ਭੇਜੇ ਜਾ ਰਹੇ ਹਨ ਤਾਂ ਕਿ ਮੋਤ ਦੇ ਕਾਰਨਾਂ ਦਾ ਪਤਾ ਲੱਗ ਸਕੇ। ਉੱਧਰ ਨਾਇਬ ਤਹਿਸੀਲਦਾਰ ਸੁਨੀਲ ਗਰਗ ਨੇ ਸਾਰੇ ਪਸ਼ੂ ਪਾਲਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਪਣੇ ਪਸ਼ੂਆਂ ਦਾ ਬੀਮਾ ਕਰਵਾਕੇ ਰੱਖਣ ਤਾਂ ਕਿ ਬੀਮਾ ਕੰਪਨੀ ਵੱਲੋਂ ਅਜਿਹੀ ਹਾਲਤ 'ਚ ਉਨ੍ਹਾਂ ਦੀ ਸਹਾਇਤਾ ਹੋ ਸਕੇ ਅਤੇ ਉਕਤ ਕਿਸਾਨ ਜਗਤਾਰ ਸਿੰਘ ਦੇ ਮਰੇ ਪਸ਼ੂਆਂ ਦੀ ਰਿਪੋਰਟ ਬਣਾਕੇ ਉਚ-ਅਧਿਕਾਰੀਆਂ ਨੂੰ ਭੇਜੀ ਜਾ ਰਹੀ ਹੈ ਅਤੇ ਬਾਕੀ ਖੜ੍ਹੇ ਪਸ਼ੂਆਂ ਦਾ ਇਲਾਜ ਚੱਲ ਰਿਹਾ ਸੀ।

## ਪੁਲਸ ਪਾਰਟੀ 'ਤੇ ਜਾਨਲੇਵਾ ਹਮਲਾ ਕਰਨ ਦੇ ਮਾਮਲੇ 'ਚ ਨਸ਼ਾ ਕਰਨ ਦੇ ਆਦੀ 3 ਨੌਜਵਾਨ ਗ੍ਰਿਫਤਾਰ

ਜਲੰਧਰ 29 ਮਈ। ਪੁਲਸ ਪਾਰਟੀ 'ਤੇ ਜਾਨਲੇਵਾ ਹਮਲਾ ਕਰਨ ਦੇ ਮਾਮਲੇ ਵਿਚ ਪੁਲਸ ਨੇ ਨਸ਼ਾ ਕਰਨ ਦੇ ਆਦੀ 3 ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਮੁੱਖ ਮੁਲਜਮ ਸਮੇਤ 3 ਨੌਜਵਾਨ ਅਜੇ ਇਸ ਮਾਮਲੇ ਵਿਚ ਫਰਾਰ ਚੱਲ ਰਹੇ ਹਨ, ਜਿਨ੍ਹਾਂ ਦੀ ਗ੍ਰਿਫਤਾਰੀ ਲਈ ਰੇਡ ਕੀਤੀ ਜਾ ਰਹੀ ਹੈ। ਡੀ. ਐੱਸ. ਪੀ. ਆਦਮਪੁਰ ਸੁਮਿਤ ਸੂਦ ਨੇ ਦੱਸਿਆ ਕਿ ਐੱਸ. ਐੱਚ. ਓ. ਪਤਾਰਾ ਬਲਜੀਤ ਸਿੰਘ ਦੀ ਅਗਵਾਈ ਵਿਚ ਕਾਬੂ ਕੀਤੇ ਗਏ ਮੁਲਜਮਾਂ ਦੀ ਪਛਾਣ ਹਰਮਨਜੋਤ ਸਿੰਘ ਪੁੱਤਰ ਸਵ. ਕੁਲਵੰਤ ਸਿੰਘ, ਗੁਰਜੀਤ ਸਿੰਘ ਜੀਤਾ ਪੁੱਤਰ ਜੀਵਨ ਲਾਲ ਦੋਵੇਂ ਨਿਵਾਸੀ ਪਿੰਡ ਪਤਾਰਾ (ਜ਼ਿਲ੍ਹਾ ਜਲੰਧਰ) ਅਤੇ ਪਰਗਟ ਸਿੰਘ ਸੋਨੂੰ ਪੁੱਤਰ ਸੁਰਿੰਦਰ ਸਿੰਘ ਨਿਵਾਸੀ ਮਕਾਨ ਨੰਬਰ 309 ਨਿਊ ਜੋਗਿੰਦਰ ਨਗਰ, ਰਾਮਾ ਮੰਡੀ (ਜ਼ਿਲ੍ਹਾ ਜਲੰਧਰ) ਵਜੋਂ ਹੋਈ ਹੈ। ਫਰਾਰ ਮੁਲਜਮਾਂ ਵਿਚ ਤਿਰਲੋਕ ਲਾਲ ਉਰਫ ਹਰਮਨ ਸੰਧੂ ਪੁੱਤਰ ਤਰਸੇਮ ਲਾਲ, ਗਗਨਦੀਪ ਪੁੱਤਰ ਕੁਲਵੰਤ ਸਿੰਘ ਅਤੇ ਸੰਦੀਪ ਕੁਮਾਰ ਸ਼ੀਪਾ ਪੁੱਤਰ ਮਹਿੰਦਰਪਾਲ ਤਿੰਨੋਂ ਨਿਵਾਸੀ



ਪਿੰਡ ਪਤਾਰਾ, ਜ਼ਿਲ੍ਹਾ ਜਲੰਧਰ ਸ਼ਾਮਲ ਹਨ। ਡੀ. ਐੱਸ. ਪੀ. ਨੇ ਦੱਸਿਆ ਕਿ ਉਕਤ ਸਾਰੇ ਮੁਲਜਮ ਹਰਮਨ ਸੰਧੂ ਦੇ ਘਰ ਬੈਠ ਕੇ ਨਸ਼ਾ ਕਰ ਰਹੇ ਸਨ। ਇਸ ਸਬੰਧੀ ਸੂਚਨਾ ਮਿਲਣ 'ਤੇ ਥਾਣਾ ਪਤਾਰਾ ਦੀ ਪੁਲਸ ਨੇ ਉਥੇ ਰੇਡ ਕੀਤੀ। ਇਸ ਦੌਰਾਨ ਹਰਮਨ ਅਤੇ ਉਸ ਦੇ ਸਾਥੀਆਂ ਨੇ ਪੁਲਸ ਮੁਲਾਜਮਾਂ ਬਰਜਿੰਦਰਪਾਲ ਅਤੇ ਜਸਬੀਰ ਸਿੰਘ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਨ੍ਹਾਂ ਨੂੰ ਗੰਭੀਰ ਰੂਪ ਵਿਚ ਜਖਮੀ ਕਰ ਦਿੱਤਾ ਅਤੇ ਖੁਦ ਛੱਤ 'ਤੇ ਚੜ੍ਹ ਕੇ ਪੁਲਸ ਮੁਲਾਜਮਾਂ 'ਤੇ ਇੱਟਾਂ-ਪੱਥਰ ਸੁੱਟਦਿਆਂ ਅਤੇ ਉਨ੍ਹਾਂ ਨੂੰ ਗਾਲ੍ਹਾਂ ਕੱਢਦੇ ਹੋਏ ਫਰਾਰ ਹੋ ਗਏ। ਇਸ ਹਮਲੇ ਤੋਂ ਬਾਅਦ ਥਾਣਾ ਪਤਾਰਾ ਦੀ ਪੁਲਸ ਨੇ ਮੁਲਜਮਾਂ ਦੀ ਪਛਾਣ ਕਰਦੇ ਹੋਏ ਉਨ੍ਹਾਂ ਖ਼ਿਲਾਫ ਆਈ. ਪੀ. ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ 22 ਨੰਬਰ ਐੱਫ. ਆਈ. ਆਰ. ਦਰਜ ਕਰਦੇ ਹੋਏ ਕੁਝ ਹੀ ਘੰਟਿਆਂ ਵਿਚ 3 ਮੁਲਜਮਾਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕਰ ਲਈ। ਗ੍ਰਿਫਤਾਰ ਮੁਲਜਮਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਕਿ ਉਨ੍ਹਾਂ ਕੋਲੋਂ ਪੁੱਛਗਿੱਛ ਕਰਕੇ ਉਨ੍ਹਾਂ ਦੇ ਫਰਾਰ ਸਾਥੀਆਂ ਤਕ ਪੁਲਸ ਦਾ ਪਹੁੰਚਣਾ ਆਸਾਨ ਹੋ ਸਕੇ। ਜਾਂਚ ਵਿਚ ਪਤਾ ਲੱਗਾ ਹੈ ਕਿ ਮੁੱਖ ਮੁਲਜਮ ਹਰਮਨ ਸੰਧੂ ਉਰਫ ਸੋਨੂੰ ਖ਼ਿਲਾਫ ਪਹਿਲਾਂ ਵੀ ਥਾਣਾ ਪਤਾਰਾ ਵਿਚ 2 ਅਪਰਾਧਿਕ ਮਾਮਲੇ ਦਰਜ ਹਨ।

## ਏ. ਐੱਸ. ਆਈ. 'ਤੇ ਗੋਲੀਆਂ ਚਲਾਉਣ ਵਾਲਾ ਨੌਜਵਾਨ ਹਥਿਆਰਾਂ ਸਮੇਤ ਗ੍ਰਿਫਤਾਰ

ਗੁਰਦਾਸਪੁਰ 29 ਮਈ। ਥਾਣਾ ਸਦਰ ਪੁਲਸ ਗੁਰਦਾਸਪੁਰ ਨੇ ਏ. ਐੱਸ. ਆਈ. ਸਤਵਿੰਦਰ ਮਸੀਹ 'ਤੇ ਮਾਰ ਦੇਣ ਦੀ ਨੀਅਤ ਨਾਲ ਫਾਇਰ ਕਰਨ ਵਾਲੇ ਇਕ ਨੌਜਵਾਨ ਨੂੰ ਪਿਸਟਲ ਸਮੇਤ ਮੈਗਜ਼ੀਨ ਅਤੇ 5 ਰੌਂਦ ਜ਼ਿੰਦਾ ਸਮੇਤ ਗ੍ਰਿਫਤਾਰ ਕਰਕੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਸਬ-ਇੰਸਪੈਕਟਰ ਇਕਬਾਲ ਸਿੰਘ ਨੇ ਦੱਸਿਆ ਕਿ ਏ. ਐੱਸ. ਆਈ. ਸਤਵਿੰਦਰ ਮਸੀਹ ਵੱਲੋਂ ਪੁਲਸ ਪਾਰਟੀ ਦੇ ਨਾਲ ਬੱਬਰੀ ਬਾਈਪਾਸ ਵਿਖੇ ਨਾਕਾਬੰਦੀ ਕੀਤੀ ਹੋਈ ਸੀ ਅਤੇ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਗੁਰਤੇਗ ਸਿੰਘ ਉਰਫ ਤੇਗਾ ਪੁੱਤਰ ਕੁਲਦੀਪ ਸਿੰਘ ਵਾਸੀ ਕਾਲਾ ਨੰਗਲ ਥਾਣਾ ਸਦਰ ਬਟਾਲਾ ਮੋਟਰਸਾਈਕਲ ਨੰਬਰ ਪੀਬੀ 35 ਐੱਲ 8329 'ਤੇ ਸਵਾਰ ਹੋ ਕੇ ਪਠਾਨਕੋਟ ਸਾਈਡ ਤੋਂ ਆਇਆ ਅਤੇ ਮੋਟਰਸਾਈਕਲ ਦਾ




ਸੰਤੁਲਨ ਵਿਗੜਨ ਕਰਕੇ ਸਿੱਧਾ ਨਾਕੇ ਦੇ ਨਜ਼ਦੀਕ ਆ ਕੇ ਡਿੱਗ ਗਿਆ, ਜਿਸ ਨੂੰ ਪੁਲਸ ਪਾਰਟੀ ਦੀ ਮਦਦ ਨਾਲ ਚੁੱਕ ਕੇ ਖੜ੍ਹਾ ਕੀਤਾ। ਪੁਲਸ ਅਧਿਕਾਰੀ ਨੇ ਦੱਸਿਆ ਕਿ ਜਦੋਂ ਏ. ਐੱਸ. ਆਈ. ਸਤਵਿੰਦਰ ਮਸੀਹ ਨੂੰ ਮੁਲਜਮ ਕੋਲ ਕੋਈ ਹਥਿਆਰ ਹੋਣ ਦਾ ਸ਼ੱਕ ਪਿਆ ਤਾਂ ਉਹ ਮੌਕੇ 'ਤੇ ਨਬੀਪੁਰ ਸਾਈਡ ਨੂੰ ਭੱਜ ਗਿਆ ਤਾਂ ਉਹ ਪੁਲਸ ਪਾਰਟੀ ਸਮੇਤ ਮੁਲਜਮ ਦੇ ਪਿੱਛੇ ਭੱਜੇ ਤਾਂ ਮੁਲਜਮ ਗੁਰਤੇਗ ਸਿੰਘ ਉਰਫ ਤੇਗਾ ਨੇ ਆਪਣੀ ਡੱਬ 'ਚੋਂ ਪਿਸਟਲ ਕੱਢ ਕੇ ਮਾਰ ਦੇਣ ਦੀ ਨੀਅਤ ਨਾਲ ਸਿੱਧਾ ਫਾਇਰ ਕੀਤਾ, ਜੋ ਉਸ ਦੇ ਕੰਨ ਦੇ ਕੋਲ ਦੀ ਲੰਘ ਗਿਆ ਅਤੇ ਦੂਜਾ ਫਾਇਰ ਉਸ ਦੇ ਉੱਪਰ ਦੀ ਲੰਘ ਗਿਆ ਅਤੇ ਤੀਸਰਾ ਫਾਇਰ ਮੁਲਜਮ ਨੇ ਹਵਾ ਵਿਚ ਕੀਤਾ ਅਤੇ ਹਨੇਰੇ ਦਾ ਫਾਇਦਾ ਲੈ ਕੇ ਝਾੜੀਆਂ 'ਚੋਂ ਦੀ ਮੌਕੇ ਤੋਂ ਭੱਜ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਮੁਲਜਮ ਦਾ ਪਿੱਛਾ ਕਰਕੇ ਉਸ ਨੂੰ ਸਿਵਲ ਹਸਪਤਾਲ ਬੱਬਰੀ ਦੀ ਸਾਈਡ ਤੋਂ ਰੇਡ ਕਰਕੇ ਕਾਬੂ ਕੀਤਾ

# ਪਾਵਰਕਾਮ ਦਾ ਅਨੋਖਾ ਕਾਰਾ, ਮੀਟਰ ਲੱਗਾ ਨਹੀਂ ਤੇ ਬਿੱਲ ਭੇਜਿਆ 90 ਹਜਾਰ

ਹਠੂਰ 29 ਮਈ। ਨੇੜਲੇ ਪਿੰਡ ਡੱਲਾ ਦੇ ਧਾਰਮਿਕ ਅਸਥਾਨ ਸੰਤ ਲਛਮਣ ਦਾਸ ਜੀ ਦੀ ਕੁਟੀਆ ਨੂੰ 90 ਹਜ਼ਾਰ ਰੁਪਏ ਬਿਜਲੀ ਦਾ ਬਿੱਲ ਆਉਣ ਸਬੰਧੀ ਮੁੱਖ ਪ੍ਰਬੰਧਕ ਗਿਆਨੀ ਇਕਬਾਲ ਸਿੰਘ ਖਾਲਸਾ ਨੇ ਦੱਸਿਆ ਕਿ ਕੁਟੀਆ ਵਿਚ ਹਰ ਸਾਲ ਸਿਰਫ ਦੋ ਭਾਰੀ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ, ਜਿਸ ਕਾਰਨ ਸਮਾਗਮਾਂ ਮੌਕੇ ਬਿਜਲੀ ਦੀ ਖਪਤ ਵਧ ਜਾਂਦੀ ਹੈ ਅਤੇ ਪ੍ਰਬੰਧਕ ਕਮੇਟੀ ਵੱਲੋਂ ਕੁਟੀਆ ਵਿਚ ਥ੍ਰੀ ਫੇਜ ਬਿਜਲੀ ਦਾ ਮੀਟਰ ਲਾਉਣ ਲਈ ਅਗਸਤ 2023 ਵਿਚ ਪਾਵਰਕਾਮ ਦੇ ਦਫਤਰ ਰੂੰਮੀ ਵਿਖੇ ਫਾਈਲ ਜਮ੍ਹਾ ਕਰਵਾਈ ਸੀ, ਜਿਸ 'ਤੇ ਪਾਵਰਕਾਮ ਵੱਲੋਂ ਇਸ ਅਸਥਾਨ 'ਤੇ ਸਮਾਰਟ ਬਿਜਲੀ ਦਾ ਮੀਟਰ ਅਕਤੂਬਰ 2023 ਵਿਚ ਲਾਇਆ ਜਾ ਰਿਹਾ ਸੀ ਪਰ ਪਿੰਡ ਵਾਸੀਆਂ ਅਤੇ ਕਿਸਾਨ ਯੂਨੀਅਨ ਨੇ ਸਮਾਰਟ ਮੀਟਰ ਦਾ ਸਖਤ ਵਿਰੋਧ ਕੀਤਾ ਤਾਂ ਪਾਵਰਕਾਮ ਅਧਿਕਾਰੀ ਇਹ ਮੀਟਰ ਵਾਪਸ ਲੈ ਗਏ। ਉਨ੍ਹਾਂ ਕਿਹਾ ਕਿ ਇਸ ਅਸਥਾਨ ਕੁਟੀਆ 'ਤੇ ਅੱਜ ਤੱਕ ਥ੍ਰੀ ਫੇਜ ਮੀਟਰ ਨਹੀਂ ਲੱਗਾ ਹੈ ਪਰ ਫਿਰ ਵੀ ਬਿੱਲ ਥ੍ਰੀ ਫੇਜ ਦਾ ਘੱਲਿਆ ਜਾ ਰਿਹਾ ਹੈ। ਗਿਆਨੀ ਇਕਬਾਲ ਸਿੰਘ ਨੇ ਦੱਸਿਆ ਕਿ 9 ਨਵੰਬਰ 2023 ਨੂੰ ਕੁਟੀਆ ਦਾ ਬਿਜਲੀ ਦਾ ਬਿੱਲ 32 ਹਜ਼ਾਰ ਰੁਪਏ ਆ ਗਿਆ ਸੀ, ਜੋ ਕਿ ਕਿਸਾਨ



ਯੂਨੀਅਨ ਤੇ ਪਿੰਡ ਵਾਸੀਆਂ ਦੇ ਰੋਕਣ 'ਤੇ ਇਹ 32 ਹਜ਼ਾਰ ਰੁਪਏ ਦਾ ਬਿੱਲ ਨਹੀਂ ਭਰਿਆ ਗਿਆ ਅਤੇ ਹੁਣ ਜੁਰਮਾਨਾ ਲੱਗ ਕੇ 90 ਹਜ਼ਾਰ ਰੁਪਏ ਬਣ ਚੁੱਕਾ ਹੈ। ਪ੍ਰਬੰਧਕਾਂ ਨੇ ਕਿਹਾ ਕਿ ਕੁਟੀਆ ਵਿਚ ਸਿਰਫ ਰਾਤ ਸਮੇਂ ਹੀ ਦੋ ਬੱਲਬ ਹੀ ਜਗਾਏ ਜਾਂਦੇ ਹਨ ਅਤੇ ਬਿਜਲੀ ਬਿੱਲ ਦੀ ਬਕਾਇਆ ਇੰਨੀ ਵੱਡੀ ਰਕਮ ਜਮ੍ਹਾ ਕਰਵਾਉਣਾ ਉਨ੍ਹਾਂ ਦੇ ਵੱਸ ਤੋਂ ਬਾਹਰ ਹੈ। ਉਨ੍ਹਾਂ ਪੰਜਾਬ ਸਰਕਾਰ ਅਤੇ ਪਾਵਰਕਾਮ ਦੇ ਉੱਚ ਅਧਿਕਾਰਿਆ ਤੋਂ ਮੰਗ ਕਰਦਿਆਂ ਕਿਹਾ ਕਿ ਕੁਟੀਆ ਦਾ ਬਕਾਇਆ ਬਿਜਲੀ ਬਿੱਲ ਮੁਆਫ ਕੀਤਾ ਜਾਵੇ। ਇਸ ਮੌਕੇ ਬਲਜਿੰਦਰ ਸਿੰਘ, ਰਣਜੀਤ ਸਿੰਘ, ਰਾਜਵਿੰਦਰ ਸਿੰਘ, ਰਘਵੀਰ ਸਿੰਘ, ਬਲਵੀਰ ਸਿੰਘ, ਦਰਸ਼ਨ ਸਿੰਘ, ਮਨਪ੍ਰੀਤ ਸਿੰਘ, ਇਕਬਾਲ ਸਿੰਘ, ਹਰਦੀਪ ਸਿੰਘ ਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ। ਇਸ ਸਬੰਧੀ ਜਦੋਂ ਪਾਵਰਕਾਮ ਦਫਤਰ ਰੂੰਮੀ ਦੇ ਐੱਸ. ਡੀ. ਓ. ਮਨਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਲੋਡ ਵਧਾ ਕੇ ਥ੍ਰੀ ਫੇਜ ਕੁਨੈਕਸਨ ਕਰਵਾਇਆ ਗਿਆ ਸੀ ਅਤੇ ਮਹਿਕਮੇ ਵੱਲੋਂ ਥ੍ਰੀ ਫੇਜ ਮੀਟਰ ਲਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਲਾਉਣ ਨਹੀਂ ਦਿੱਤਾ, ਜਿਸ ਕਰਕੇ ਥ੍ਰੀ ਫੇਜ ਕੁਨੈਕਸ਼ਨ ਹੋ ਜਾਣ ਕਾਰਨ ਆਟੋਮੈਟਿਕ ਐਵਰੇਜ ਬਿੱਲ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਮੈਂਬਰ ਦਫਤਰ ਆ ਕੇ ਸੰਪਰਕ ਕਰ ਲੈਣ ਤਾਂ ਕਿ ਉੱਚ ਅਧਿਕਾਰੀਆਂ ਨਾਲ ਵਿਚਾਰ ਕਰਕੇ ਹੱਲ ਕੱਢਿਆ ਜਾ ਸਕੇ।

## ਢਾਬਾ ਮਾਲਕ ਨਾਲ ਕੁੱਟਮਾਰ ਸਬੰਧੀ ਅਣਪਛਾਤੇ ਲੋਕਾਂ ਖ਼ਿਲਾਫ ਕੇਸ ਦਰਜ

ਖਰੜ 29 ਮਈ। ਖਰੜ 'ਚ ਅਹਾਤੇ ਦਾ ਕੰਮ ਕਰਨ ਵਾਲੇ ਗੌਤਮ ਸੋਢੀ ਨੇ ਖਾਣਾ ਖਾਣ ਤੋਂ ਬਾਅਦ ਪੈਸੇ ਮੰਗਣ 'ਤੇ ਕੁੱਝ ਅਣਪਛਾਤੇ ਵਿਅਕਤੀਆਂ ਵਲੋਂ ਉਸ ਨਾਲ ਕੁੱਟਮਾਰ ਕਰਨ ਦੀ ਸ਼ਿਕਾਇਤ ਦਿੱਤੀ ਹੈ। ਇਸ ਸਬੰਧੀ ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਬੀਤੇ ਦਿਨੀਂ ਰਾਤ ਸਮੇਂ ਇਕ ਵਿਅਕਤੀ ਉਸ ਦੇ ਅਹਾਤੇ 'ਤੇ ਆਇਆ ਅਤੇ ਖਾਣਾ ਖਾ ਕੇ ਜਾਣ ਲੱਗਾ। ਜਦੋਂ ਉਸ ਤੋਂ ਪੈਸੇ ਮੰਗੇ ਤਾਂ ਉਹ ਗਾਲੀ-ਗਲੋਚ ਕਰਨ ਲੱਗ। ਦੂਜੇ ਦਿਨ ਰਾਤ ਸਮੇਂ ਉਹ ਆਪਣੇ ਨਾਲ 7-8 ਹੋਰ ਸਾਥੀਆਂ ਨੂੰ ਨਾਲ ਲੈ ਕੇ ਸ਼ਿਕਾਇਤਕਰਤਾ ਦੇ ਅਹਾਤੇ 'ਤੇ ਆਇਆ ਅਤੇ ਉਸ ਨਾਲ ਬੁਰੇ ਤਰੀਕੇ ਨਾਲ ਮਾਰ-ਕੁਟਾਈ ਕੀਤੀ। ਸ਼ਿਕਾਇਤਕਰਤਾ ਗੰਭੀਰ ਰੂਪ ਵਿਚ ਜਖਮੀ ਹੋ ਗਿਆ ਅਤੇ ਉਸ ਨੂੰ ਸਿਵਲ ਹਸਪਤਾਲ ਖਰੜ ਵਿਖੇ ਦਾਖਲ ਕਰਵਾਇਆ ਗਿਆ ਹੈ। ਖਰੜ ਸਿਟੀ ਪੁਲਸ ਨੇ ਕੁੱਟਮਾਰ ਸਬੰਧੀ 7-8 ਅਣਪਛਾਤਿਆਂ ਖ਼ਿਲਾਫ ਕੇਸ ਦਰਜ ਕੀਤਾ ਹੈ।

## 8 ਪ੍ਰਮੁੱਖ ਸ਼ਹਿਰਾਂ 'ਚ ਸਸਤੇ ਘਰਾਂ ਦੀ ਸਪਲਾਈ 38 ਫੀਸਦੀ ਘਟੀ

ਨਵੀਂ ਦਿੱਲੀ 29 ਮਈ। ਇਸ ਸਾਲ ਜਨਵਰੀ-ਮਾਰਚ ਤਿਮਾਹੀ ਦੌਰਾਨ 8 ਪ੍ਰਮੁੱਖ ਸ਼ਹਿਰਾਂ 'ਚ 60 ਲੱਖ ਰੁਪਏ ਤੱਕ ਕੀਮਤ ਵਾਲੇ ਸਸਤੇ ਘਰਾਂ ਦੀ ਨਵੀਂ ਸਪਲਾਈ 38 ਫੀਸਦੀ ਘੱਟਕੇ 33,420 ਇਕਾਈ ਰਹਿ ਗੀ ਹੈ। ਇਸਦੀ ਵਜ੍ਹਾ ਇਹ ਹੈ ਕਿ ਬਿਲਡਰ ਲਗਜਰੀ ਯਾਨੀ ਮਹਿੰਗੇ ਫਲੈਟ ਬਣਾਉਣ 'ਤੇ ਧਿਆਨ ਦੇ ਰਹੇ ਹਨ। ਰਿਅਲ ਅਸਟੇਟ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਕੰਪਨੀ ਪ੍ਰਾਪਇਕਵਿਟੀ ਦੀ ਇਕ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਪ੍ਰਾਪਇਕਵਿਟੀ ਨੇ ਕਿਹਾ ਕਿ ਸਸਤੇ ਘਰਾਂ ਦੀ ਸਪਲਾਈ ਘੱਟਣ ਦੀ ਵਜ੍ਹਾ ਜਮੀਨ ਅਤੇ ਨਿਰਮਾਣ ਦੀ ਲਾਗਤ ਵਧਨਾ ਹੈ। ਇਸ ਨਾਲ ਸਸਤੇ ਘਰਾਂ ਦਾ ਨਿਰਮਾਣ ਬਹੁਤ ਲਾਭ ਦਾ ਸੌਦਾ ਨਹੀਂ ਰਹਿ ਗਿਆ ਹੈ। ਪ੍ਰਾਪਇਕਵਿਟੀ ਦੇ ਅੰਕੜਿਆਂ ਅਨੁਸਾਰ ਦੇਸ਼ ਦੇ ਸ਼ਿਖਰ ਅੱਠ ਸ਼ਹਿਰਾਂ 'ਚ ਜਨਵਰੀ-ਮਾਰਚ 2024 ਦੌਰਾਨ 60 ਲੱਖ ਰੁਪਏ ਤੱਕ ਕੀਮਤ ਦੇ ਘਰਾਂ ਦੀ ਨਵੀਂ ਸਪਲਾਈ 33,420 ਇਕਾਈ ਰਹੀ, ਜੋ ਇਕ ਸਾਲ ਪਹਿਲਾ ਦੀ ਸਮਾਨ ਮਿਆਦ 'ਚ 53,818 ਇਕਾਈ ਸੀ। ਇਹ 8 ਸ਼ਹਿਰਾਂ ਹਨ - ਦਿੱਲੀ-ਐੱਨ.ਸੀ.ਆਰ., ਮੁੰਬਈ ਮਹਾਨਗਰ ਖੇਤਰ (ਐੱਮ.ਐੱਮ.ਆਰ.), ਬੇਗੁਲੂਰੂ, ਹੈਦਰਾਬਾਦ, ਚੇਨੱਈ, ਕੋਲਕਾਤਾ, ਪੁਣੇ ਅਤੇ ਅਹਿਮਦਾਬਾਦ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2003 ਦੇ ਕੈਲੇਂਡਰ ਸਾਲ ਦੌਰਾਨ ਇਸ ਮੁੱਲ ਸ਼੍ਰੇਣੀ 'ਚ ਨਵੀਂ ਸਪਲਾਈ 'ਚ 20 ਫੀਸਦੀ ਦੀ ਗਿਰਾਵਟ ਆਈ ਅਤੇ ਗਿਰਾਵਟ ਦਾ ਰੁਝਾਨ ਇਸ ਸਾਲ ਦੀ ਪਹਿਲੀ ਤਿਮਾਹੀ 'ਚ ਵੀ ਜਾਰੀ ਰਿਹਾ।

# ਖੁਦ ਨੂੰ ਬਾਬਾ ਕਹਾਉਣ ਵਾਲੇ ਦਾ ਕਾਰਾ ਜਾਣ ਹੋਵੋਗੇ ਹੈਰਾਨ, ਅੰਮ੍ਰਿਤਸਰ ਪੁਲਸ ਨੂੰ ਹੈ ਵਾਂਟੇਡ

ਜਲੰਧਰ 29 ਮਈ। ਖੁਦ ਨੂੰ ਬਾਬਾ ਕਹਾਉਣ ਵਾਲੇ ਇਕ ਫਰਜੀ ਟ੍ਰੈਵਲ ਏਜੰਟ ਨੇ ਵਿਅਕਤੀ ਨੂੰ ਕੈਨੇਡਾ 'ਚ ਭੇਜਣ ਦਾ ਝਾਂਸਾ ਦੇ ਕੇ ਉਸ ਕੋਲੋਂ 6 ਲੱਖ ਰੁਪਏ ਠੱਗ ਲਏ। ਬਾਅਦ 'ਚ ਪਤਾ ਲੱਗਾ ਕਿ ਮੁਲਜਮ ਅੰਮ੍ਰਿਤਸਰ ਪੁਲਸ ਨੂੰ ਵੀ ਵਾਂਟੇਡ ਹੈ, ਜਿਸ ਨੇ ਉੱਥੇ ਵੀ ਵਿਦੇਸ਼ ਭੇਜਣ ਦੇ ਨਾਂ 'ਤੇ ਫਰਾਡ ਕੀਤੇ ਹੋਏ ਸਨ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਬਲਬੀਰ ਸਿੰਘ ਨਿਵਾਸੀ ਅਰਬਨ ਅਸਟੇਟ ਫੇਜ-1 ਨੇ ਦੱਸਿਆ ਕਿ ਉਥੇ ਜਿਸ ਧਾਰਮਿਕ ਸਥਾਨ 'ਤੇ ਸੇਵਾ ਕਰਨ ਜਾਂਦਾ ਹੈ, ਉਥੇ ਉਸ ਨੂੰ ਇਕ ਵਿਅਕਤੀ ਮਿਲਿਆ ਸੀ, ਜਿਸ ਨੇ ਗੱਲਬਾਤ ਦੌਰਾਨ ਖੁਦ ਨੂੰ ਅਰਬਨ ਸਟੇਟ ਫੇਜ-1 ਦਾ ਹੀ ਰਹਿਣ ਵਾਲਾ ਦੱਸਿਆ ਸੀ। ਉਹ ਖੁਦ ਨੂੰ ਬਾਬਾ ਕਹਾਉਂਦਾ ਸੀ, ਜਿਸ ਨੇ ਦਾਅਵਾ ਕੀਤਾ ਕਿ ਉਹ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਵੀ ਕੰਮ ਕਰਦਾ ਹੈ ਅਤੇ ਕਈ ਵਿਅਕਤੀਆਂ ਨੂੰ ਕੈਨੇਡਾ 'ਚ ਸੈੱਟ ਕਰ ਚੁੱਕਾ ਹੈ। ਬਲਵੀਰ ਸਿੰਘ ਨੇ ਕਿਹਾ ਕਿ ਉਸ ਦੇ ਹੀ ਇਲਾਕੇ ਦੇ ਰਹਿਣ ਵਾਲੇ ਦਲਜੀਤ ਸਿੰਘ ਬੈਂਸ ਪੁੱਤਰ ਸਵਰਨ ਸਿੰਘ ਨੇ ਉਸ ਨੂੰ ਆਪਣੀਆਂ ਗੱਲਾਂ 'ਚ ਫਸਾ ਲਿਆ ਅਤੇ ਅਕਸਰ ਉਸ ਦੇ ਨਾਲ ਧਾਰਮਿਕ ਗੱਲਾਂ ਕਰਦਾ ਸੀ, ਜਿਸ ਕਾਰਨ ਉਹ ਉਸ 'ਤੇ ਵਿਸ਼ਵਾਸ ਕਰਨ ਲੱਗਾ। ਬਲਬੀਰ ਸਿੰਘ ਨੇ



ਦਲਜੀਤ ਨੂੰ ਆਪਣੇ ਬੇਟੇ ਨੂੰ ਕੈਨੇਡਾ ਭੇਜਣ ਦੀ ਗੱਲ ਕਹੀ ਤਾਂ ਉਸ ਨੇ ਕਿਹਾ ਕਿ ਕੁੱਲ 12 ਲੱਖ ਦਾ ਖਰਚਾ ਆਵੇਗਾ, ਜਿਸ ਵਿਚੋਂ ਅੱਧੇ ਪੈਸੇ ਉਹ ਪਹਿਲਾਂ ਲਵੇਗਾ ਅਤੇ ਬਾਕੀ ਦੇ ਪੈਸੇ ਵੀਜਾ ਆਉਣ ਤੋਂ ਬਾਅਦ। ਬਲਬੀਰ ਸਿੰਘ ਨੇ ਉਸ ਨੂੰ ਆਪਣੇ ਬੇਟੇ ਦਾ ਪਾਸਪੋਰਟ ਅਤੇ ਹੋਰ ਦਸਤਾਵੇਜਾਂ ਦੇ ਨਾਲ-ਨਾਲ 6 ਲੱਖ ਰੁਪਏ ਦੇ ਦਿੱਤੇ। ਪੈਸੇ ਲੈਣ ਉਪਰੰਤ ਉਸ ਨੇ 4 ਤੋਂ 5 ਮਹੀਨਿਆਂ ਅੰਦਰ ਕੰਮ ਹੋਣ ਦਾ ਦਾਅਵਾ ਕੀਤਾ ਪਰ ਕਹੇ ਗਏ ਸਮੇਂ ਤੋਂ ਵੀ ਜ਼ਿਆਦਾ ਸਮਾਂ ਬੀਤ ਗਿਆ ਤਾਂ ਉਸ ਨੇ ਦਲਜੀਤ ਸਿੰਘ ਨਾਲ ਗੱਲ ਕੀਤੀ ਪਰ ਉਹ ਟਾਲ-ਮਟੋਲ ਕਰਨ ਲੱਗਾ। ਸ਼ੱਕ ਪੈਣ 'ਤੇ ਜਦੋਂ ਬਲਬੀਰ ਸਿੰਘ ਨੇ ਪਤਾ ਕਰਵਾਇਆ ਤਾਂ ਦਲਜੀਤ ਸਿੰਘ ਵੱਲੋਂ ਦਿੱਤਾ ਗਿਆ ਘਰ ਦਾ ਪਤਾ ਗਲਤ ਨਿਕਲਿਆ। ਦਲਜੀਤ ਸਿੰਘ ਬੈਂਸ ਖੁਦ ਦਾ ਫੋਨ ਵੀ ਬੰਦ ਕਰ ਚੁੱਕਾ ਸੀ। ਇਸ ਸਬੰਧੀ ਪੁਲਸ ਦੇ ਉੱਚ ਅਧਿਕਾਰੀ ਨੂੰ ਸ਼ਿਕਾਇਤ ਦਿੱਤੀ ਗਈ, ਜਿਸ ਦੀ ਜਾਂਚ ਤੋਂ ਬਾਅਦ ਦਲਜੀਤ ਸਿੰਘ ਖ਼ਿਲਾਫ ਥਾਣਾ-7 'ਚ ਫਰਾਡ ਦਾ ਕੇਸ ਦਰਜ ਲਿਆ। ਜਾਂਚ 'ਚ ਇਹ ਵੀ ਗੱਲ ਸਾਹਮਣੇ ਆਈ ਕਿ ਅੰਮ੍ਰਿਤਸਰ ਦੇ ਛਰਾਟਾ ਥਾਣੇ 'ਚ ਵੀ ਦਲਜੀਤ ਸਿੰਘ ਖ਼ਿਲਾਫ ਵਿਦੇਸ਼ ਭੇਜਣ ਦੇ ਨਾਂ ਦੀ ਠੱਗੀ ਦਾ ਕੇਸ ਦਰਜ ਹੈ, ਜੋ ਉਸ ਮਾਮਲੇ 'ਚ ਫਰਾਰ ਹੈ।

## ਸ਼ੱਕੀ ਹਾਲਤ 'ਚ ਰੇਲ ਗੱਡੀ 'ਚੋਂ ਪੁਲਸ ਕਾਂਸਟੇਬਲ ਦੀ ਲਾਸ਼ ਬਰਾਮਦ

ਬਠਿੰਡਾ 29 ਮਈ। ਸ਼ੱਕੀ ਹਾਲਤ ਵਿਚ ਬਠਿੰਡਾ ਰੇਲਵੇ ਸਟੇਸ਼ਨ'ਤੇ ਪਹੁੰਚੀ ਇਕ ਰੇਲ 'ਚੋਂ ਪੁਲਸ ਕਾਂਸਟੇਬਲ ਦੀ ਲਾਸ਼ ਬਰਾਮਦ ਹੋਈ ਹੈ। ਮ੍ਰਿਤਕ ਦੀ ਲਾਸ਼ ਨੂੰ ਪੁਲਸ ਕਾਰਵਾਈ ਤੋਂ ਬਾਅਦ ਨੌਜਵਾਨ ਵੈਲਫੇਅਰ ਸੁਸਾਇਟੀ ਦੇ ਵਾਲੰਟੀਅਰਾਂ ਵਲੋਂ ਹਸਪਤਾਲ ਪਹੁੰਚਾਇਆ। ਜਾਣਕਾਰੀ ਅਨੁਸਾਰ ਬਠਿੰਡਾ ਦੇ ਪਲੇਟਫਾਰਮ ਨੰਬਰ 6 'ਤੇ ਪਹੁੰਚੀ ਇਕ ਰੇਲ ਗੱਡੀ ਵਿਚ ਇਕ ਪੁਲਸ ਮੁਲਾਜਮ ਦੀ ਲਾਸ਼ ਪਈ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਣ 'ਤੇ ਸੰਸਥਾ ਦੇ ਇਕ ਰੇਲ ਗੱਡੀ ਵਿਚ ਇਕ ਪੁਲਸ ਮੁਲਾਜਮ ਦੀ ਲਾਸ਼ ਪਈ ਹੋਣ ਦੀ ਸੂਚਨਾ ਮਿਲੀ ਵਾਲੰਟੀਅਰ ਮੋਨੂੰ ਸ਼ਰਮਾ, ਹਰਸ਼ਿਤ ਚਾਵਲਾ ਮੌਕੇ 'ਤੇ ਪਹੁੰਚੇ। ਮ੍ਰਿਤਕ ਦੀ ਲਾਸ਼ ਰੇਲ ਗੱਡੀ ਵਿਚ ਪਈ ਸੀ। ਮ੍ਰਿਤਕ ਦੀ ਸ਼ਨਾਖਤ ਵਿਨੋਦ ਕੁਮਾਰ ਪੁੱਤਰ ਸੁਰਜੀਤ ਸਿੰਘ ਵਾਸੀ ਅਬੋਹਰ ਵਜੋਂ ਹੋਈ। ਸੂਤਰਾਂ ਅਨੁਸਾਰ ਪੁਲਸ ਵਿਚ ਕਾਂਸਟੇਬਲ ਵਜੋਂ ਤੈਨਾਤ ਸੀ ਅਤੇ ਫਰੀਦਕੋਟ ਵਿਖੇ ਡਿਊਟੀ ਕਰਕੇ ਵਾਪਿਸ ਘਰ ਜਾ ਰਿਹਾ ਸੀ। ਫਿਲਹਾਲ ਪੁਲਸ ਵਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਗਾਜੇ-ਵਾਜੇ ਨਾਲ ਚੱਲ ਰਹੇ ਵਿਆਹ 'ਚ ਪੈ ਗਿਆ ਭੜਥੂ, ਲਾੜੇ ਨੂੰ ਥਾਣੇ ਲੈ ਗਈ ਪੁਲਸ

ਫਿਰੋਜ਼ਪੁਰ 29 ਮਈ। ਫਿਰੋਜ਼ਪੁਰ ਦੇ ਥਾਣਾ ਮਮਦੋਟ ਅਧੀਨ ਪੈਂਦੇ ਇਕ ਪਿੰਡ ਵਿਚ ਪਹਿਲਾਂ ਹੀ ਵਿਆਹਿਆ ਪਤੀ ਜਦ ਦੂਜਾ ਵਿਆਹ ਕਰਵਾਉਣ ਲਈ ਬਰਾਤ ਲੈ ਕੇ ਪਿੰਡ ਵਿਚ ਪਹੁੰਚਿਆ ਤਾਂ ਇਸ ਗੱਲ ਦਾ ਉਸ ਦੀ ਪਹਿਲੀ ਪਤਨੀ ਨੂੰ ਪਤਾ ਲੱਗ ਗਿਆ ਅਤੇ ਪਹਿਲੀ ਪਤਨੀ ਤੇ ਉਸ ਦਾ ਪਰਿਵਾਰ ਪੁਲਸ ਲੈ ਕੇ ਉਥੇ ਪਹੁੰਚ ਗਿਆ ਤੇ ਫਿਰ ਖੂਬ ਹਾਈ ਵੋਲਟੇਜ ਡਰਾਮਾ ਹੋਇਆ। ਵਿਆਹੁਤਾ ਔਰਤ ਨੇ ਦੱਸਿਆ ਕਿ ਉਸ ਦਾ ਆਪਣੇ ਪਤੀ ਨਾਲ ਝਗੜਾ ਚੱਲ ਰਿਹਾ ਸੀ ਅਤੇ ਉਸ ਦੇ ਪਤੀ ਨੇ ਉਸ ਨੂੰ ਘਰੋਂ ਕੱਢਿਆ ਹੋਇਆ ਹੈ। ਵਿਆਹੁਤਾ ਅਨੁਸਾਰ ਉਸ ਨੇ ਥਾਣਾ ਵੂਮੈਨ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਸੀ ਅਤੇ ਪੰਚਾਇਤ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਉਸ ਦਾ ਪਤੀ ਉਸ ਨੂੰ ਆਪਣੇ ਨਾਲ ਲੈ ਕੇ ਜਾਵੇਗਾ ਪਰ ਉਹ ਨਹੀਂ ਆਇਆ। ਅੱਜ ਜਦੋਂ ਉਹ ਆਪਣਾ ਦੂਜਾ ਵਿਆਹ ਕਰਵਾਉਣ ਲਈ ਬਰਾਤ ਲੈ ਕੇ ਪਹੁੰਚਿਆ ਤਾਂ ਉਸ ਨੂੰ ਇਸ ਵਿਆਹ ਕਰਵਾ ਰਿਹਾ ਹੈ ਤਾਂ ਪੁਲਸ ਲਾੜੇ ਅਤੇ ਉਸ ਦੇ ਪਿਤਾ ਨੂੰ ਆਪਣੇ ਨਾਲ ਥਾਣੇ ਲੈ ਗਈ। ਦੂਜੇ



ਗੱਲ ਦੀ ਖਬਰ ਮਿਲ ਗਈ ਅਤੇ ਉਸ ਨੇ ਥਾਣਾ ਮਮਦੋਟ ਦੀ ਪੁਲਸ ਨੂੰ ਇਹ ਸ਼ਿਕਾਇਤ ਕੀਤੀ ਕਿ ਉਸ ਦਾ ਅਜੇ ਤੱਕ ਤਲਾਕ ਨਹੀਂ ਹੋਇਆ ਹੈ ਅਤੇ ਉਸ ਦਾ ਪਤੀ ਤਲਾਕ ਲਏ ਬਿਨ੍ਹਾ ਹੀ ਦੂਜਾ ... ਪਾਸੇ ਲਾੜੇ ਅਤੇ ਉਸ ਦੇ ਪਿਤਾ ਦਾ ਕਹਿਣਾ ਹੈ ਕਿ ਲਾੜੇ ਨੇ ਅਦਾਲਤ ਵਿਚ ਕੇਸ ਦਾਇਰ ਕੀਤਾ ਹੋਇਆ ਸੀ ਅਤੇ ਉਸ ਦਾ ਐਕਸ ਪਾਰਟੀ ਤਲਾਕ ਹੋ ਚੁੱਕਾ ਹੈ ਅਤੇ ਅਦਾਲਤ ਦੇ ਫੈਸਲੇ ਤੋਂ ਬਾਅਦ ਹੀ ਉਹ ਦੂਜਾ ਵਿਆਹ ਕਰਵਾ ਰਿਹਾ ਸੀ। ਉਧਰ ਥਾਣਾ ਮਮਦੋਟ ਦੀ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ

## ਪਤੀ ਨਾਲ ਝਗੜੇ ਮਗਰੋਂ ਮਾਂ ਨੇ ਮਾਸੂਮ ਧੀ ਦਾ ਕੀਤਾ ਕਤਲ, ਫਿਰ ਲਾਸ਼ ਨਾਲ 4 ਕਿ.ਮੀ

ਨਾਗੁਪਰ 29 ਮਈ। ਮਹਾਰਾਸ਼ਟਰ ਦੇ ਨਾਗਪੁਰ 'ਚ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਇਕ ਔਰਤ ਆਪਣੇ ਪਤੀ ਨਾਲ ਝਗੜੇ ਮਗਰੋਂ ਇੰਨਾ ਗੁੱਸੇ ਵਿਚ ਆ ਗਈ ਕਿ ਉਸ ਨੇ ਆਪਣੀ 3 ਸਾਲ ਦੀ ਮਾਸੂਮ ਧੀ ਦਾ ਗਲ ਘੁੱਟ ਕੇ ਕਤਲ ਕਰ ਦਿੱਤਾ। ਔਰਤ ਘਟਨਾ ਬਾਰੇ ਪੁਲਸ ਨੂੰ ਸੂਚਿਤ ਕਰਨ ਤੋਂ ਪਹਿਲਾਂ ਲਾਸ਼ ਨਾਲ ਲੱਗਭਗ 4 ਕਿਲੋਮੀਟਰ ਤੱਕ ਸੜਕਾਂ 'ਤੇ ਘੁੰਮਦੀ ਰਹੀ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਸ਼ਾਮ ਨੂੰ ਖੇਤਰ ਵਿਚ ਵਾਪਰੀ। ਪੁਲਸ ਨੇ ਦੋਸ਼ੀ ਔਰਤ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਮਾਂ ਟਵਿੰਕਲ ਰਾਉਤ (23) ਅਤੇ ਉਸ ਦਾ ਪਤੀ ਰਾਮ ਲਕਸਮਣ ਰਾਉਤ (24) 4 ਸਾਲ ਪਹਿਲਾਂ ਰੁਜਗਾਰ ਦੀ ਭਾਲ ਵਿਚ ਨਾਗਪੁਰ ਆਏ ਸਨ। ਪੁਲਸ ਨੇ ਦੱਸਿਆ ਕਿ ਉਹ ਇਕ ਕਾਗਜੀ ਬਣਾਉਣ ਵਾਲੀ ਕੰਪਨੀ ਵਿਚ ਕੰਮ ਕਰਦੇ ਸਨ ਅਤੇ ਖੇਤਰ ਵਿਚ ਹਿੰਗਨਾ ਰੋਡ ਉੱਤੇ ਕੰਪਨੀ ਦੇ ਅਹਾਤੇ ਵਿਚ ਇਕ ਕਮਰੇ 'ਚ ਰਹਿੰਦੇ ਸਨ। ਉਨ੍ਹਾਂ ਵਿਚਕਾਰ ਅਕਸਰ ਲੜਾਈ ਹੁੰਦੀ ਰਹਿੰਦੀ ਸੀ। ਥਾਣੇ ਦੇ ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਸਾਮ ਕਰੀਬ 4 ਵਜੇ ਦੋਹਾਂ ਵਿਚਕਾਰ ਇਕ ਵਾਰ ਫਿਰ ਲੜਾਈ ਹੋਈ ਅਤੇ ਤਿੱਖੀ ਬਹਿਸ ਦੌਰਾਨ ਉਨ੍ਹਾਂ ਦੀ ਧੀ ਰੋਣ ਲੱਗੀ। ਅਧਿਕਾਰੀ ਨੇ ਦੱਸਿਆ ਕਿ ਮਾਂ ਗੁੱਸੇ 'ਚ ਆ ਕੇ ਆਪਣੀ ਧੀ ਨੂੰ ਘਰੋਂ ਬਾਹਰ ਲੈ ਗਈ ਅਤੇ ਇਕ ਦਰੱਖਤ ਹੇਠਾਂ ਬੱਚੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਮੁਤਾਬਕ ਉਹ ਲਾਸ ਨੂੰ ਲੈ ਕੇ ਕਰੀਬ ਚਾਰ ਕਿਲੋਮੀਟਰ ਤੱਕ ਇਧਰ-ਉਧਰ ਭਟਕਦੀ ਰਹੀ। ਰਾਤ ਕਰੀਬ 8 ਵਜੇ ਉਸ ਨੇ ਪੁਲਸ ਦੀ ਗੱਡੀ ਦੇਖ ਕੇ ਪੁਲਸ ਮੁਲਾਜਮਾਂ ਨੂੰ ਘਟਨਾ ਦੀ ਸੂਚਨਾ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਪੁਲਸ ਬੱਚੀ ਨੂੰ ਹਸਪਤਾਲ ਲੈ ਗਈ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਪੁਲਸ ਨੇ ਔਰਤ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਦੀ ਧਾਰਾ-302 (ਕਤਲ) ਤਹਿਤ ਕੇਸ ਦਰਜ ਕਰ ਲਿਆ ਹੈ। ਅਧਿਕਾਰੀ ਨੇ ਦੱਸਿਆ ਕਿ ਬਾਅਦ 'ਚ ਔਰਤ ਨੂੰ ਅਦਾਲਤ 'ਚ ਪੇਸ ਕੀਤਾ ਗਿਆ, ਜਿੱਥੋਂ ਉਸ ਨੂੰ 29 ਮਈ ਤੱਕ ਪੁਲਸ ਹਿਰਾਸਤ 'ਚ ਭੇਜ ਦਿੱਤਾ ਗਿਆ।

# 4000 ਤੋਂ ਵੱਧ ਸ਼ਿਕਾਇਤਾਂ, 7-8 ਘੰਟੇ ਦੇ ਪਾਵਰਕੱਟ ਨਾਲ ਲੋਕ ਹਾਲੋ-ਬੇਹਾਲ

ਜਲੰਧਰ 29 ਮਈ। ਵਧ ਰਹੀ ਗਰਮੀ ਕਾਰਨ ਪੈ ਰਹੇ ਬਿਜਲੀ ਦੇ ਫਾਲਟ ਜਨਤਾ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਰਹੇ ਹਨ। ਬਿਜਲੀ ਦੀ ਵਰਤੋਂ ਵਧਣ ਕਾਰਨ ਟਰਾਂਸਫਾਰਮਰ ਓਵਰਲੋਡ ਹੋ ਰਹੇ ਹਨ, ਜਿਸ ਕਾਰਨ ਫਿਊਜ ਉੱਡਣ ਅਤੇ ਹੋਰ ਫਾਲਟ ਪੈਣ ਦਾ ਕ੍ਰਮ ਬਹੁਤ ਵਧ ਰਿਹਾ ਹੈ। ਵਿਭਾਗ ਵੱਲੋਂ ਲੋਕਾਂ ਦੀਆਂ ਸਹੂਲਤਾਂ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਤਾਂ ਕਿ ਫਾਲਟ ਪੈਣ ਤੋਂ ਬਾਅਦ ਸ਼ਿਕਾਇਤਾਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾ ਸਕੇ। ਦੂਜੇ ਪਾਸੇ ਮੰਗਲਵਾਰ ਬਿਜਲੀ ਦੇ ਫਾਲਟ ਸਬੰਧੀ 4000 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਸ ਕਾਰਨ ਵੱਖ-ਵੱਖ ਇਲਾਕਿਆਂ ਵਿਚ 7-8 ਘੰਟੇ ਦਾ ਪਾਵਰਕੱਟ ਰਿਹਾ। ਇੰਨੀ ਗਰਮੀ ਵਿਚ ਲੰਮੇ ਪਾਵਰਕੱਟਾਂ ਨਾਲ ਜਨਤਾ ਹਾਲੋ-ਬੇਹਾਲ ਹੋ ਰਹੀ ਹੈ। ਵਧੇਰੇ ਲੋਕਾਂ ਦੀਆਂ ਸ਼ਿਕਾਇਤਾਂ ਹਨ ਕਿ ਵਿਭਾਗੀ ਕਰਮਚਾਰੀ ਸਮੇਂ 'ਤੇ ਰਿਪੇਅਰ ਕਰਨ ਨਹੀਂ ਪਹੁੰਚਦੇ, ਜਿਸ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਉਠਾਉਣੀ ਪੈ ਰਹੀ ਹੈ। ਕਈ ਇਲਾਕਿਆਂ ਵਿਚ ਤਾਰਾਂ ਸੜਨ ਕਾਰਨ ਰਿਪੇਅਰ ਦੇ ਕੰਮ ਵਿਚ ਕਈ ਘੰਟਿਆਂ ਦਾ ਵਾਧੂ ਸਮਾਂ ਲੱਗਾ, ਜਿਸ ਕਾਰਨ ਲੋਕਾਂ ਨੂੰ ਗਰਮੀ ਵਿਚ ਸਮਾਂ ਬਿਤਾਉਣ 'ਤੇ ਮਜਬੂਰ ਹੋਣਾ ਪਿਆ। ਬਸਤੀ ਦਾਨਿਸ਼ਮੰਦਾਂ ਸਮੇਤ ਨੇੜਲੇ ਇਲਾਕਿਆਂ ਵਿਚ ਜਨਤਾ ਦਾ ਗੁੱਸਾ ਰੋਜਾਨਾ ਵਧਦਾ ਜਾ ਰਿਹਾ ਹੈ, ਜੋ ਕਿ ਆਉਣ ਵਾਲੇ ਦਿਨਾਂ ਵਿਚ ਵੱਡੇ ਧਰਨਾ-ਪ੍ਰਦਰਸ਼ਨ ਵਿਚ ਤਬਦੀਲ ਹੋ ਸਕਦਾ ਹੈ। ਇਸੇ ਤਰ੍ਹਾਂ ਨਾਲ ਵੱਖ-ਵੱਖ ਇਲਾਕਿਆਂ ਦੇ ਲੋਕਾਂ ਦਾ ਦੋਸ਼ ਹੈ ਕਿ ਬਿਜਲੀ ਘਰਾਂ ਵਿਚ ਕਰਮਚਾਰੀਆਂ ਦੀ ਗੈਰ-ਹਾਜਰੀ



ਕਾਰਨ ਉਨ੍ਹਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਜੇ ਪਾਸੇ ਅਮਨ ਵਿਹਾਰ, ਸਲੇਮਪੁਰ ਰੋਡ, ਨਜਦੀਕ ਵੇਰਕਾ ਮਿਲਕ ਪਲਾਂਟ ਦੇ ਟਰਾਂਸਫਾਰਮਰ ਲਾਉਣ ਸਬੰਧੀ ਇਲਾਕਾ ਨਿਵਾਸੀਆਂ ਵਿਚ ਝਗੜਾ ਹੋ ਗਿਆ। ਇਸ ਬਾਰੇ ਥਾਣਾ ਨੰਬਰ 1 ਦੀ ਪੁਲਸ ਨੂੰ ਸ਼ਿਕਾਇਤ ਵੀ ਦਿੱਤੀ ਗਈ ਹੈ। ਇਲਾਕਾ ਨਿਵਾਸੀਆਂ ਨੇ ਕਿਹਾ ਕਿ ਸਵੇਰ ਦੇ ਸਮੇਂ ਬਿਜਲੀ ਕਰਮਚਾਰੀ ਟਰਾਂਸਫਾਰਮਰ ਲਾਉਣ ਲਈ ਆਏ ਸਨ ਪਰ ਕੁਝ ਲੋਕਾਂ ਨੇ ਟਰਾਂਸਫਾਰਮਰ ਲਾਉਣ ਤੋਂ ਮਨ੍ਹਾ ਕਰ ਦਿੱਤਾ। ਇਸ ਕਾਰਨ ਇਲਾਕਾ ਨਿਵਾਸੀਆਂ ਦਾ ਗੁੱਸਾ ਵਧ ਗਿਆ। ਲੋਕਾਂ ਨੇ ਕਿਹਾ ਕਿ ਇਲਾਕੇ ਵਿਚ ਲੋਡ ਦੀ ਸਮੱਸਿਆ ਕਾਰਨ ਬੁਰਾ ਹਾਲ ਹੈ ਪਰ ਕੁਝ ਲੋਕ ਟਰਾਂਸਫਾਰਮਰ ਨਹੀਂ ਲਾਉਣ ਦੇ ਰਹੇ। ਇਸੇ ਕਾਰਨ ਇਲਾਕਾ ਨਿਵਾਸੀਆਂ ਵੱਲੋਂ ਪੁਲਸ ਸੁਰੱਖਿਆ ਦੀ ਮੰਗ ਕੀਤੀ ਗਈ ਹੈ ਤਾਂ ਬਿਜਲੀ ਕਰਮਚਾਰੀ ਆਪਣਾ ਕੰਮ ਕਰ ਸਕਣ। ਦੱਸਿਆ ਜਾ ਰਿਹਾ ਹੈ ਕਿ ਥਾਣਾ ਨੰਬਰ 1 ਦੀ ਪੁਲਸ ਵੱਲੋਂ ਸੁਰੱਖਿਆ ਮੁਹੱਈਆ ਕਰਵਾਉਂਦੇ ਹੋਏ ਟਰਾਂਸਫਾਰਮਰ ਰਖਵਾਉਣ ਦਾ ਕੰਮ ਕਰਵਾਇਆ ਜਾਵੇਗਾ। ਪਾਵਰਕਾਮ ਦੇ ਸੁਪਰਿੰਟੈਂਡੈਂਟ ਇੰਜੀ. ਸੁਰਿੰਦਰਪਾਲ ਸੋਂਧੀ ਨੇ ਕਿਹਾ ਕਿ ਪਾਵਰਕਾਮ ਵੱਲੋਂ ਕਿਸੇ ਵੀ ਇਲਾਕੇ ਵਿਚ ਐਲਾਨਿਆ ਕੱਟ ਨਹੀਂ ਲਾਇਆ ਜਾ ਰਿਹਾ। ਸਮੇਂ 'ਤੇ ਰਿਪੇਅਰ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਗਰਮੀ ਵਿਚ ਅਚਾਨਕ ਵਾਧਾ ਹੋਇਆ ਹੈ, ਜਿਸ ਕਾਰਨ ਖਪਤਕਾਰਾਂ ਨੂੰ ਵਿਭਾਗ ਦਾ ਸਾਥ ਦੇਣਾ ਚਾਹੀਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਵਿਆਹ 'ਤੇ ਜਾ ਰਹੇ ਪਰਿਵਾਰ ਨਾਲ ਵਾਪਰਿਆ ਵੱਡਾ ਹਾਦਸਾ, ਖੁਸ਼ੀਆਂ ਦੀ ਥਾਂ ਪੈ ਗਏ ਵੈਣ

ਫਿਰੋਜ਼ਪੁਰ 29 ਮਈ। ਫਿਰੋਜ਼ਪੁਰ-ਜੀਰਾ ਰੋਡ 'ਤੇ ਪੈਂਦੇ ਪਿੰਡ ਖੋਸਾ ਦਲ ਸਿੰਘ ਕੋਲੇ ਟਿੱਪਰ ਅਤੇ ਈ-ਰਿਕਸਾ ਵਿਚਕਾਰ ਟੱਕਰ ਹੋ ਗਈ, ਜਿਸ ਵਿਚ ਇਕ ਮਹਿਲਾ ਦੀ ਮੌਤ ਹੋ ਗਈ ਜਦਕਿ ਦੋ ਲੋਕਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਉਕਤ ਪਰਿਵਾਰ ਫਿਰੋਜ਼ਪੁਰ ਤੋਂ ਜੀਰਾ ਵਿਖੇ ਆਪਣੇ ਰਿਸਤੇਦਾਰੀ ਵਿਚ ਵਿਆਹ ਸਮਾਗਮ ਵਿਚ ਸਾਮਿਲ ਹੋਣ ਲਈ ਜਾ ਰਿਹਾ ਸੀ। ਇਸ ਦੌਰਾਨ ਜਦੋਂ ਉਹ ਪਿੰਡ ਖੋਸਾ ਦਲ ਸਿੰਘ ਕੋਲ ਪਹੁੰਚੇ ਤਾਂ ਪਿੱਛੋਂ ਤੇਜ ਰਫਤਾਰ ਨਾਲ ਆ ਰਹੇ ਟਿੱਪਰ ਨੇ ਉਨ੍ਹਾਂ ਦੇ ਈ ਰਿਕਸਾ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਉਥੇ ਚੀਕ ਚਿਹਾੜਾ ਪੈ ਗਿਆ। ਇਸ ਭਿਆਨਕ ਹਾਦਸੇ ਵਿਚ ਬਜੁਰਗ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੋ ਗੰਭੀਰ ਜਖਮੀਆਂ ਨੂੰ ਲੋਕਾਂ ਦੇ ਸਹਿਯੋਗ ਨਾਲ ਇਲਾਜ ਲਈ ਸਿਵਲ ਹਸਪਤਾਲ ਫਿਰੋਜਪੁਰ ਵਿਚ ਦਾਖਿਲ ਕਰਵਾਇਆ ਗਿਆ ਹੈ। ਡਾਕਟਰਾਂ ਵੱਲੋਂ ਜਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਦੋਵੇਂ ਜਖਮੀ ਖਤਰੇ ਤੋਂ ਬਾਹਰ ਦੱਸੇ ਜਾ ਰਹੇ ਹਨ। ਉਥੇ ਹੀ ਟਿੱਪਰ ਡਰਾਈਵਰ ਟਿੱਪਰ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਟਰੱਕ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਫਾਜਿਲਕਾ 'ਚ ਭਿਆਨਕ ਹਾਦਸੇ ਦੌਰਾਨ ਨੌਜਵਾਨ ਵਕੀਲ ਦੀ ਮੌਤ

ਫਾਜਿਲਕਾ 29 ਮਈ। ਇੱਥੇ ਨੌਜਵਾਨ ਵਕੀਲ ਦੀ ਭਿਆਨਕ ਸੜਕ ਹਾਦਸੇ 'ਚ ਮੌਤ ਹੋਣ ਦੀ ਖਬਰ ਪ੍ਰਾਪਤ ਹੋਈ ਹੈ। ਫਿਲਹਾਲ ਪਰਿਵਾਰਕ ਮੈਂਬਰਾਂ ਵਲੋਂ ਇਸ ਮਾਮਲੇ 'ਚ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਦੀ ਪਛਾਣ ਵਕੀਲ ਤਰੁਣ ਵਧਵਾ ਵਜੋਂ ਹੋਈ ਹੈ, ਜਿਸ ਦਾ 4 ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਤਰੁਣ ਆਪਣੀ ਸਾਲੀ ਨੂੰ ਲੁਧਿਆਣਾ ਛੱਡਣ ਲਈ ਆਪਣੇ ਸਹੁਰੇ ਨਾਲ ਗਿਆ ਸੀ। ਜਦੋਂ ਉਹ ਵਾਪਸ ਆ ਰਹੇ ਸਨ ਤਾਂ ਜਲਾਲਾਬਾਦ ਨੇੜੇ ਪਿੰਡ ਬੱਗੇ ਦੇ ਮੋੜ 'ਤੇ ਗਲਤ ਸਾਈਡ ਤੋਂ ਆ ਰਹੇ ਤੇਲ ਦੇ ਟੈਂਕਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ ਤਰੁਣ ਅਤੇ ਉਸ ਦਾ ਸਹੁਰਾ ਬੁਰੀ ਤਰ੍ਹਾਂ ਜਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ। ਤਰੁਣ ਦੇ ਸਹੁਰੇ ਦਾ ਤਾਂ ਬਚਾਅ ਰਿਹਾ ਪਰ ਤਰੁਣ ਦੀ ਗੰਭੀਰ ਹਾਲਤ ਦੇਖਦੇ ਹੋਏ ਉਸ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ ਪਰ ਤਰੁਣ ਨੇ ਰਾਹ 'ਚ ਹੀ ਦਮ ਤੋੜ ਦਿੱਤਾ। ਫਿਲਹਾਲ ਤਰੁਣ ਦੀ ਲਾਸ਼ ਨੂੰ ਫਾਜਿਲਕਾ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ

# ਲੋਕ ਸਭਾ ਚੋਣਾਂ ਨੂੰ ਲੈ ਕੇ ਮਿਡ-ਡੇ-ਮੀਲ ਮੁਲਾਜਮਾਂ ਲਈ ਜਾਰੀ ਹੋਏ ਨਵੇਂ ਹੁਕਮ

ਲੁਧਿਆਣਾ 29 ਮਈ। ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿੱਖਿਆ) ਵੱਲੋਂ ਲੋਕ ਸਭਾ ਚੋਣਾਂ 2024 ਦੇ ਸਬੰਧ 'ਚ 31 ਮਈ ਅਤੇ 1 ਜੂਨ ਨੂੰ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ 'ਚ ਪੋਲਿੰਗ ਸਟਾਫ ਦੇ ਚਾਹ, ਨਾਸ਼ਤਾ ਅਤੇ ਖਾਣ ਦੇ ਪ੍ਰਬੰਧ ਦੇ ਸਬੰਧ 'ਚ ਸਾਰੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀਆਂ, ਬੂਥ ਪੱਧਰ ਅਧਿਕਾਰੀਆਂ ਅਤੇ ਸਾਰੇ ਪ੍ਰਿੰਸੀਪਲਾਂ ਨੂੰ ਵਿਸ਼ੇਸ਼ ਦਿਸ਼ਾ-



ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਵਿਚ ਕਿਹਾ ਗਿਆ ਹੈ ਕਿ ਲੋਕ ਸਭਾ ਚੋਣਾਂ 2024 ਦੌਰਾਨ ਸਕੂਲਾਂ 'ਚ ਡਿਊਟੀ 'ਤੇ ਤਾਇਨਾਤ ਪੋਲਿੰਗ ਸਟਾਫ ਨੂੰ ਪ੍ਰੀ-ਪੋਲ ਡੇਅ ਅਤੇ ਪੋਲ-ਡੇਅ ਵਾਲੇ ਦਿਨ ਚਾਹ-ਨਾਸ਼ਤਾ-ਖਾਣੇ ਦੀ ਸਪਲਾਈ ਮਿਡੇ-ਡੇ-ਮੀਲ ਵਰਕਰਾਂ ਵੱਲੋਂ ਕੀਤੀ ਜਾਣੀ ਹੈ। ਇਥੇ ਸਪੱਸ਼ਟ ਕੀਤਾ ਗਿਆ ਹੈ ਕਿ ਸਰਕਾਰੀ ਸਕੂਲ ਵੱਲੋਂ ਮਿਡ-ਡੇ-ਮੀਲ ਦੇ ਅਨਾਜ ਅਤੇ ਸਾਮਾਨ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਸਬੰਧਤ ਸਕੂਲ ਜਿਨ੍ਹਾਂ 'ਚ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਦੇ ਮਿਡ-ਡੇ-ਮੀਲ ਵਰਕਰ ਪੋਲਿੰਗ ਬੂਥ 'ਤੇ ਆਪਣੀ ਹਾਜ਼ਰੀ ਯਕੀਨੀ ਬਣਾਉਣਗੇ, ਜਿਨ੍ਹਾਂ ਕੁੱਕਕਮ-ਹੈਲਪਰ ਦੀ ਚੋਣ ਦੌਰਾਨ ਡਿਊਟੀ ਲੱਗੀ ਹੈ, ਉਸ ਸਕੂਲ ਵੱਲੋਂ ਕੁੱਕ-ਕਮ-ਹੈਲਪਰ ਦੀ ਡਿਊਟੀ ਆਰਡਰ ਬੁਕ 'ਤੇ ਨੋਟ ਕਰਵਾਈ ਜਾਵੇਗੀ। ਕੁਝ ਲੋਕੇਸ਼ਨਾਂ ਪ੍ਰਾਈਵੇਟ ਹਨ, ਜਿੱਥੇ ਮਿਡ-ਡੇ-ਮੀਲ ਦੀ ਸਹੂਲਤ ਮੁਹੱਈਆ ਨਹੀਂ ਹੈ। ਇਨ੍ਹਾਂ ਲੋਕੇਸ਼ਨਾਂ 'ਤੇ ਪੋਲਿੰਗ ਸਟਾਫ ਨੂੰ ਚਾਹ, ਨਾਸ਼ਤਾ, ਖਾਣਾ ਨੇੜੇ ਦੇ ਸਰਕਾਰੀ ਸਕੂਲ ਜਿਥੇ ਮਿਡ-ਡੇ ਮੀਲ ਦੀ ਸਹੂਲਤ ਉਪਲੱਬਧ ਹੈ, ਤੋਂ ਮੁਹੱਈਆ ਕਰਵਾਇਆ ਜਾਵੇਗਾ। ਜਿਨ੍ਹਾਂ ਪ੍ਰਾਈਵੇਟ ਸਕੂਲਾਂ ਜਾਂ ਹੋਰ ਕਿਸੇ ਸਥਾਨ (ਜੰਝਘਰ, ਪੰਚਾਇਤ ਘਰ ਜਾਂ ਹੋਰ ਕਿਸੇ ਜਗ੍ਹਾ) ਦੇ ਨੇੜੇ ਸਰਕਾਰੀ ਸਕੂਲ ਤੋਂ ਪੋਲਿੰਗ ਸਟਾਫ ਦੇ ਚਾਹ, ਨਾਸ਼ਤਾ, ਖਾਣੇ ਦੇ ਪ੍ਰਬੰਧ ਦੀ ਦੇਖ-ਰੇਖ ਲਈ ਬਲਾਕ ਪੱਧਰ ਅਫਸਰ (ਬੀ. ਐੱਲ. ਓ.) ਨੂੰ ਫੂਡ ਕੋਆਰਡੀਨੇਟਰ ਨਿਯੁਕਤ ਕੀਤਾ ਜਾਵੇਗਾ। ਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਸਰਕਾਰੀ ਸਕੂਲਾਂ ਨਾਲ ਅਟੈਚ ਕੀਤਾ ਗਿਆ ਹੈ। ਇਸ ਦੇ ਸਬੰਧ 'ਚ ਪ੍ਰਾਈਵੇਟ ਸਕੂਲਾਂ ਦੇ ਬੀ. ਐੱਲ. ਓ. ਅਤੇ ਸਰਕਾਰੀ ਸਕੂਲਾਂ ਦੇ ਬੀ. ਐੱਲ. ਓ. ਦੋਵੇਂ ਹੀ ਆਪਸ 'ਚ ਸੰਪਰਕ ਕਰਦੇ ਹੋਏ ਪ੍ਰਾਈਵੇਟ ਸਕੂਲ ਤੱਕ ਖਾਣਾ ਪਹੁੰਚਾਉਣ ਲਈ ਪਾਬੰਦ ਹੋਣਗੇ ਅਤੇ ਬਾਕੀ ਸਰਕਾਰੀ ਸਕੂਲਾਂ ਦੇ ਬੀ. ਐੱਲ. ਓ. ਮੌਕੇ 'ਤੇ ਖਾਣੇ ਦੀ ਦੇਖ-ਰੇਖ ਕਰਨਗੇ। ਪ੍ਰਾਈਵੇਟ ਸਕੂਲਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਚੋਣਾਂ ਦੌਰਾਨ ਪ੍ਰੀ-ਪੋਲ ਡੇਅ 31 ਮਈ ਨੂੰ ਅਤੇ ਚੋਣਾਂ ਵਾਲੇ ਦਿਨ 1 ਜੂਨ ਨੂੰ 2 (ਮੁਲਾਜ਼ਮ ਦਰਜਾ-4) ਖਾਣਾ ਲਿਆਉਣ ਅਤੇ ਲਿਜਾਣ ਲਈ ਪ੍ਰਬੰਧ ਹੋਣਗੇ ਅਤੇ ਇਸ ਕੰਮ ਦੀ ਦੇਖ-ਰੇਖ ਲਈ ਸਕੂਲ ਦੇ 2 ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇਗੀ। ਇਸ ਸਬੰਧੀ ਕਿਸੇ ਵੀ ਕਿਸਮ ਦੀ ਲਾਪ੍ਰਵਾਹੀ ਲਈ ਸਬੰਧਤ ਸਕੂਲ ਮੁਖੀ ਜ਼ਿੰਮੇਵਾਰ ਹੋਣਗੇ। ਪ੍ਰਾਈਵੇਟ ਸਕੂਲਾਂ ਦੇ ਬੀ. ਐੱਲ. ਓ. 31 ਮਈ ਨੂੰ ਉਥੇ ਤਾਇਨਾਤ ਸਾਰੇ ਪੋਲਿੰਗ ਸਟਾਫ ਦੀ ਜਾਣਕਾਰੀ ਸਰਕਾਰੀ ਸਕੂਲਾਂ ਦੇ ਬੀ. ਐੱਲ. ਓ. ਨੂੰ ਦੇਣਗੇ, ਤਾਂ ਕਿ ਖਾਣਾ ਤਿਆਰ ਕਰਨ ਉਪਰੰਤ ਉਸ ਨੂੰ ਸਕੂਲ 'ਚ ਨਿਰਧਾਰਤ ਸਮੇਂ ਦੌਰਾਨ ਸਪਲਾਈ ਕੀਤਾ ਜਾ ਸਕੇ। ਸਾਰੇ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਕੁੱਕ-ਕਮ-ਹੈਲਪਰ ਜੋ ਸਕੂਲ 'ਚ ਕੰਮ ਕਰਦੇ ਹਨ, ਨੂੰ ਨਿਰਦੇਸ਼ ਦਿੱਤੇ ਜਾਣ ਕਿ ਸਕੂਲ 'ਚ ਉਹ 31 ਮਈ ਨੂੰ ਸਮੇਂ 'ਤੇ ਹਾਜ਼ਰ ਰਹਿਣ ਅਤੇ ਸਮੇਂ ਮੁਤਾਬਕ ਤਾਇਨਾਤ ਸਾਰੇ ਪੋਲਿੰਗ ਸਟਾਫ ਦੀ ਜਾਣਕਾਰੀ ਬੀ. ਐੱਲ. ਓ. ਤੋਂ ਲੈਣ ਉਪਰੰਤ ਖਾਣਾ ਤਿਆਰ ਕਰਨ ਦੇ ਨਿਰਧਾਰਿਤ ਸਮੇਂ ਦੌਰਾਨ ਉਸ ਨੂੰ ਪਰੋਸਿਆ ਅਤੇ ਸਪਲਾਈ ਕੀਤਾ ਜਾ ਸਕੇ। ਸਾਰੇ ਸਕੂਲਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਚੋਣਾਂ ਦੌਰਾਨ ਪ੍ਰੀ-ਬੋਰਡ ਚੋਣਾਂ ਤੋਂ ਇਕ ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਲਈ ਦਿੱਤੇ ਸਕੂਲਾਂ 'ਚ ਪੂਰੇ ਪ੍ਰਬੰਧ ਮੁਕੰਮਲ ਕਰਨ ਲਏ ਜਾਣ, ਨਾਲ ਹੀ ਬੀ. ਐੱਲ. ਓ. ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸਾਰੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੋਵੇਗੀ। ਪੋਲਿੰਗ ਸਟਾਫ ਨੂੰ ਖਾਣਾ ਮੀਨੂ ਦੇ ਹਿਸਾਬ ਨਾਲ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇਗਾ। ਖਾਣਾ ਲਿਜਾਣ ਅਤੇ ਖਾਣ ਵਾਲੇ ਭਾਂਡੇ ਮੁਹੱਈਆ ਹੋਣ ਅਤੇ ਜੇਕਰ ਭਾਂਡਿਆਂ ਦੀ ਕਮੀ ਨਜ਼ਰ ਆ ਰਹੀ ਹੈ, ਤਾਂ ਜਿਸ ਸਕੂਲ ਵਿਚ ਬੂਥ ਨਹੀਂ ਬਣਿਆ, ਉੱਥੋਂ ਜ਼ਰੂਰੀ ਭਾਂਡਿਆਂ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਜਾਵੇ ਅਤੇ ਵਰਤਣ ਉਪਰੰਤ ਵਾਪਸ ਕਰਨਾ ਵੀ ਯਕੀਨੀ ਬਣਾਇਆ ਜਾਵੇ। ਜੇਕਰ ਕਿਸੇ ਸਕੂਲ 'ਚ ਬੂਥ ਜ਼ਿਆਦਾ ਹੋਣ ਕਾਰਨ ਕੁੱਕ-ਕਮ-ਹੈਲਪਰ ਦੀ ਸਰਵਿਸ ਘੱਟ ਨਜ਼ਰ ਆਉਂਦੀ ਹੈ ਤਾਂ ਉਹ ਸਕੂਲ ਉਸ ਸਕੂਲ ਦੇ ਕੁੱਕ-ਕਮ-ਹੈਲਪਰ ਦੀ ਸਰਵਿਸ ਲੈ ਸਕਦੇ ਹਨ, ਜਿਸ ਸਕੂਲ ਵਿਚ ਕੋਈ ਬੂਥ ਨਹੀਂ ਬਣਿਆ ਹੈ।

## ਜਲੰਧਰ 'ਚ ਸ਼ਰਮਨਾਕ ਘਟਨਾ: ਹਵਸ ਮਿਟਾਉਣ ਲਈ 5ਵੀਂ ਜਮਾਤ ਦੀ ਬੱਚੀ ਨਾਲ ਟੀਚਰ ਕਰਦਾ ਜਿਨਸੀ ਸ਼ੋਸ਼ਣ

ਜਲੰਧਰ 29 ਮਈ। ਜਲੰਧਰ ਵਿਖੇ ਇਕ ਅਧਿਆਪਕ ਵੱਲੋਂ ਬੇਸ਼ਰਮੀ ਦੀਆਂ ਹੱਦਾਂ ਪਾਰ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਇਥੋਂ ਦੇ ਇਕ ਇਲਾਕੇ ਵਿਚ ਸਕੂਲ ਵਿਚ ਪੜ੍ਹਦੀ 5ਵੀਂ ਜਮਾਤ ਦੀ ਬੱਚੀ ਨਾਲ ਅਧਿਆਪਕ ਆਪਣੀ ਹਵਸ ਮਿਟਾਉਣ ਖਾਤਿਰ ਉਸ ਦਾ ਜਿਨਸੀ ਸ਼ੋਸ਼ਣ ਕਰਦਾ ਰਿਹਾ। ਇਸ ਗੱਲ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਬੱਚੀ ਨੇ ਸਾਰੀ ਗੱਲ ਆਪਣੀ ਚਾਚੀ ਨੂੰ ਦੱਸੀ। ਬੱਚੀ ਦੀ ਮਾਂ ਵੱਲੋਂ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਉਣ ਮਗਰੋਂ ਪੁਲਸ ਨੇ ਅਧਿਆਪਕ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬੱਚੀ ਦੀ ਮਾਂ ਨੇ ਪੁਲਸ ਨੂੰ ਆਪਣੇ ਬਿਆਨ ਵਿਚ ਕਿਹਾ ਕਿ ਉਹ ਲੋਕਾਂ ਦੇ ਘਰਾਂ ਦਾ ਕੰਮ ਕਰਦੀ ਹੈ। ਉਸ ਦੀ ਬੱਚੀ ਹੁਣ ਛੁੱਟੀਆਂ ਹੋਣ ਕਰਕੇ ਨੇੜੇ ਰਹਿੰਦੀ ਚਾਚੀ ਦੇ ਕੋਲ ਰਹਿ ਰਹੀ ਸੀ। ਉਸ ਬੱਚੀ ਨੇ ਆਪਣੀ ਚਾਚੀ ਨੂੰ ਦੱਸਿਆ ਕਿ ਉਸ ਦੇ ਸਕੂਲ ਵਿਚ ਪੜ੍ਹਾਉਂਦਾ ਇਕ ਅਧਿਆਪਕ ਪਿਛਲੇ ਇਕ ਸਾਲ ਤੋਂ ਉਸ ਦਾ ਜਿਨਸੀ ਸ਼ੋਸ਼ਣ ਕਰਦਾ ਆ ਰਿਹਾ ਹੈ। ਉਕਤ ਅਧਿਆਪਕ ਬੱਚੀ ਨੂੰ ਰੋਜਾਨਾ ਪੁਰਾਣੀ ਕੰਟੀਨ ਵਿਚ ਬੁਲਾ ਕੇ ਅੰਦਰੋਂ ਦਰਵਾਜਾ ਬੰਦ ਕਰਨ ਉਪਰੰਤ ਉਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਉਸ ਨਾਲ ਗਲਤ ਹਰਕਤਾਂ ਕਰਦਾ ਰਿਹਾ ਹੈ। ਇਸ ਦੇ ਨਾਲ ਹੀ ਅਧਿਆਪਕ ਵੱਲੋਂ ਬੱਚੀ ਨੂੰ ਘਰ ਵਿਚ ਦੱਸਣ ਨੂੰ ਲੈ ਕੇ ਧਮਕੀਆਂ ਦਿੰਦਾ ਸੀ ਕਿ ਜੇਕਰ ਇਸ ਬਾਰੇ ਕਿਸੇ ਨੂੰ ਘਰ ਵਿਚ ਦੱਸਿਆ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ।

# ਨੌਜਵਾਨ ਬੰਸਰੀ 4 ਜੂਨ ਨੂੰ ਵੱਡੇ ਫਰਕ ਨਾਲ ਸਵਰਾਜ ਜਿੱਤਣ ਜਾ ਰਹੀ ਹੈ : ਚਰਨਜੀਵ ਮਲਹੋਤਰਾ

ਨਵੀਂ ਦਿੱਲੀ। ਦਿੱਲੀ ਦੇ ਉੱਘੇ ਸਮਾਜ ਸੇਵਕ ਅਤੇ ਗਊ ਰੱਖਿਆ ਅਤੇ ਕੋਰੋਨਾ ਯੋਧੇ ਚਰਨਜੀਵ





ਮਲਹੋਤਰਾ ਦਾ ਕਹਿਣਾ ਹੈ ਕਿ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ ਵਿੱਚੋਂ ਨੌਜਵਾਨ ਬੰਸਰੀ ਸਵਰਾਜ ਸਭ ਤੋਂ ਵੱਧ ਫਰਕ ਨਾਲ ਚੋਣ ਜਿੱਤੇਗੀ। 25 ਮਈ ਨੂੰ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ ਲਈ ਹੋਈ ਵੋਟਿੰਗ ਬਾਰੇ ਗੱਲ ਕਰਦਿਆਂ ਚਰਨਜੀਵ ਮਲਹੋਤਰਾ ਨੇ ਕਿਹਾ ਕਿ ਜੇਕਰ ਜਮੀਨੀ ਪੱਧਰ ਦੀ ਸੱਚਾਈ ਦੱਸਾਂ ਤਾਂ ਭਾਜਪਾ ਅਤੇ ਯੁਵਾ ਬੰਸਰੀ ਸਵਰਾਜ ਦੇ ਹੱਕ ਵਿੱਚ ਵੋਟਿੰਗ ਬਹੁਤ ਵਧੀਆ ਹੋਈ ਹੈ। ਚਰਨਜੀਵ ਮਲਹੋਤਰਾ ਨੇ ਕਿਹਾ ਕਿ ਦਿੱਲੀ ਵਿੱਚ ਵੋਟਿੰਗ ਵਾਲੇ ਦਿਨ ਜਨਤਾ ਦਾ ਜੋਸ ਦੇਖਣ ਯੋਗ ਸੀ, ਇੱਕ ਭਾਰਤੀ ਹੋਣ ਦੇ ਨਾਤੇ ਮੈਨੂੰ ਇਹ ਦੇਖ ਕੇ ਬਹੁਤ ਖੁਸੀ ਹੋਈ ਕਿ ਲੋਕ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਕਿੰਨੇ ਜਾਗਰੂਕ ਹਨ। ਚਰਨਜੀਵ ਮਲਹੋਤਰਾ ਨੇ ਅੱਗੇ ਕਿਹਾ ਕਿ ਦਿੱਲੀ ਵਿੱਚ ਵੋਟਿੰਗ ਵਾਲੇ ਦਿਨ ਦਿੱਲੀ ਦੀ ਜਨਤਾ ਭਾਜਪਾ ਸਾਸਿਤ ਕੇਂਦਰ ਸਰਕਾਰ ਦੇ ਕੰਮਾਂ ਤੋਂ ਬਹੁਤ ਖੁਸ ਅਤੇ ਸੰਤੁਸਟ ਦਿਖਾਈ ਦਿੱਤੀ ਅਤੇ ਭਾਜਪਾ ਦੇ ਲੋਕ ਭਲਾਈ ਦੇ ਕੰਮਾਂ ਤੋਂ ਖੁਸ ਹੋ ਕੇ ਦਿੱਲੀ ਦੇ ਲੋਕਾਂ ਨੇ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਈ। ਭਾਜਪਾ ਨੂੰ ਜਿੱਤਣਾ ਚਾਹੁੰਦੇ ਸਨ।

ਚਰਨਜੀਵ ਮਲਹੋਤਰਾ ਨੇ ਨਵੀਂ ਦਿੱਲੀ ਲੋਕ ਸਭਾ ਸੀਟ 'ਤੇ ਅੱਗੇ ਬੋਲਦਿਆਂ ਕਿਹਾ ਕਿ ਵੋਟਾਂ ਤੋਂ ਪਹਿਲਾਂ ਚੋਣ ਪ੍ਰਚਾਰ ਦੌਰਾਨ ਨੌਜਵਾਨ ਬਾਂਸੁਰੀ ਸਵਰਾਜ ਮਜਬੂਤ ਉਮੀਦਵਾਰ ਦਿਖਾਈ ਦੇ ਰਹੇ ਸਨ ਅਤੇ ਹੁਣ ਦਿੱਲੀ 'ਚ ਵੋਟਿੰਗ ਤੋਂ ਬਾਅਦ ਨੌਜਵਾਨ ਬਾਂਸੁਰੀ ਸਵਰਾਜ ਜਿੱਤ ਦੇ ਮਜਬੂਤ ਦਾਅਵੇਦਾਰ ਨਜਰ ਆ ਰਹੇ ਹਨ। ਚਰਨਜੀਵ ਮਲਹੋਤਰਾ ਨੇ ਅੱਗੇ ਕਿਹਾ ਕਿ 25 ਮਈ ਨੂੰ ਦਿੱਲੀ ਵਿੱਚ ਵੋਟਿੰਗ ਵਾਲੇ ਦਿਨ ਨਵੀਂ ਦਿੱਲੀ ਦੇ ਲੋਕਾਂ ਨੇ ਭਾਜਪਾ ਅਤੇ ਯੁਵਾ ਬੰਸਰੀ ਸਵਰਾਜ ਦੇ ਹੱਕ ਵਿੱਚ ਭਾਰੀ ਵੋਟਾਂ ਪਾਈਆਂ ਹਨ ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਭਾਜਪਾ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ ਜਿੱਤੇਗੀ ਪਰ ਸ. ਕਿਹੜੀ ਸੀਟ ਨਹੀਂ ਜਿੱਤੇਗੀ ਜੋ ਭਾਜਪਾ ਸਭ ਤੋਂ ਵੱਧ ਵੋਟਾਂ ਨਾਲ ਜਿੱਤੇਗੀ ਉਹ ਨਵੀਂ ਦਿੱਲੀ ਲੋਕ ਸਭਾ ਹਲਕੇ ਤੋਂ ਹੋਵੇਗੀ ਅਤੇ ਜੋ ਉਮੀਦਵਾਰ ਸਭ ਤੋਂ ਵੱਧ ਵੋਟਾਂ ਨਾਲ ਜਿੱਤੇਗਾ ਉਹ ਯੁਵਾ ਬੰਸੁਰੀ ਸਵਰਾਜ ਹੋਵੇਗਾ।

ਚਰਨਜੀਵ ਮਲਹੋਤਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੋਮਨਾਥ ਭਾਰਤੀ ਹਾਰ ਦੇ ਡਰ, ਮਾਯੂਸੀ ਅਤੇ ਨਿਰਾਸਾ ਦਾ ਸਬੂਤ ਹਨ। ਸੱਚ ਤਾਂ ਇਹ ਹੈ ਕਿ ਸੋਮਨਾਥ ਭਾਰਤੀ ਕਿਸੇ ਵੀ ਤਰ੍ਹਾਂ ਭਾਜਪਾ ਉਮੀਦਵਾਰ ਯੁਵਾ ਬੰਸੁਰੀ ਸਵਰਾਜ ਦੀ ਸਖਸੀਅਤ ਨਾਲ ਮੇਲ ਨਹੀਂ ਖਾਂਦਾ।

ਸੋਮਨਾਥ ਅਜਿਹਾ ਨਹੀਂ ਕਰ ਪਾ ਰਹੇ ਹਨ, ਭਾਰਤੀ ਪਹਿਲਾਂ ਹੀ ਡਰਦੇ ਸਨ ਅਤੇ ਇਸੇ ਕਾਰਨ ਉਹ ਚੋਣ ਪ੍ਰਚਾਰ ਨੂੰ ਘੱਟ ਕਰਦੇ ਨਜਰ ਆ ਰਹੇ ਹਨ।

ਚਰਨਜੀਵ ਮਲਹੋਤਰਾ ਨੇ ਵੋਟਰਾਂ ਨੂੰ ਕਿਹਾ ਕਿ ਲੋਕ ਸਭਾ ਦੇ 7ਵੇਂ ਪੜਾਅ ਅਤੇ ਆਖਰੀ ਪੜਾਅ ਲਈ 1 ਜੂਨ ਨੂੰ ਵੋਟਾਂ ਪੈਣੀਆਂ ਹਨ, ਇਸ ਲਈ ਆਪਣੀ ਵੋਟ ਜ਼ਰੂਰ ਪਾਓ। ਆਪਣੀ ਵੋਟ 'ਭਾਰਤ' ਗਠਜੋੜ ਦੇ ਹਿੱਸੇਦਾਰ ਪਾਰਟੀਆਂ ਦੇ ਹੱਕ ਵਿਚ ਪਾ ਕੇ ਬਰਬਾਦ ਨਾ ਕਰੋ ਕਿਉਂਕਿ ਵਿਰੋਧੀ ਗਠਜੋੜ ਦਾ ਚੋਣ ਭਵਿੱਖ ਵਿਰੋਧਾਭਾਸ ਨਾਲ ਭਰਿਆ ਹੋਇਆ ਹੈ। ਚਰਨਜੀਵ ਮਲਹੋਤਰਾ ਨੇ ਭਰੋਸਾ ਪ੍ਰਗਟਾਇਆ ਕਿ ਇਸ ਵਾਰ 400 ਦਾ ਅੰਕੜਾ ਪਾਰ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰੀ ਜਨਾਦੇਸ ਨਾਲ ਤੀਜੀ ਵਾਰ ਕੇਂਦਰ ਵਿੱਚ ਸਰਕਾਰ ਬਣਾਉਣਗੇ।

## ਚੋਰੀ ਦੀਆਂ ਘਟਨਾਵਾਂ ਕਰਨ ਵਾਲਾ ਨੌਜਵਾਨ ਨਕਲੀ ਪਿਸਤੌਲ ਸਣੇ ਗ੍ਰਿਫਤਾਰ

ਗੁਰਦਾਸਪੁਰ 29 ਮਈ। ਭੈਣੀ ਮੀਆਂ ਖਾਂ ਪੁਲਸ ਨੇ ਇਕ ਅਜਿਹੇ ਮੁਲਜਮ ਨੂੰ ਨਕਲੀ ਪਿਸਤੌਲ ਸਮੇਤ ਕਾਬੂ ਕੀਤਾ ਹੈ, ਜੋ ਪਹਿਲਾਂ ਹੀ 2 ਕੇਸਾਂ 'ਚ ਅਦਾਲਤ ਤੋਂ ਜਮਾਨਤ 'ਤੇ ਚੱਲ ਰਿਹਾ ਸੀ। ਇਸ ਸਬੰਧੀ ਭੈਣੀ ਮੀਆਂ ਖਾਂ ਪੁਲਸ ਸਟੇਸ਼ਨ ਦੇ ਇੰਚਾਰਜ ਸੁਦੇਸ਼ ਕੁਮਾਰ ਨੇ ਦੱਸਿਆ ਕਿ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਸੁਖਰਾਜ ਸਿੰਘ ਉਰਫ ਜੱਜੀ ਪੁੱਤਰ ਜੋਗਿੰਦਰ ਸਿੰਘ ਵਾਸੀ ਦਤਾਰਪੁਰ, ਜੋ ਜ਼ੁਰਮਪੇਸ਼ਾਂ ਵਿਅਕਤੀ ਹੈ, ਉਹ






ਪਿਸਤੌਲ ਦੀ ਨੋਕ 'ਤੇ ਲੁੱਟਮਾਰ ਕਰ ਕੇ ਘਟਨਾਵਾਂ ਕਰਦਾ ਹੈ ਅਤੇ ਇਲਾਕੇ 'ਚ ਟਿਊਬਵੈੱਲ ਦੀਆਂ ਮੋਟਰਾਂ ਖੇਤਾਂ 'ਚੋਂ ਚੋਰੀ ਕਰਦਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸੂਚਨਾ ਦੇ ਆਧਾਰ 'ਤੇ ਮੁਲਜਮ ਨੂੰ ਕਾਬੂ ਕੀਤਾ ਗਿਆ ਅਤੇ ਉਸ ਤੋਂ ਇਕ ਨਕਲੀ ਪਿਸਤੌਲ ਬਰਾਮਦ ਹੋਈ। ਬਰਾਮਦ ਪਿਸਤੌਲ ਦੀ ਵਿਸ਼ੇਸ਼ਤਾਂ ਇਹ ਹੈ ਕਿ ਪਿਸਤੌਲ ਨਾਲ ਜਿਸ ਵਿਅਕਤੀ 'ਤੇ ਫਾਇਰ ਕੀਤਾ ਜਾਵੇ ਤਾਂ 10-15 ਫੁੱਟ ਤੱਕ ਦੂਰੀ 'ਤੇ ਖੜ੍ਹੇ ਵਿਅਕਤੀ ਨੂੰ ਇਸ ਤੋਂ ਬਿਜਲੀ ਦੀ ਤਰ੍ਹਾਂ ਕਰੰਟ ਲੱਗਦਾ ਹੈ।

## ਬੰਗਾ ਵਿਖੇ ਬੱਸ ਕਾਰਨ ਵਾਪਰਿਆ ਦਰਦਨਾਕ ਹਾਦਸਾ, 1 ਵਿਦਿਆਰਥਣ ਦੀ ਮੌਤ

ਬੰਗਾ 29 ਮਈ। ਬੰਗਾ-ਨਵਾਸ਼ਹਿਰ ਮੁੱਖ ਮਾਰਗ 'ਤੇ ਉਸ ਵੇਲੇ ਮਾਹੌਲ ਗਮਗੀਨ ਹੋ ਗਿਆ ਜਦੋਂ ਪੰਜਾਬ ਰੋਡਵੇਜ਼ ਅੰਮ੍ਰਿਤਸਰ ਡਿਪੂ ਦੀ ਇਕ ਬੱਸ ਬੇਕਾਬੂ ਹੋ ਕੇ ਸੜਕ ਕਿਨਾਰੇ ਖੜ੍ਹੀ ਇਕ ਨਵੀਂ ਥਾਰ, ਕਾਰ, ਮੋਟਰਸਾਈਕਲ ਸਮੇਤ ਸੜਕ ਕਿਨਾਰੇ ਬਣੇ ਸ਼ੇਕ ਬਾਰ ਅਤੇ ਜੂਸ ਦੀ ਖੜ੍ਹੀ ਇਕ ਰੇਹੜੀ ਨਾਲ ਜਾ ਟਕਰਾਈ। ਸਿੱਟੇ ਵੱਜੋਂ ਇਕ ਕਾਲਜ ਵਿਦਿਆਰਥਣ ਜੋ ਪੈਦਲ ਆਪਣੀਆ ਸਹੇਲੀਆਂ ਨਾਲ ਘਰ ਨੂੰ ਜਾ ਰਹੀ ਸੀ, ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬੱਸ ਡਰਾਈਵਰ ਸਮੇਤ 6 ਵਿਅਕਤੀ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਰੋਡਵੇਜ਼ ਬੱਸ ਨੰਬਰ ਪੀ. ਬੀ. 02 ਈ. ਐੱਚ. 2735 ਨੂੰ ਜਸਪਾਲ ਸਿੰਘ ਨਾਮੀ ਡਰਾਈਵਰ ਨਿਵਾਸੀ ਚੀਮਾ, ਤਰਨਤਾਰਨ ਚਲਾ ਰਿਹਾ ਸੀ ਅਤੇ ਉਸ ਨਾਲ ਉਸ ਦਾ ਕੰਡਟਕਰ ਕੁਲਵਿੰਦਰ ਸਿੰਘ ਬੱਸ 'ਚ ਮੌਜੂਦ ਸੀ। ਕੰਡਕਟਰ ਨੇ ਦੱਸਿਆ ਕਿ ਬੱਸ ਅੰਮ੍ਰਿਤਸਰ ਤੋਂ ਚੰਡੀਗੜ੍ਹ ਨੂੰ ਜਾ ਰਹੀ ਸੀ, ਜਿਵੇਂ ਹੀ ਬੱਸ ਉਕਤ ਥਾਂ 'ਤੇ ਪੁੱਜੀ ਤਾਂ ਬੱਸ ਡਰਾਈਵਰ ਜਸਪਾਲ ਸਿੰਘ ਦੀ ਸਿਹਤ ਅਚਾਨਕ ਖਰਾਬ ਹੋ ਗਈ ਅਤੇ ਬੱਸ ਬੇਕਾਬੂ ਹੋ ਕੇ ਸੜਕ ਕਿਨਾਰੇ ਖੜ੍ਹੀ ਇਕ ਕਾਰ, ਥਾਰ ਤੋਂ ਬਾਅਦ ਸੜਕ ਕਿਨਾਰੇ ਬਣੇ ਇਕ ਸ਼ੇਕ ਬਾਰ ਅਤੇ ਜੂਸ ਦੀ ਰੇਹੜੀ ਨਾਲ ਟਕਰਾਉਂਦੀ ਹੋਈ ਇਕ ਮੋਟਰਸਾਈਕਲ ਅਤੇ ਜਾ ਰਹੇ ਇਕ ਆਟੋ ਨਾਲ ਜਾ ਟਕਰਾਈ, ਜਿਸ ਕਾਰਨ ਉਕਤ ਵਾਹਨਾਂ ਅਤੇ ਦੁਕਾਨਾਂ ਦਾ ਕਾਫੀ ਨੁਕਸਾਨ ਹੋਇਆ, ਉਥੇ ਹੀ ਉਕਤ ਹਾਦਸੇ 'ਚ ਸੜਕ ਕਿਨਾਰੇ ਖੜ੍ਹੇ ਵਿਅਕਤੀ ਅਤੇ ਆਟੋ ਦੇ ਡਰਾਈਵਰ ਸਮੇਤ ਆਟੋ 'ਚ ਸਵਾਰ ਸਵਾਰੀਆਂ ਦੇ ਸੱਟਾਂ ਲੱਗੀਆਂ। ਹਾਦਸੇ 'ਚ ਸਿੱਖ ਨੈਸ਼ਨਲ ਕਾਲਜ ਦੀ ਬੀ. ਕਾਮ ਫਾਈਨਲ ਦੀ ਵਿਦਿਆਰਥਣ ਹਰਸ਼ਦੀਪ ਕੌਰ ਪੁੱਤਰੀ ਜਰਨੈਲ ਸਿੰਘ ਨਿਵਾਸੀ ਪੱਲੀ ਝਿੱਕੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਆਪਣੀਆਂ ਨਾਲ ਘਰ ਜਾਣ ਲਈ ਕਾਲਜ ਤੋਂ ਬੱਸ ਸਟੈਂਡ ਵੱਲ ਨੂੰ ਪੈਦਲ ਜਾ ਰਹੀ ਸੀ, ਉਸ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸੇ ਦੌਰਾਨ ਜ਼ਖਮੀ ਵਿਕਅਤੀ ਨੂੰ 108 ਦੀ ਸਹਾਇਤਾ ਨਾਲ ਸਥਾਨਕ ਸਿਵਲ ਹਸਪਤਾਲ ਬੰਗਾ ਲਿਆਂਦਾ ਗਿਆ। ਜ਼ਖਮੀ ਹੋਏ ਵਿਅਕਤੀਆਂ 'ਚ ਬੱਸ ਦਾ ਡਰਾਈਵਰ ਜਸਪਾਲ ਸਿੰਘ ਨਿਵਾਸੀ ਪਿੰਡ ਚੀਮਾ (ਤਰਨਤਾਰਨ), ਆਟੋ ਦਾ ਡਰਾਈਵਰ ਰਾਜ ਕੁਮਾਰ ਪੁੱਤਰ ਕੇਵਲ ਕ੍ਰਿਸ਼ਨ ਨਿਵਾਸੀ ਬੰਗਾ, ਆਟੋ ਸਵਾਰ ਔਰਤ ਸੁਰਜੀਤ ਕੌਰ ਪਤਨੀ ਧਰਮਪਾਲ ਨਿਵਾਸੀ ਪਿੰਡ ਭੂਤਾਂ, ਗਗਨਪ੍ਰੀਤ ਪੁੱਤਰੀ ਮਨਮੋਹਨ ਸਿੰਘ ਨਿਵਾਸੀ ਸੂਰਾਪੁਰ ਵਿਦਿਆਰਥਣ ਸਿੱਖ ਨੈਸ਼ਨਲ ਕਾਲਜ, ਹਰਮਨ ਉਰਫ ਹੈਰੀ ਪੁੱਤਰ ਸ਼ੁਕੀਨ ਚੰਦ ਨਿਵਾਸੀ ਬੰਗਾ, ਮਨਜੋਤ ਸਿੰਘ ਪੁੱਤਰ ਹਰਪਾਲ ਸਿੰਘ ਨਿਵਾਸੀ ਪਠਲਾਵਾਂ ਸ਼ਾਮਲ ਹਨ। ਉਕਤ ਹਾਦਸੇ ਦੌਰਾਨ ਜਿੱਥੇ ਵਾਹਨਾਂ ਦਾ ਕਾਫੀ ਨੁਕਸਾਨ ਹੋਇਆ, ਉੱਥੇ ਹੀ ਸੜਕ ਕਿਨਾਰੇ ਬਣੀਆਂ ਉਕਤ ਦੁਕਾਨਾਂ ਦਾ ਵੀ ਕਾਫੀ ਨੁਕਸਾਨ ਹੋ ਗਿਆ। ਜ਼ਿਕਰਯੋਗ ਹੈ ਕਿ ਇਸ ਹਾਦਸੇ 'ਚ ਬੱਸ ਦੀਆਂ ਸਾਰੀਆਂ ਸਵਾਰੀਆਂ ਵਾਲ ਵਾਲ ਬੱਚ ਗਈਆਂ ਸੂਚਨਾ ਮਿਲਦੇ ਹੀ ਸਿੱਖ ਨੈਸ਼ਨਲ ਕਾਲਜ ਦੇ ਮੁਖੀ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸਮੂਹ ਸਟਾਫ ਸਿਵਲ ਹਸਪਤਾਲ ਪੁੱਜ ਗਿਆ ਉੱਥੇ ਹੀ ਥਾਣਾ ਸਿਟੀ ਅਤੇ ਥਾਣਾ ਸਦਰ ਦੇ ਪੁਲਸ ਅਧਿਕਾਰੀ ਮੌਕੇ 'ਤੇ ਪੁੱਜ ਗਏ ਅਤੇ ਹਾਦਸੇ ਦੌਰਾਨ ਨੁਕਸਾਨੇ ਵਾਹਨਾਂ ਅਤੇ ਮ੍ਰਿਤਕ ਵਿਦਿਆਰਥਣ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

## ਸਭ ਤੋਂ ਵੱਡੀ ਚੋਰੀ ਨੂੰ ਟਰੇਸ ਨਹੀਂ ਕਰ ਸਕੀ ਕਮਿਸ਼ਨਰੇਟ ਪੁਲਸ, ਮਹੀਨੇ ਬਾਅਦ ਵੀ 1 ਕਰੋੜ ਦੀ ਚੋਰੀ ਅਨਟਰੇਸ

ਜਲੰਧਰ 29 ਮਈ। ਦੇਰ ਰਾਤ ਗੜ੍ਹਾ ਰੋਡ 'ਤੇ ਸਥਿਤ ਰਮਨ ਜਿਊਲਰਜ ਵਿਚ ਹੋਈ ਲਗਭਗ ਇਕ ਕਰੋੜ ਰੁਪਏ ਦੀ ਚੋਰੀ ਨੂੰ ਅਜੇ ਤੱਕ ਕਮਿਸ਼ਨਰੇਟ ਪੁਲਸ ਟਰੇਸ ਨਹੀਂ ਕਰ ਸਕੀ। ਇੰਨਾ ਸਮਾਂ ਬੀਤ ਜਾਣ ਤੋਂ ਬਾਅਦ ਹੁਣ ਇਕ ਮਹੀਨਾ ਪੁਰਾਣੀ ਸੀ. ਸੀ. ਟੀ. ਵੀ. ਫੁਟੇਜ ਮਿਲਣਾ ਹੀ ਮੁਸ਼ਕਲ ਹੋ ਗਿਆ ਹੈ। ਜੇਕਰ ਇਸ ਮਾਮਲੇ ਨੂੰ ਟਰੇਸ ਕਰਨ ਲਈ ਅਧਿਕਾਰੀ ਪਹਿਲਾਂ ਤੋਂ ਹੀ ਰੁਚੀ ਦਿਖਾਉਂਦੇ ਤਾਂ ਸ਼ਾਇਦ ਇਹ ਮਾਮਲਾ ਟਰੇਸ ਵੀ ਹੋ ਸਕਦਾ ਸੀ। 17 ਜਨਵਰੀ ਨੂੰ ਹੋਈ ਇਸ ਵਾਰਦਾਤ ਦਾ ਅਗਲੇ ਦਿਨ ਪਤਾ ਲੱਗਾ ਤਾਂ ਸਿਰਫ 5 ਦਿਨ ਹੀ ਪੁਲਸ ਜਾਂਚ ਵਿਚ ਜੁਟੀ ਰਹੀ ਪਰ ਬੱਸ ਸਟੈਂਡ ਪੁੱਜੇ ਮੁਲਜਮਾਂ ਦੀ ਆਖਰੀ ਫੁਟੇਜ ਮਿਲੀ। ਉਸ ਤੋਂ ਬਾਅਦ ਕੋਈ ਨਵੀਂ ਫੁਟੇਜ ਨਹੀਂ ਮਿਲ ਸਕੀ। ਉਸ ਤੋਂ ਬਾਅਦ ਪੁਲਸ ਹੋਰ ਕ੍ਰਾਈਮ ਦੇ ਮਾਮਲਿਆਂ ਨੂੰ ਟਰੇਸ ਕਰਨ ਵਿਚ ਜੁਟ ਗਈ ਅਤੇ ਫਿਰ 26 ਜਨਵਰੀ ਅਤੇ ਬਾਅਦ ਵਿਚ ਸੀ. ਐੱਮ. ਡਿਊਟੀ ਆਉਣ 'ਤੇ ਇਸ ਮਾਮਲੇ ਵੱਲ ਕਿਸੇ ਨੇ ਰੁਖ ਹੀ ਨਹੀਂ ਕੀਤਾ, ਹਾਲਾਂਕਿ ਟੈਕਨੀਕਲ ਢੰਗ ਨਾਲ ਇਸ ਮਾਮਲੇ ਦੀ ਜਾਂਚ ਚੱਲਦੀ ਰਹੀ ਪਰ ਉਸ ਵਿਚ ਵੀ ਕੋਈ ਸੁਰਾਗ ਨਹੀਂ ਮਿਲਿਆ। ਸਵਾਲ ਇਹ ਉੱਠਦਾ ਹੈ ਕਿ ਕਮਿਸ਼ਨਰੇਟ ਪੁਲਸ ਦੇ ਅਧਿਕਾਰੀਆਂ ਦੀ ਇੰਨੀ ਵੱਡੀ ਫੌਜ ਹੈ ਪਰ ਫਿਰ ਵੀ ਚੋਰੀ ਦੇ ਵੱਡੇ ਕੇਸ ਹੱਲ ਨਹੀਂ ਹੋ ਸਕੇ। ਹਾਲਾਂਕਿ ਕਮਿਸ਼ਨਰੇਟ ਪੁਲਸ ਨੇ ਹੱਤਿਆਵਾਂ, ਗੋਲੀਕਾਂਡ ਵਰਗੇ ਅਪਰਾਧਿਕ ਮਾਮਲਿਆਂ ਨੂੰ ਹੱਲ ਕਰਨ ਵਿਚ ਸਫਲਤਾ ਵੀ ਪ੍ਰਾਪਤ ਕੀਤੀ ਪਰ ਚੋਰੀ ਦੇ ਇਸ ਮਾਮਲੇ ਵਿਚ ਸ਼ੁਰੂ ਤੋਂ ਹੀ ਹੋਈ ਲਾਪ੍ਰਵਾਹੀ ਕੇਸ ਨੂੰ ਅਨਟਰੇਸ ਕਰਨ ਦੀ ਰਾਹ 'ਤੇ ਲੈ ਗਈ। ਜ਼ਿਕਰਯੋਗ ਹੈ ਕਿ ਚੋਰਾਂ ਨੇ ਕੰਧ ਨੂੰ ਸੰਨ੍ਹ ਲਾ ਕੇ ਰਮਨ ਜਿਊਲਰਜ ਵਿਚ ਦਾਖਲ ਹੋ ਕੇ ਡੇਢ ਕਿਲੋ ਸੋਨਾ, 20 ਕਿਲੋ ਚਾਂਦੀ ਅਤੇ ਢਾਈ ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ ਸੀ। ਚੋਰਾਂ ਨੇ 15 ਦਿਨ ਪਹਿਲਾਂ ਹੀ ਦੁਕਾਨ ਦੇ ਪਿੱਛੇ ਲੱਗਦੇ ਖਾਲੀ ਪਲਾਟ ਨੂੰ ਕਿਰਾਏ 'ਤੇ ਲਿਆ ਸੀ ਅਤੇ ਉਥੋਂ ਸੰਨ੍ਹ ਲਾ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਮੁਲਜਮ ਬੜੇ ਆਰਾਮ ਨਾਲ ਕਿਰਾਏ ਦਾ ਆਟੋ ਕਰ ਕੇ ਬੱਸ ਸਟੈਂਡ ਪੁੱਜੇ ਅਤੇ ਉਥੋਂ ਗਾਇਬ ਹੋ ਗਏ। ਪੁਲਸ ਨੇ ਆਟੋ ਵਾਲੇ ਨੂੰ ਵੀ ਹਿਰਾਸਤ ਵਿਚ ਲੈ ਲਿਆ ਸੀ

## ਨਾਜਾਇਜ ਸੰਬੰਧਾਂ ਨੇ ਉਜਾੜ ਕੇ ਰੱਖ ਦਿੱਤਾ ਪਰਿਵਾਰ

ਨਿਹਾਲ ਸਿੰਘ ਵਾਲਾ 29 ਮਈ। ਆਪਣੀ ਪਤਨੀ ਦੇ ਨਾਜਾਇਜ਼ ਸੰਬੰਧਾਂ ਤੋਂ ਪ੍ਰੇਸ਼ਾਨ ਨਿਹਾਲ ਸਿੰਘ ਵਾਲਾ ਦੇ ਪਿੰਡ ਹਿੰਮਤਪੁਰਾ ਦੇ ਇਕ ਵਿਅਕਤੀ ਵੱਲੋਂ ਖੁਦ ਨੂੰ ਅੱਗ ਲਗਾ ਕੇ ਖੁਦਕੁਸ਼ੀ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਉਹ ਆਪਣੀ ਪਤਨੀ ਦੇ ਕਿਸੇ ਹੋਰ ਵਿਅਕਤੀ ਨਾਲ ਨਾਜਾਇਜ਼ ਸਬੰਧਾਂ ਕਾਰਨ ਪ੍ਰੇਸ਼ਾਨ ਸੀ ਅਤੇ ਇਸ ਦੇ ਚੱਲਦਿਆਂ ਅਕਸਰ ਘਰ ਵਿੱਚ ਲੜਾਈ-ਝਗੜਾ ਹੁੰਦਾ ਰਹਿੰਦਾ ਸੀ। ਅੱਜ ਉਸ ਨੇ ਦੁਖੀ ਹੋ ਕੇ ਖੁਦ ਨੂੰ ਅੱਗ ਲਗਾ ਲਈ, ਜਿਸ 'ਚ ਉਹ ਬੁਰੀ ਤਰ੍ਹਾਂ ਝੁਲਸ ਗਿਆ। ਪਰਿਵਾਰ ਵੱਲੋਂ ਉਸ ਨੂੰ ਗੰਭੀਰ ਹਾਲਤ 'ਚ ਦੀਪ ਹਸਪਤਾਲ, ਨਿਹਾਲ ਸਿੰਘ ਵਾਲਾ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਉਹ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਪੁਲਸ ਨੂੰ ਦਰਜ ਕਰਵਾਏ ਬਿਆਨਾਂ 'ਚ ਮ੍ਰਿਤਕ ਦੀ ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਉਸ ਦੀ ਨੂੰਹ ਰਮਨਦੀਪ ਕੌਰ ਲੰਘੀ 12 ਫ਼ਰਵਰੀ ਨੂੰ ਬਿਨਾਂ ਦੱਸੇ ਆਪਣੇ ਪ੍ਰੇਮੀ ਬਾਜ ਸਿੰਘ ਨਾਲ ਕਿਤੇ ਚੱਲੀ ਗਈ।

# ਰਜਿਸਟਰੀ ਦਫਤਰਾਂ 'ਚ ਛੁੱਟੀ ਵਾਲੇ ਦਿਨ ਵੀ ਹੋਵੇਗਾ ਰਜਿਸਟ੍ਰੇਸ਼ਨ ਦਾ ਕੰਮ

ਅੰਮ੍ਰਿਤਸਰ 29 ਮਈ। ਵਿੱਤ ਕਮਿਸਨਰ ਮਾਲ ਨੇ ਵੀਰਵਾਰ ਨੂੰ ਰਜਿਸਟਰੀ ਦਫਤਰਾਂ ਵਿਚ ਛੁੱਟੀ ਰੱਦ ਕਰਨ ਸਬੰਧੀ ਪੱਤਰ ਜਾਰੀ ਕੀਤਾ ਹੈ ਅਤੇ ਛੁੱਟੀ ਵਾਲੇ ਦਿਨ ਵੀ ਰਜਿਸਟਰੀ ਦਫਤਰਾਂ ਵਿਚ ਰਜਿਸਟ੍ਰੇਸਨ ਦਾ ਕੰਮ ਕੀਤਾ ਜਾਵੇਗਾ। ਇਹ ਪੱਤਰ ਡਿਪਟੀ ਕਮਿਸਨਰ ਦਫਤਰ ਰਾਹੀਂ ਸਾਰੇ ਰਜਿਸਟਰੀ ਦਫਤਰਾਂ ਵਿਚ ਚਿਪਕਾਇਆ ਗਿਆ ਹੈ, ਜਿਸ ਬਾਰੇ ਵਸੀਕਾ ਨਵੀਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ, ਹਾਲਾਂਕਿ ਮੰਨਿਆ ਜਾ ਰਿਹਾ ਹੈ ਕਿ ਇਸ ਤਰ੍ਹਾਂ ਦਾ ਪੱਤਰ ਸਰਕਾਰ ਵੱਲੋਂ ਘੱਟੋ-ਘੱਟ ਇੱਕ ਹਫਤਾ ਪਹਿਲਾਂ ਜਾਰੀ ਕਰਨ ਦੀ ਲੋੜ ਸੀ ਤਾਂ ਜੋ ਲੋਕ ਇਸ ਦਿਨ ਲਈ ਰਜਿਸਟਰੀ ਦੀਆਂ ਅਪਾਇਟਮੈਂਟਾਂ ਲੈ ਲੈਂਦੇ। ਮਾਲੀਆ ਵਧਾਉਣ ਲਈ ਪੰਜਾਬ ਸਰਕਾਰ ਨੇ ਆਮ ਲੋਕਾਂ ਨੂੰ ਰਜਿਸਟਰੀ 'ਤੇ ਵਸੂਲੀ ਜਾਣ ਵਾਲੀ ਫੀਸ 'ਚ 2.25 ਫੀਸਦੀ ਦੀ ਛੋਟ ਦਿੱਤੀ ਹੈ। ਰਜਿਸਟਰੀ ਦਫਤਰ ਇਕ, ਰਜਿਸਟਰੀ ਦਫਤਰ ਦੋ ਅਤੇ ਰਜਿਸਟਰੀ ਦਫਤਰ ਤਿੰਨ ਵਿਚ ਲੋਕਾਂ ਦੀ ਭਾਰੀ ਭੀੜ ਰਹੀ। ਰੋਜਾਨਾ 175 ਤੋਂ 200 ਰਜਿਸਟਰੀਆਂ ਹੋ ਰਹੀਆਂ ਹਨ ਅਤੇ ਲੋਕ ਸਰਕਾਰ ਵੱਲੋਂ ਦਿੱਤੀ ਗਈ ਛੋਟ ਦਾ ਲਾਭ ਉਠਾ ਰਹੇ ਹਨ। ਸਰਕਾਰੀ ਫੀਸਾਂ 'ਚ ਛੋਟ ਦੇਣ ਤੋਂ ਪਹਿਲਾਂ ਮਾਲ ਵਿਭਾਗ ਨੇ ਇਕ ਹੋਰ ਪੱਤਰ ਜਾਰੀ ਕਰ ਕੇ ਸਾਰੇ ਸਬ-ਰਜਿਸਟਰਾਰਾਂ ਨੂੰ ਆਪਣੀਆਂ ਸੀਟਾਂ ਛੱਡ ਕੇ ਕਿਸੇ ਹੋਰ ਡਿਊਟੀ 'ਤੇ ਨਾ ਜਾਣ ਦੇ ਹੁਕਮ ਦਿੱਤੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਪਤਾ ਲੱਗਾ ਹੈ ਕਿ ਇਕ ਸਬ-ਰਜਿਸਟਰਾਰ ਕੋਲ ਤਹਿਸੀਲਦਾਰ ਅਤੇ ਸਬ-ਤਹਿਸੀਲ ਦਾ ਚਾਰਜ ਵੀ ਹੈ। ਅਜਿਹੇ 'ਚ ਅਧਿਕਾਰੀਆਂ ਨੂੰ ਸਬ-ਰਜਿਸਟਰਾਰ ਦੇ ਨਾਲ-ਨਾਲ ਡਿਊਟੀ ਮੈਜਿਸਟਰੇਟ ਦੀ ਡਿਊਟੀ ਵੀ ਨਿਭਾਉਣੀ ਪੈਂਦੀ ਹੈ, ਜਿਸ ਕਾਰਨ ਇਸ ਹੁਕਮ ਦੀ ਵੀ ਉਲੰਘਣਾ ਹੋਈ ਹੈ, ਕਿਉਂਕਿ ਅੰਮ੍ਰਿਤਸਰ 'ਚ ਜੀ-20 ਸੰਮੇਲਨ ਹੋਣ ਕਾਰਨ ਜ਼ਿਆਦਾਤਰ ਸਬ-ਰਜਿਸਟਰਾਰਾਂ ਨੂੰ ਡਿਊਟੀ ਮੈਜਿਸਟ੍ਰੇਟ ਦਾ ਕੰਮ ਵੀ ਸੰਭਾਲਣਾ ਪਿਆ, ਹਾਲਾਂਕਿ ਅਧਿਕਾਰੀਆਂ ਦੀ ਸਾਨਦਾਰ ਕਾਰਗੁਜਾਰੀ ਸਦਕਾ ਰਜਿਸਟ੍ਰੇਸਨ ਦਾ ਕੰਮ ਜਾਰੀ ਰਿਹਾ ਅਤੇ ਲੋਕਾਂ ਨੇ ਵੀ ਸਹਿਯੋਗ ਦਿੱਤਾ। ਇਕ ਪਾਸੇ ਜਿੱਥੇ ਸਰਕਾਰ ਵੱਲੋਂ ਰਜਿਸਟਰੀ ਫੀਸਾਂ ਅਤੇ ਹੋਰ ਫੀਸਾਂ 'ਚ ਭਾਰੀ ਛੋਟ ਦਿੱਤੀ ਜਾ ਰਹੀ ਹੈ ਅਤੇ ਅਧਿਕਾਰੀਆਂ ਨੂੰ ਛੁੱਟੀਆਂ 'ਚ ਵੀ ਕੰਮ ਕਰਨ ਦੇ ਹੁਕਮ ਦਿੱਤੇ ਗਏ ਹਨ, ਉੱਥੇ ਹੀ ਮੌਜੂਦਾ ਸਥਿਤੀ ਦੀ ਸਭ ਤੋਂ ਵੱਡੀ ਸਮੱਸਿਆ ਐੱਨ. ਓ. ਸੀ. ਦੇ ਕਾਰਨ ਅਜੇ ਵੀ ਆਮ ਜਨਤਾ ਨੂੰ ਭਾਰੀ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐੱਨ. ਓ. ਸੀ. ਲੈਣ ਵਿਚ ਦਿੱਕਤ ਦੇ ਨਾਲ-ਨਾਲ ਲੋਕਾਂ ਨੂੰ ਭਾਰੀ ਫੀਸਾਂ ਵੀ ਅਦਾ ਕਰਨੀਆਂ ਪੈ ਰਹੀਆਂ ਹਨ

ਜਦੋਂਕਿ ਰੀਅਲ ਅਸਟੇਟ ਕਾਰੋਬਾਰੀਆਂ ਅਤੇ ਪ੍ਰਾਪਰਟੀ ਡੀਲਰਾਂ ਵੱਲੋਂ ਐਨ .ਓ. ਸੀ ਫੀਸਾਂ ਘਟਾਉਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀ ਗਈ ਛੋਟ ਤੋਂ ਵੱਧ ਮਾਲੀਆ ਵਧ ਸਕਦਾ ਸੀ, ਜੇਕਰ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ ਖੇਤਰਾਂ ਦੀਆਂ ਡਿਫਾਲਟਰ ਕਾਲੋਨੀਆਂ ਦੀਆਂ ਸੂਚੀਆਂ ਜਾਰੀ ਕੀਤੀਆਂ ਜਾਂਦੀਆਂ, ਪਰ ਪੁੱਡਾ ਤੋਂ ਇਲਾਵਾ ਹੁਣ ਤੱਕ ਹੋਰ ਵਿਭਾਗਾਂ ਨੇ ਡਿਫਾਲਟਰ ਕਾਲੋਨੀਆਂ ਦੀਆਂ ਸੂਚੀਆਂ ਜਾਰੀ ਨਹੀਂ ਕੀਤੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਵੱਲੋਂ ਰਜਿਸਟ੍ਰੇਸ਼ਨ ਫੀਸ 'ਚ ਦਿੱਤੀ ਗਈ 2.25 ਫੀਸਦੀ ਛੋਟ ਲੋਕਾਂ ਲਈ ਇਕ ਚੰਗਾ ਕਦਮ ਹੈ ਪਰ ਇਹ ਛੋਟ 1 ਅਪ੍ਰੈਲ ਤੋਂ ਬਾਅਦ ਵੀ ਜਾਰੀ ਰਹਿਣੀ ਚਾਹੀਦੀ ਹੈ ਅਤੇ ਐੱਨ. ਓ. ਸੀ. ਦਾ ਮਾਮਲਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਣਾ ਚਾਹੀਦਾ ਹੈ।

**NAME CHANGE**
I, Vinay S/O Raj Kumar R/O H No.-58, Kaseru Baksar, Mawana Road, Meerut Cantt, meerut, Uttar Pradesh-250001 have changed my name from Vinay to Vinay Gujjar for all future purpose.

**NAME CHANGE**
I, DHARAMENDER KUMAR S/o SARDAR SINGH R/o T-134/2, Village Tukhmir Pur, Near Prince Cable, Delhi-110094, have changed my name to DHARMENDER KUMAR for all future purposes

**NAME CHANGE**
I, MOHAMMAD MOBIN KHAN S/O SAGIR KHAN R/O H.NO. F-42,G.F,SHAHEEN BAGH,ABUL FAZAL ENCLAVE PART-2, JAMIA NAGAR, OKHLA. NEW DELHI-110025 HAVE CHANGED MY NAME TO MOBIN KHAN FOR ALL FUTURE PURPOSES.

**NAME CHANGE**
I, ZEESHAN S/O MOHAMMAD RASHID residing at V-102 STREET NO 22 VIJAY PARK MAUJPUR DELHI 110053 have changed my name to MOHD ZEESHAN for all future purpose

**NAME CHANGE**
It is for general information that I, SAHAR D/o MOHD ASLAM R/o H. No. -A-24, Street No. - 8, Shastri Park, North East, Delhi-110053 declare that name of my Father has been wrongly written as MHD ASLAM in my all Educational Documents. The actual name of my Father is MOHD ASLAM which may be amended accordingly.

**NAME CHANGE**
I, SONAM wife of NO-15507591K Rank-HAV Name-INDER PAL SINGH R/O VPO-GHARDANA KHURD, TEH-BUHANA, DISTT-JHUNJHUNU, RAJASTHAN-333514 have changed my name from SONAM to KUMARI SONAM for all future purposes vide Affidavit Dated 07/06/2023 before Notary Public, Delhi.

**NAME CHANGE**
I, BRIJKISHOR S/O BISHRAM R/O H.NO 213, T-HUTS, CAMP NO-2, BHIM NAGAR, SUNDER VIHAR, S.O WEST DELHI-110087 have changed my name from BRIJKISHOR to BRIJKISHORE for all future purpose

**NAME CHANGE**
It is for the general public information that I PRASHANT S/O UTTAM SINGH R/O RZ-325-A, BRAHAM PURI, PANKHA ROAD, SOUTH WEST DELHI, NEW DELHI-110046 declare that name of my mother has been wrongly written as RAJ KALA in my senior secondary school Educational documents. The actual name of my mother is RAJBALA, which may be amended accordingly.

**NAME CHANGE**
I, MOHD INAM S/O MOHD AZIMULLA residing at O-9 STREET NO -16 BRAHAMPURI NEW SEELAMPUR DELHI 110053 have changed my name to MOHD IKRAM for all future purpose

**PUBLIC NOTICE**
I. RAHUL SINGH KHANNA S/o late Shri Brij Mohan khanna R/o C-1, 209, Yamuna Vihar, Delhi-110053 declare that after Professing Sikh Religion Voluntary have embraced HINDUISM Religion and renounced SIKHISM With effect from 08/05/2020 have changed my name from Rahul Khanna to Rahul Singh Khanna for all future purpose.

**NAME CHANGE**
I NO 15707531Y HAV B SANJEEV KUMAR of 21 SIG GP, declare that my parents name & DOB has been wrongly written in my Army records as B GANGAIAH (DOB:01/07/1959) of father and B SHANKARAMMA (DOB: 01/07/1962) of mother. The actual name & DOB is BAKKASHETTI GANGAIAH (01/01/1959) of father and BAKKASHETTI SAHANKARAVVA (01/01/1966) of mother.

**NAME CHANGE**
I, HAJI MAHABUB S/O BASIR AHMAD R/O H.No 51 Fourth Floor Street No 9 Sarojini Park Shastri Nagar Delhi 110031 Have Changed My Name To MEHBOOB AHMAD Permanently

**NAME CHANGE**
I Bijender Singh S/o Umed Singh R/o H.No-121, D-Block, Naveen Place, Jharoda Kalan Road, Najafgarh, Dwarka,Delhi-110043, Have Changed My Name To Bijender Singh Nandal For All Purpose

**LOST & FOUND**
I paras yadav s/o sube Singh R/o h.no-596 vill- Sarhaul sector-18 Gurgaon have lost my registry paper (Allotment letter , possession letter , Sale deed of Anita yadav name) of my shop with address booth no-109 sec-18 HUDA market Gurgaon at Kapaserha border if found by anybody please contact me at - +919891948282

**NAME CHANGE**
It is for general information that I, PRABHJOT KAUR GILL D/O BAGHEL SINGH residing at Flat No. TF-01 and TF-03, A-33/1, Kh. NO. 23/13, 8 & 14 Village, Himgiri Enclave, Kamalpur Majra Burari, North Delhi, Delhi- 110084 declare that name of Mine, has been wrongly written as PRABHJOT KAUR in my 10th, 12th Class and Graduation Educational Documents. The actual name of mine is PRABHJOT KAUR GILL respectively. which may be amended accordingly for all future purpose

**NAME CHANGE**
I, MOHAMMAD ASLAM QURESHI S/O HAJI KAREEM R/O H.No 111CHAUHATA KHURJA BULANDSHAHR UTTAR PRADESH- 203131 Have Changed My Name To MOHD ASLAM QURESHI Permanently

**NAME CHANGE**
I hitherto known as DASS GHASITA RAM alias KULWANT SINGH S/o INDER SINGH, R/o D-11/112, Sector-8, Rohini, North West Delhi, Delhi-110085, have changed my name and shall hereafter be known as KULWANT SINGH.

**NAME CHANGE**
It is for general information that I, SATBIR SINGH DABAS S/o DALIP SINGH, R/o House No. 228, 1st and 2nd Floor, Pocket-9, Sector-21, Rohini, Sultanpuri C-Block, North West Delhi, Delhi-110086, declare that name of mine has been wrongly written as SATBIR SINGH, in my Service Records. The actual name of mine is SATBIR SINGH DABAS.

**NAME CHANGE**
I, POORINAMA RATHORE W/O MUNESHWER SINGH RATHORE residing at H NO-4 GROUND FLOOR LEFT SIDE JAGDAMBA COLONY AALI SRITA VIHAR DELHI-110076 have changed my name to POORNIMA RATHAUR for all future purpose.

**NAME CHANGE**
I, Sadik S/O MEHBOOB AHMAD R/O H.No 51 Fourth Floor Street No 9 Sarojini Park Shastri Nagar Delhi 110031 Have Changed My Name To Sadik Ahmad Permanently

**NAME CHANGE**
I, Kosar D/O MOHD ASLAM QURESHI W/O SADIK AHMAD R/O H.No 51 Fourth Floor Street No 9 Sarojini Park Shastri Nagar Delhi 110031 Have Changed My Name To KAUSAR JAHAN Permanently

**PUBLIC NOTICE**
My client JAGDAVE KUMAR S/O BHARAT SINGH AND HIS WIFE POONAM DEVI R/O WZ-394, MADIPUR VILLAGE DELHI has disowned/debarred their son Rahul Gaur and his wife Vandana from all their moveable/ immoveable properties and severed all their relations from them due to their misconduct, illegal activities, wrongdoing, hostile behavior and disobedience. My clients and his family will not be responsible for his any act in future.
**RAHUL ADVOCATE**
187C, VP BLOCK,
PITAMPURA, DELHI

**NAME CHANGE**
I, PRAVEEN CHAUDHARY S/O SH. SUMAN SOROT R/O H.NO 306, SECTOR-10, GURUGRAM, HARYANA 122001 have changed my name from PRAVEEN CHAUDHARY to PRAVEEN SOROT.

**NAME CHANGE**
I, hitherto known as NAVEEN KUMAR S/O SHAMBHUNATH SINGH, PERMANENT RESIDING AT BHAGWATPUR TARAURA, VAISHALI, BIHAR-844122, CURRENTLY RESIDING AT B-3, KH.NO. 512, SECOND FLOOR, NEAR LAKE SHAKTI ENCLAVE, BURARI, DELHI-110084 have changed my name and shall hereafter be known as NAVEEN SINGH.

**NAME CHANGE**
I, RAZIA BEGUM W/O MOHD IDRISH R/O L-I-16 GALI N0-1, SANGAM VIHAR, SOUTH DELHI-110062 HAVE CHANGE MY NAME TO RAZIA KHATOON FOR ALL FUTURE PURPOSES.

# ਵਾਰ-ਵਾਰ ਸਰੀਰ 'ਚ ਹੋ ਰਹੀ 'ਖ਼ੂਨ ਦੀ ਘਾਟ' ਨੂੰ ਪੂਰਾ ਕਰਨ ਲਈ ਖਾਣੇ 'ਚ ਜ਼ਰੂਰ ਸ਼ਾਮਲ ਕਰੋ ਇਹ ਚੀਜ਼ਾਂ

ਸਰੀਰ 'ਚ ਖ਼ੂਨ ਦੀ ਘਾਟ ਨੂੰ ਪੂਰੀ ਕਰਨ ਲਈ ਖ਼ੁਰਾਕ 'ਚ ਆਇਰਨ ਦੀ ਜ਼ਰੂਰਤ ਹੁੰਦੀ ਹੈ। ਅਜਿਹੇ 'ਚ ਤੁਸੀਂ ਆਪਣੇ ਖਾਣੇ 'ਚ ਕੁਝ ਸੁਪਰਫੂਡ ਸ਼ਾਮਲ ਕਰ ਸਕਦੇ ਹੋ। ਇਸ ਨਾਲ ਖ਼ੂਨ ਦੀ ਘਾਟ ਪੂਰੀ ਹੋਣ ਦੇ ਨਾਲ ਇਮਿਊਨਿਟੀ ਵਧਾਉਣ 'ਚ ਸਹਾਇਤਾ ਮਿਲੇਗੀ। ਚੁਕੰਦਰ ਅਤੇ ਸੇਬ ਦਾ ਜੂਸ ਬੱਚੇ ਨੂੰ ਪਿਲਾਉਣ ਨਾਲ ਖ਼ੂਨ ਦੀ ਘਾਟ ਪੂਰੀ ਹੁੰਦੀ ਹੈ। ਸੇਬ 'ਚ ਆਇਰਨ ਅਤੇ ਚੁਕੰਦਰ 'ਚ ਵਿਟਾਮਿਨ ਸੀ, ਫਾਈਬਰ, ਪੋਟਾਸ਼ੀਅਮ ਅਤੇ ਫੋਲਿਕ ਐਸਿਡ ਹੁੰਦੇ ਹਨ।



1. ਅਨਾਰ ਦਾ ਜੂਸ ਪੀਓ

ਖ਼ੂਨ ਨੂੰ ਵਧਾਉਣ ਵਾਲੇ ਆਹਾਰ ਵਿੱਚ ਅਨਾਰ ਨੂੰ ਸਭ ਤੋਂ ਅਹਿਮ ਮੰਨਿਆਂ ਜਾਂਦਾ ਹੈ, ਕਿਉਂਕਿ ਅਨਾਰ ਵਿੱਚ ਆਇਰਨ ਦੀ ਭਰਪੂਰ ਮਾਤਰਾ ਮੌਜੂਦ ਹੁੰਦੀ ਹੈ। ਇਸ ਨੂੰ ਤੁਸੀਂ ਉਂਝ ਵੀ ਖਾ ਸਕਦੇ ਹੋ ਜਾਂ ਇਸਦੇ ਜੂਸ ਦੀ ਵੀ ਵਰਤੋਂ ਕਰ ਸਕਦੇ ਹੋ। ਸਵੇਰ ਦੇ ਸਮੇਂ ਅਨਾਰ ਦੇ ਜੂਸ ਦੀ ਵਰਤੋਂ ਨਾਲ ਤੁਹਾਡੇ ਸਰੀਰ 'ਚੋਂ ਆਇਰਨ ਦੀ ਘਾਟ ਬਹੁਤ ਜਲਦੀ ਪੂਰੀ ਹੋ ਜਾਂਦੀ ਹੈ।

2. ਚੁਕੰਦਰ ਦੀ ਕਰੋ ਵਰਤੋਂ

ਖ਼ੂਨ ਦੀ ਘਾਟ ਲਈ ਚੁਕੰਦਰ ਦਾ ਨਾਂ ਅਨਾਰ ਦੇ ਨਾਲ ਲਿਆ ਜਾਂਦਾ ਹੈ, ਕਿਉਂਕਿ ਇਹ ਖ਼ੂਨ ਦੀ ਘਾਟ ਲਈ ਇਕ ਰਾਮਬਾਣ ਇਲਾਜ ਹੈ। ਖ਼ੂਨ ਦੀ ਘਾਟ ਵਿੱਚ ਰੋਜ਼ਾਨਾ ਚੁਕੰਦਰ ਦੀ ਵਰਤੋਂ ਬਹੁਤ ਜਲਦੀ ਤੁਹਾਡੀ ਸਰੀਰ 'ਚੋਂ ਖ਼ੂਨ ਦੀ ਘਾਟ ਨੂੰ ਪੂਰਾ ਕਰ ਸਕਦਾ ਹੈ। ਜੇਕਰ ਚੁਕੰਦਰ ਦੇ ਜੂਸ ਨੂੰ ਅਨਾਰ ਦੇ ਜੂਸ ਵਿੱਚ ਮਿਲਾ ਕੇ ਪੀਤਾ ਜਾਵੇ ਤਾਂ ਇਹ ਤਰੀਕਾ ਤੁਹਾਡੇ ਸਰੀਰ ਵਿੱਚ 1 ਹਫ਼ਤੇ ਵਿੱਚ ਹੀਮੋਗਲੋਬਿਨ ਬਣਾ ਸਕਦਾ ਹੈ।

3. ਸੇਬ ਖਾਣਾ ਜ਼ਰੂਰੀ

ਹੀਮੋਗਲੋਬਿਨ ਵਧਾਉਣ ਲਈ ਸੇਬ ਬਹੁਤ ਫ਼ਾਇਦੇਮੰਦ ਮੰਨਿਆ ਜਾਂਦਾ ਹੈ। ਜੇਕਰ ਤੁਸੀਂ ਚਾਹੋ ਤਾਂ ਸੇਬ ਦੇ ਨਾਲ ਸ਼ਹਿਦ ਮਿਲਾ ਕੇ ਵੀ ਵਰਤੋਂ ਕਰ ਸਕਦੇ ਹੋ। ਇਸਦੀ ਵਰਤੋਂ ਕਰਨ ਨਾਲ ਤੁਸੀਂ ਆਸਾਨੀ ਨਾਲ ਖ਼ੂਨ ਦੀ ਘਾਟ ਨੂੰ ਪੂਰਾ ਕਰ ਸਕਦੇ ਹੋ।

4. ਪਾਲਕ ਸਭ ਤੋਂ ਚੰਗਾ ਉਪਾਅ

ਸਰੀਰ 'ਚ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਪਾਲਕ ਸਭ ਤੋਂ ਚੰਗਾ ਉਪਾਅ ਹੈ। ਵਿਟਾਮਿਨ-ਬੀ 6, ਏ, ਸੀ, ਆਇਰਨ, ਕੈਲਸ਼ੀਅਮ ਅਤੇ ਫਾਈਬਰ ਨਾਲ ਭਰਪੂਰ ਪਾਲਕ ਦੀ ਵਰਤੋਂ ਸਰੀਰ 'ਚ ਤੇਜ਼ੀ ਨਾਲ ਖ਼ੂਨ ਦੀ ਘਾਟ ਨੂੰ ਪੂਰਾ ਕਰਦਾ ਹੈ। ਤੁਸੀਂ ਇਸ ਨੂੰ ਸਬਜ਼ੀ ਜਾਂ ਜੂਸ ਦੇ ਰੂਪ 'ਚ ਪੀ ਸਕਦੇ ਹੋ।

5. ਕੇਲਾ ਖਾਣਾ ਜ਼ਰੂਰੀ

ਕੇਲੇ ਤੋਂ ਮਿਲਣ ਵਾਲੇ ਪ੍ਰੋਟੀਨ ,ਆਇਰਨ ਅਤੇ ਖਣਿਜ ਤੁਹਾਡੇ ਸਰੀਰ ਵਿੱਚ ਖ਼ੂਨ ਨੂੰ ਵਧਾਉਂਦੇ ਹਨ। ਇਸ ਲਈ ਦੁੱਧ ਦੇ ਨਾਲ ਹਰ-ਰੋਜ਼ ਕੇਲੇ ਦੀ ਸੇਵਨ ਕਰੋ। ਕੇਲੇ ਦੀ ਵਰਤੋਂ ਨਾਲ ਤੁਸੀਂ ਦੂਸਰੇ ਰੋਗਾਂ ਜਿਵੇਂ ਅਲਸਰ, ਗੁਰਦਿਆਂ ਦੀ ਬੀਮਾਰੀ, ਪੇਚਿਸ਼ ਅਤੇ ਅੱਖਾਂ ਦੀ ਸਮੱਸਿਆ ਤੋਂ ਰਾਹਤ ਪਾ ਸਕਦੇ ਹੋ। ਇਸ ਦੀ ਰੋਜ਼ਾਨਾ ਵਰਤੋਂ ਨਾਲ ਸਰੀਰ 'ਚ ਖ਼ੂਨ ਵਧਣਾ ਸ਼ੁਰੂ ਹੋ ਜਾਂਦਾ ਹੈ।

6. ਟਮਾਟਰ ਦਾ ਜੂਸ ਪੀਓ

ਸਰੀਰ 'ਚ ਖ਼ੂਨ ਦੀ ਘਾਟ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਰੋਜ਼ ਟਮਾਟਰ ਦਾ ਜੂਸ ਪੀਓ। ਤੁਸੀਂ ਚਾਹੋ ਤਾਂ ਟਮਾਟਰ ਦਾ ਸੂਪ ਵੀ ਪੀ ਸਕਦੇ ਹੋ। ਇਸ ਤੋਂ ਇਲਾਵਾ ਸੇਬ ਅਤੇ ਟਮਾਟਰ ਦਾ ਜੂਸ ਮਿਕਸ ਕਰਕੇ ਪੀਣ ਨਾਲ ਸਰੀਰ 'ਚੋਂ ਖ਼ੂਨ ਦੀ ਘਾਟ ਪੂਰੀ ਹੋ ਜਾਂਦੀ ਹੈ।

7. ਆਂਵਲੇ ਦਾ ਰਸ

ਆਂਵਲਾ ਅਤੇ ਜਾਮਣ ਦੇ ਰਸ ਨੂੰ ਬਰਾਬਰ ਮਾਤਰਾ 'ਚ ਮਿਲਾ ਕੇ ਪੀਣ ਨਾਲ ਸਰੀਰ 'ਚ ਖ਼ੂਨ ਦੀ ਘਾਟ ਵੀ ਪੂਰੀ ਹੋ ਜਾਂਦੀ ਹੈ। ਹੀਮੋਗਲੋਬਿਨ ਦੀ ਘਾਟ ਨੂੰ ਪੂਰਾ ਕਰਨ ਲਈ ਲਗਾਤਾਰ 1 ਹਫ਼ਤੇ ਤੱਕ ਇਸ ਦੀ ਵਰਤੋਂ ਕਰੋ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੂ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# 'ਕੋਰੋਨਾ' ਦੀ ਤੀਜੀ ਲਹਿਰ 'ਚ ਇੰਝ ਰੱਖੋ ਆਪਣੇ ਬੱਚਿਆਂ ਨੂੰ 'ਸੁਰੱਖਿਅਤ' ਅਤੇ 'ਸਿਹਤਮੰਦ'

ਕੋਰੋਨਾ ਵਾਇਰਸ ਦਾ ਕਹਿਰ ਅੱਜ ਵੀ ਜਾਰੀ ਹੈ। ਕੋਰੋਨਾ ਦੀ ਦੂਜੀ ਲਹਿਰ ਤੋਂ ਪੂਰੀ ਦੁਨੀਆਂ ਪਰੇਸ਼ਾਨ ਹੈ। ਕੋਰੋਨਾ ਮਰੀਜ਼ਾਂ ਦਾ ਅੰਕੜਾ ਦਿਨੋਂ-ਦਿਨ ਵੱਧ ਰਿਹਾ ਹੈ, ਜਿਸ ਕਾਰਨ ਬਹੁਤ ਸਾਰੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ। ਮਾਹਿਰਾਂ ਨੇ ਕੋਰੋਨਾ ਵਾਇਰਸ ਦੀ ਤੀਸਰੀ ਲਹਿਰ ਦੇ ਹੋਰ ਭਿਆਨਕ ਹੋਣ ਦਾ ਖਦਸ਼ਾ ਜਤਾਇਆ ਹੈ, ਕਿਉਂਕਿ ਇਸ ਲਹਿਰ 'ਚ ਬੱਚਿਆਂ ਨੂੰ ਜ਼ਿਆਦਾ ਖ਼ਤਰਾ ਹੈ। ਹੁਣ ਬੱਚੇ ਵੀ ਕੋਰੋਨਾ ਦੀ ਲਪੇਟ 'ਚ ਆ ਰਹੇ ਹਨ, ਜਿਸ ਕਰਕੇ ਲੋਕਾਂ ਨੂੰ ਬਹੁਤ ਸਾਰੀਆਂ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਅਜਿਹੇ 'ਚ ਬੱਚਿਆਂ ਦੀ ਸਿਹਤ ਨੂੰ ਲੈ ਕੇ ਮਾਤਾ-ਪਿਤਾ ਦੀ ਟੈਨਸ਼ਨ ਹੋਰ ਵਧ ਗਈ ਹੈ। ਇਸ ਤੋਂ ਘਬਰਾਉਣ ਦੀ ਨਹੀਂ ਸਗੋਂ ਸਾਵਧਾਨੀ ਵਰਤਣ ਦੀ ਲੋੜ ਹੈ। ਮਾਪੇ ਥੋੜ੍ਹੀ ਜਿਹੀ ਸਾਵਧਾਨੀ ਨਾਲ ਆਪਣੇ ਬੱਚਿਆਂ ਨੂੰ ਕੋਰੋਨਾ ਦੇ ਇਸ ਖ਼ਤਰੇ ਤੋਂ ਬਚਾ ਸਕਦੇ ਹਨ.....



ਜਾਣੋ ਬੱਚਿਆਂ ਲਈ ਕਿਉਂ ਖ਼ਤਰਨਾਕ ਹੈ ਕੋਰੋਨਾ ਦੀ ਤੀਸਰੀ ਲਹਿਰ

ਮਾਹਿਰਾਂ ਦਾ ਕਹਿਣਾ ਹੈ ਕਿ ਫਿਲਹਾਲ ਕੋਰੋਨਾ ਵੈਕਸੀਨ ਦੇ ਲਈ ਅਡਲਟਸ 'ਤੇ ਹੀ ਫੋਕਸ ਕੀਤਾ ਗਿਆ ਸੀ। ਕਿਸੇ ਵੀ ਕੋਰੋਨਾ ਵੈਕਸਿਨ ਦਾ ਟਰਾਇਲ ਬੱਚਿਆਂ 'ਤੇ ਨਹੀਂ ਕੀਤਾ ਗਿਆ। ਤੀਜੀ ਲਹਿਰ 'ਚ ਜੇਕਰ ਇਹ ਵਾਇਰਸ ਬੱਚਿਆਂ 'ਚ ਫੈਲਦਾ ਹੈ ਤਾਂ ਜ਼ਿਆਦਾ ਖ਼ਤਰਨਾਕ ਹੋ ਸਕਦਾ ਹੈ। 2020 'ਚ ਕੋਰੋਨਾ ਦੀ ਪਹਿਲੀ ਲਹਿਰ 'ਚ 50 ਸਾਲ ਤੋਂ ਉਪਰ ਦੇ ਲੋਕ ਅਤੇ ਬਜ਼ੁਰਗ ਸ਼ਿਕਾਰ ਹੋਏ ਸਨ।

ਘਬਰਾਓ ਨਾ ਵਰਤੋਂ ਇਹ ਸਾਵਧਾਨੀ

ਕੇਂਦਰ ਸਰਕਾਰ ਦੇ ਮੁੱਖ ਵਿਗਿਆਨੀ ਸਲਾਹਕਾਰ ਵਿਜੇ ਰਾਘਵਨ ਨੇ ਵੀ ਕੋਰੋਨਾ ਦੀ ਤੀਸਰੀ ਲਹਿਰ ਤੋਂ ਘਬਰਾਉਣ ਦੀ ਜਗ੍ਹਾ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਜ਼ਰੂਰੀ ਗਾਈਡਲਾਈਨਸ ਨੂੰ ਅਪਣਾਉਂਦੇ ਹਾਂ ਤਾਂ ਕੋਰੋਨਾ ਦੀ ਤੀਸਰੀ ਲਹਿਰ ਦੇ ਅਸਰ ਨੂੰ ਕਾਫ਼ੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ। ਇਸ ਦੇ ਲਈ ਸਮੇਂ-ਸਮੇਂ 'ਤੇ ਜ਼ਰੂਰੀ ਗਾਈਡਲਾਈਨ ਜਾਰੀ ਕੀਤੀ ਜਾ ਰਹੀ ਹੈ।

ਬੱਚਿਆਂ ਲਈ ਕਿਉਂ ਨਹੀਂ ਬਣੀ ਵੈਕਸੀਨ

ਕੋਰੋਨਾ ਵੈਕਸੀਨ ਦਾ ਬੱਚਿਆਂ 'ਤੇ ਕਿਸੇ ਤਰ੍ਹਾਂ ਦਾ ਕੋਈ ਟ੍ਰਾਇਲ ਨਹੀਂ ਹੋਇਆ ਹੈ। ਇਸ ਦਾ ਟ੍ਰਾਇਲ 16 ਤੋਂ ਵੱਧ ਉਮਰ ਦੇ ਲੋਕਾਂ 'ਤੇ ਹੀ ਕੀਤਾ ਗਿਆ ਸੀ। ਇਸ ਲਈ ਬੱਚਿਆਂ ਦੇ ਲਈ ਅਜੇ ਤੱਕ ਕੋਰੋਨਾ ਵੈਕਸਿਨ ਨਹੀਂ ਹੈ। ਡਬਲਯੂ.ਐੱਚ.ਓ. ਨੇ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੈਕਸੀਨ ਨਾ ਲਗਾਉਣ ਦੀ ਸਲਾਹ ਦਿੱਤੀ ਗਈ ਹੈ।

ਇਸ ਸਥਿਤੀ 'ਚ ਕੀ ਕਰਨ ਮਾਤਾ-ਪਿਤਾ

* ਬੱਚਿਆਂ ਦੀ ਇਮਿਊਨਿਟੀ ਕਰੋ ਸਟ੍ਰਾਂਗ
* ਰੋਜ਼ਾਨਾ ਖਾਓ ਫਲ, ਸਬਜ਼ੀਆਂ, ਅੰਡਾ ਅਤੇ ਜੂਸ
* ਕਮਜ਼ੋਰ ਅਤੇ ਹੋਰ ਬੀਮਾਰੀ ਦੇ ਸ਼ਿਕਾਰ ਬੱਚਿਆਂ ਦੇ ਵੱਲ ਦਿਓ ਜ਼ਿਆਦਾ ਧਿਆਨ
* ਬੱਚਿਆਂ ਨੂੰ ਘਰ ਤੋਂ ਬਾਹਰ ਲਿਜਾਉਣ ਤੋਂ ਬਚੋ।
* ਬੱਚਿਆਂ ਨੂੰ ਬਾਹਰੀ ਲੋਕਾਂ ਦੇ ਸੰਪਰਕ 'ਚ ਨਾ ਆਉਣ ਦਿਓ।
* ਹਮੇਸ਼ਾ ਮਾਸਕ ਪਾਓ।
* ਹੱਥਾਂ ਨੂੰ ਵਾਰ-ਵਾਰ ਸਾਬਣ ਨਾਲ ਧੋਵੋ ਅਤੇ ਸੈਨੇਟਾਇਜ਼ਰ ਦੀ ਵਰਤੋਂ ਕਰੋ।
* ਬੱਚਿਆਂ ਨੂੰ ਕਦੇ ਵੀ ਬਾਹਰ ਦੀਆਂ ਚੀਜ਼ਾਂ ਖਾਣ ਨੂੰ ਨਾ ਦਿਓ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੂ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# 'ਕੋਰੋਨਾ' ਮਹਾਮਾਰੀ ਦੇ ਚੱਲਦੇ ਆਪਣੀ 'ਖ਼ੁਰਾਕ' 'ਚ ਜ਼ਰੂਰ ਸ਼ਾਮਲ ਕਰੋ ਇਹ ਚੀਜ਼ਾਂ, ਹੋਣਗੀਆਂ ਫ਼ਾਇਦੇਮੰਦ

ਕੋਰੋਨਾ ਦੇਸ਼ ਹੀ ਨਹੀਂ ਸਗੋ ਪੂਰੀ ਦੁਨੀਆਂ 'ਚ ਤਬਾਹੀ ਮਚਾ ਰਿਹਾ ਹੈ, ਜਿਸ ਕਾਰਨ ਰੋਜ਼ਾਨਾ ਸੈਂਕੜੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ। ਕੋਰੋਨਾ ਫੈਲਣ ਤੋਂ ਰੋਕਣ ਲਈ ਅਸੀਂ ਘਰਾਂ 'ਚ ਰਹਿ ਰਹੇ ਹਾਂ। ਸਾਰੇ ਕੰਮ ਘਰਾਂ ਤੋਂ ਕਰ ਰਹੇ ਹਾਂ। ਜੇਕਰ ਅਸੀਂ ਘਰਾਂ 'ਚ ਰਹਿੰਦੇ ਹੋਏ ਆਪਣੀ ਖ਼ੁਰਾਕ ਦਾ ਖ਼ਾਸ ਧਿਆਨ ਰੱਖਦੇ ਹਾਂ ਤਾਂ ਅਸੀਂ ਕੋਰੋਨਾ ਨੂੰ ਮਾਤ ਦੇਣ 'ਚ ਜਲਦ ਕਾਮਯਾਬ ਹੋ ਜਾਵਾਂਗੇ। ਲਾਗ ਦੌਰਾਨ ਸਿਹਤਮੰਦ ਰਹਿਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ। ਸਿਹਤਮੰਦ ਰਹਿਣ ਲਈ ਤੁਹਾਨੂੰ ਆਪਣੀ ਖ਼ੁਰਾਕ 'ਤੇ ਧਿਆਨ ਦੇਣ ਦੀ ਜ਼ਿਆਦਾ ਲੋੜ ਹੈ। ਸਭ ਜਾਣਦੇ ਹਨ ਕਿ ਕੋਰੋਨਾ ਤੋਂ ਬਚਣ ਅਤੇ ਲੜਨ ਲਈ ਸਰੀਰ ਵਿੱਚ ਇਮੀਊਨਿਟੀ ਸਿਸਟਮ ਮਜਬੂਤ ਹੋਣਾ ਚਾਹੀਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਪਹਿਲਾਂ ਹੀ ਇਸ ਬਾਰੇ ਚੇਤਾਵਨੀ ਦਿੱਤੀ ਹੈ। ਇਸੇ ਲਈ ਅੱਜ ਅਸੀਂ ਤੁਹਾਨੂੰ ਕੁਝ ਚੀਜ਼ਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਦੇ ਸੇਵਨ ਨਾਲ ਕੋਰੋਨਾ ਲਾਗ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ...

ਕੋਰੋਨਾ ਵਾਇਰਸ ਤੋਂ ਬਚਣ ਲਈ ਜਾਣੋ ਕੀ ਖਾਣਾ ਚਾਹੀਦਾ ਹੈ...

ਰੋਜ਼ਾਨਾ ਖਾਓ ਤਾਜ਼ੇ ਫਲ

ਕੋਰੋਨਾ ਦੇ ਵੱਧ ਰਹੇ ਕਹਿਰ ਤੋਂ ਬਚਾਅ ਕਰਨ ਲਈ ਆਪਣੀ ਖ਼ੁਰਾਕ ਵਿੱਚ ਤਾਜ਼ੇ ਫਲ ਜ਼ਰੂਰ ਸ਼ਾਮਲ ਕਰੋ। ਇਸ ਨਾਲ ਤੁਹਾਡੇ ਸਰੀਰ ਨੂੰ ਵਿਟਾਮਿਨ, ਖਣਿਜ, ਫਾਈਬਰ, ਪ੍ਰੋਟੀਨ ਅਤੇ ਐਂਟੀਆਕਸੀਡੈਂਟ ਦੀ ਭਰਪੂਰ ਮਾਤਰਾ ਮਿਲੇਗੀ। ਗਰਮੀ ਦੇ ਚੱਲ ਰਹੇ ਇਸ ਮੌਸਮ 'ਚ ਅੰਬ, ਸੇਬ, ਕੇਲਾ ਅਤੇ ਚੁਕੰਦਰ ਵੀ ਜ਼ਰੂਰ ਖਾਓ।

ਖ਼ੁਰਾਕ 'ਚ ਸ਼ਾਮਲ ਕਰੋ ਹਰੀਆਂ ਸਬਜ਼ੀਆਂ

ਕੋਰੋਨਾ ਵਾਇਰਸ ਦੇ ਸਮੇਂ ਤੁਹਾਨੂੰ ਹਰੀਆਂ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਸਬਜ਼ੀਆਂ 'ਚ ਤੁਸੀਂ ਫਲੀਆ, ਭਿੰਡੀ, ਕੱਦੂ ਦੇ ਨਾਲ-ਨਾਲ ਜੜ੍ਹਾਂ ਵਾਲੀਆਂ ਸਬਜ਼ੀਆਂ ਜਿਵੇਂ ਆਲੂ, ਸ਼ਕਰਕੰਦੀ ਅਤੇ ਅਰਬੀ ਵੀ ਖਾ ਸਕਦੇ ਹੋ। ਪਾਲਕ ਅਤੇ ਮੇਥੀ ਨੂੰ ਵੀ ਤੁਸੀਂ ਆਪਣੀ ਖ਼ੁਰਾਕ ਵਿੱਚ ਸ਼ਾਮਲ ਕਰ ਸਕਦੇ ਹੋ।

ਰੋਜ਼ਾਨਾ ਪੀਓ 8 ਤੋਂ 10 ਗਲਾਸ ਪਾਣੀ

ਗਰਮੀਆਂ ਦੇ ਮੌਸਮ ਵਿੱਚ ਪਿਆਸ ਬਹੁਤ ਲੱਗਦੀ ਹੈ। ਇਸੇ ਲਈ ਤੁਹਾਨੂੰ ਰੋਜ਼ਾਨਾ 8 ਤੋਂ 10 ਗਲਾਸ ਪਾਣੀ ਪੀਣਾ ਚਾਹੀਦਾ ਹੈ, ਜਿਸ ਨਾਲ ਸਰੀਰ ਵਿੱਚ ਪਾਣੀ ਦੀ ਘਾਟ ਨਹੀਂ ਹੁੰਦੀ। ਪਾਣੀ ਪੀਣ ਦੇ ਨਾਲ-ਨਾਲ ਤੁਸੀਂ ਤਾਜ਼ੇ ਫਲਾਂ ਦਾ ਜੂਸ, ਨਿੰਬੂ ਪਾਣੀ ਜਾਂ ਹੋਰ ਕਈ ਤਰ੍ਹਾਂ ਦੇ ਜੂਸ ਦਾ ਸੇਵਨ ਵੀ ਕਰ ਸਕਦੇ ਹੋ।



ਪੂਰੀ ਨੀਂਦ ਲੈਣੀ ਜ਼ਰੂਰ

ਬਹੁਤ ਸਾਰੇ ਲੋਕ ਅਜਿਹੇ ਹਨ, ਜਿਨ੍ਹਾਂ ਦੀ ਨੀਂਦ ਪੂਰੀ ਨਹੀਂ ਹੁੰਗੀ। ਨੀਂਦ ਘੱਟ ਲੈਣ ਨਾਲ ਇਮੀਊਨਿਟੀ ਸਿਸਟਮ ਖ਼ਰਾਬ ਹੋ ਜਾਂਦਾ ਹੈ ਅਜਿਹੇ 'ਚ ਇਮੀਊਨਿਟੀ ਸਿਸਟਮ ਮਜ਼ਬੂਤ ਕਰਨ ਲਈ ਸਮੇਂ ਸਿਰ ਸੌਣਾ ਤੇ ਪੂਰੀ ਨੀਂਹ ਲੈਣਾ ਬਹੁਤ ਜ਼ਰੂਰੀ ਹੈ।

ਇਮਿਊਨ ਸਿਸਟਮ ਵਧਾਉਣ ਲਈ ਖਾਓ ਬਦਾਮ

ਬਦਾਮ ਤੁਹਾਡੇ ਇਮਿਊਨ ਸਿਸਟਮ ਲਈ ਬਹੁਤ ਫ਼ਾਇਦੇਮੰਦ ਹੈ। ਬਦਾਮ 'ਚ ਵਿਟਾਮਿਨ-ਈ ਹੁੰਦਾ ਹੈ, ਜੋ ਐਂਟੀਆਕਸੀਡੈਂਟਸ ਨਾਲ ਭਰਪੂਰ ਹੈ। ਕੋਰੋਨਾ ਹੋਣ ਕਾਰਨ ਜੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ, ਤਾਂ ਇਸ ਨੂੰ ਠੀਕ ਕਰਨ ਲਈ ਬਦਾਮ ਖਾਓ। ਬਦਾਮ ਤੋਂ ਇਲਾਵਾ, ਤੁਸੀਂ ਆਪਣੀ ਡਾਈਟ 'ਚ ਹੋਰ ਸੁੱਕੇ ਮੇਵੇ ਜਿਵੇਂ ਕਾਜੂ, ਐਵਾਕਾਡੋ ਤੇ ਵਿਟਾਮਿਨ-ਈ ਵੀ ਸ਼ਾਮਲ ਕਰ ਸਕਦੇ ਹੋ।

ਆਂਡੇ ਖਾਓ

ਅੰਡਿਆਂ 'ਚ ਪ੍ਰੋਟੀਨ ਬਹੁਤ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਕੋਰੋਨਾ ਤੋਂ ਰਿਕਵਰੀ ਲਈ ਬਹੁਤ ਜ਼ਰੂਰੀ ਹੈ।

ਬੀਨਜ਼ ਦੀ ਕਰੋ ਵਰਤੋਂ

ਬੀਨਜ਼ ਜ਼ਿੰਕ ਨਾਲ ਭਰਪੂਰ ਹੁੰਦੇ ਹਨ, ਜੋ ਤੁਹਾਡੀ ਇਮਿਊਨ ਸਿਸਟਮ ਨੂੰ ਵਧਾਉਂਦੇ ਹਨ ਤੇ ਸਰੀਰ ਵਿਚੋਂ ਜ਼ਹਿਰੀਲੇ ਤੱਤਾਂ ਨੂੰ ਦੂਰ ਕਰਦੇ ਹਨ। ਸਰੀਰ ਵਿੱਚ ਜ਼ਿੰਕ ਦੀ ਘਾਟ ਕਾਰਨ ਰੋਗ ਪ੍ਰਤੀਰੋਧੀ ਸ਼ਕਤੀ ਘੱਟ ਜਾਂਦੀ ਹੈ।

ਕੋਰੋਨਾ ਵਾਇਰਸ ਤੋਂ ਬਚਣ ਲਈ ਇਨ੍ਹਾਂ ਗੱਲਾਂ ਦਾ ਜ਼ਰੂਰ ਰੱਖੋ ਧਿਆਨ, ਰਹੋਗੇ ਸਿਹਤਮੰਦ

. ਹੱਥਾਂ ਨੂੰ ਵਾਰ-ਵਾਰ ਧੋਵੋ।
. ਕੋਸਾ ਪਾਣੀ ਪੀਓ।
. ਕੋਸੇ ਪਾਣੀ ਵਿੱਚ ਨਿੰਬੂ ਅਤੇ ਸ਼ਹਿਦ ਪਾ ਕੇ ਲਓ।
. ਮਿਰਚ ਮਸਾਲੇਦਾਰ ਭੋਜਨ ਘੱਟ ਖਾਓ। ਇਨ੍ਹਾਂ ਵਿਚ ਐਸੀਡਿਟੀ ਹੁੰਦੀ ਹੈ, ਜਿਸ ਨਾਲ ਫੇਫੜਿਆਂ ਨੂੰ ਨੁਕਸਾਨ ਹੁੰਦਾ ਹੈ।
. ਲਸਣ, ਹਲਦੀ ਅਤੇ ਅਦਰਕ ਦੀ ਵਰਤੋਂ ਕਰੋ, ਕਿਉਂਕਿ ਇਹ ਇਮੀਊਨਿਟੀ ਵਧਾਉਂਦੇ ਹਨ।
. ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ 'ਚ ਹੱਥਾਂ ਨੂੰ ਜ਼ਰੂਰ ਧੋਵੋ।
. ਘਰ ਵਿੱਚ ਫਿਜ਼ੀਕਲ ਐਕਟੀਵਿਟੀ ਜ਼ਰੂਰ ਕਰੋ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੂ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਕੋਰੋਨਾ ਆਫ਼ਤ ਦੌਰਾਨ ਮੰਡਰਾਉਣ ਲੱਗਾ ਬਲੈਕ ਫੰਗਸ ਦਾ ਖ਼ਤਰਾ



ਦੇਸ਼ ਕੋਰੋਨਾ ਸੰਕਟ ਨਾਲ ਜੂਝ ਰਿਹਾ ਹੈ ਅਤੇ ਇਸ ਦੌਰਾਨ ਹੀ ਮਿਊਕੋਰਮਾਇਕੋਸਿਸ ਇਨਫੈਕਸ਼ਨ ਯਾਨੀ ਬਲੈਕ ਫੰਗਸ ਦਾ ਇਕ ਹੋਰ ਖ਼ਤਰਾ ਲੋਕਾਂ 'ਤੇ ਮੰਡਰਾਉਣ ਲੱਗਾ ਹੈ। ਇਹ ਬਿਮਾਰੀ ਉਨ੍ਹਾਂ ਕੋਰੋਨਾ ਪੀੜਤ ਮਰੀਜ਼ਾਂ 'ਚ ਦੇਖਣ ਨੂੰ ਮਿਲ ਰਹੀ ਹੈ, ਜੋ ਡਾਇਬਟੀਜ਼ ਤੋਂ ਪੀੜਤ ਹਨ। ਦੁਰਲੱਭ ਕਿਸਮ ਦੀ ਇਹ ਬਿਮਾਰੀ ਅੱਖਾਂ 'ਚ ਹੋਣ 'ਤੇ ਮਰੀਜ਼ ਦੀ ਅੱਖਾਂ ਦੀ ਰੋਸ਼ਨੀ ਵੀ ਖ਼ਤਮ ਕਰ ਸਕਦੀ ਹੈ। ਇਸ ਬਿਮਾਰੀ ਨਾਲ ਸਰੀਰ ਦੇ ਕਈ ਅੰਗ ਪ੍ਰਭਾਵਿਤ ਹੋ ਸਕਦੇ ਹਨ। ਅਜਿਹੇ 'ਚ ਦੱਸਦੇ ਹਾਂ ਇਸ ਬਿਮਾਰੀ ਦਾ ਖ਼ਤਰਾ, ਲੱਛਣ ਤੇ ਬਚਾਅ।

ਕੀ ਹੈ ਬਲੈਕ ਫੰਗਸ ?

ਭਾਰਤੀ ਮੈਡੀਕਲ ਵਿਗਿਆਨ ਪਰਿਸ਼ਦ ਦੇ ਮੁਤਾਬਕ, ਬਲੈਕ ਫੰਗਸ ਇਕ ਦੁਰਲੱਭ ਤਰ੍ਹਾਂ ਦੀ ਫੰਗਸ ਹੈ। ਇਹ ਫੰਗਸ ਸਰੀਰ 'ਚ ਬਹੁਤ ਤੇਜ਼ੀ ਨਾਲ ਫੈਲਦਾ ਹੈ। ਇਹ ਇਜੈਕਸ਼ਨ ਉਨ੍ਹਾਂ ਲੋਕਾਂ 'ਚ ਦੇਖਣ ਨੂੰ ਮਿਲ ਰਿਹਾ ਹੈ, ਜੋ ਕਿ ਕੋਰੋਨਾ ਇਨਫੈਕਟਡ ਹੋਣ ਤੋਂ ਪਹਿਲਾਂ ਕਿਸੇ ਦੂਜੇ ਬਿਮਾਰੀ ਤੋਂ ਪੀੜਤ ਸਨ। ਇਸ ਤੋਂ ਇਲਾਵਾ ਇਹ ਉਨ੍ਹਾਂ ਲੋਕਾਂ 'ਚ ਵੀ ਦੇਖਣ ਨੂੰ ਮਿਲ ਰਹੀ ਹੈ, ਜਿੰਨ੍ਹਾਂ ਦੀ ਇਮਿਊਨਿਟੀ ਕਮਜ਼ੋਰ ਹੈ।

ਕੀ ਇਸ ਨਾਲ ਹੁੰਦੀ ਹੈ ਮੌਤ ?

ਇਸ ਬਿਮਾਰੀ ਨਾਲ ਦਿਮਾਗ, ਫੇਫੜੇ ਤੇ ਚਮੜੀ 'ਤੇ ਵੀ ਅਸਰ ਦੇਖਣ ਨੂੰ ਮਿਲਦਾ ਹੈ। ਇਸ ਕਾਰਨ ਅੱਖਾਂ ਦੀ ਰੋਸ਼ਨੀ ਵੀ ਚਲੀ ਜਾਂਦੀ ਹੈ। ਉੱਥੇ ਹੀ ਕੁਝ ਮਰੀਜ਼ਾਂ ਦੇ ਜਬਾੜੇ ਅਤੇ ਨੱਕ ਦੀ ਹੱਡੀ ਤਕ ਗਲ ਜਾਂਦੀ ਹੈ। ਜੇਕਰ ਸਮਾਂ ਰਹਿੰਦਿਆਂ ਇਸ ਦਾ ਇਲਾਜ ਨਾ ਕੀਤਾ ਗਿਆ ਤਾਂ ਮਰੀਜ਼ ਦੀ ਮੌਤ ਹੋ ਜਾਂਦੀ ਹੈ।

ਕੀ ਹਨ ਲੱਛਣ ?

ਇਹ ਇਨਫੈਕਸ਼ਨ ਜ਼ਿਆਦਾਤਰ ਉਨ੍ਹਾਂ ਮਰੀਜ਼ਾਂ 'ਚ ਦੇਖਣ ਨੂੰ ਮਿਲੀ ਹੈ, ਜੋ ਕਿ ਡਾਇਬਟੀਜ਼ ਨਾਲ ਪੀੜਤ ਹਨ। ਅਜਿਹੇ ਮਰੀਜ਼ਾਂ ਨੂੰ ਡਾਇਬਟੀਜ਼ 'ਤੇ ਕੰਟਰੋਲ ਰੱਖਣਾ ਚਾਹੀਦਾ ਹੈ। ਮਾਹਿਰਾਂ ਮੁਤਾਬਕ ਬਲੈਕ ਫੰਗਸ ਕਾਰਨ ਸਿਰ ਦਰਦ, ਬੁਖਾਰ, ਅੱਖਾਂ 'ਚ ਦਰਦ, ਨੱਕ ਬੰਦ ਜਾਂ ਸਾਇਨਸ ਤੋਂ ਇਲਾਵਾ ਦੇਖਣ ਦੀ ਸਮਰੱਥਾ 'ਤੇ ਵੀ ਅਸਰ ਪੈਂਦਾ ਹੈ।

ਕੰਮ ਦੀ ਸਲਾਹ

ਜੇਕਰ ਕਿਸੇ ਵਿਅਕਤੀ 'ਚ ਇਹ ਲੱਛਣ ਦਿਖਣ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਕੋਰੋਨਾ ਇਨਫੈਕਸ਼ਨ ਜਾਣ ਉਸ ਦੇ ਡਰ ਕਾਰਨ ਕਈ ਵਾਰ ਲੋਕ ਬਿਨਾਂ ਡਾਕਟਰੀ ਸਲਾਹ ਦੇ ਜਾਂ ਲੋੜ ਤੋਂ ਜ਼ਿਆਦਾ ਸਟੀਰੋਇਡ ਖਾ ਲੈਂਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਬਲੈਕ ਫੰਗਸ ਦਾ ਖ਼ਤਰਾ ਹੁੰਦਾ ਹੈ।

ਮੌਜੂਦਾ ਸਮੇਂ ਇਸ ਬਿਮਾਰੀ ਨਾਲ ਨਜਿੱਠਣ ਲਈ ਅਜੇ ਸੁਰੱਖਿਅਤ ਸਿਸਟਮ ਨਹੀਂ ਹੈ। ਇਸ ਦੀ ਦਵਾਈ ਦੀ ਸ਼ੌਰਟੇਜ਼ ਜਾਂ ਕਾਲਾਬਜ਼ਾਰੀ ਹੁਣੇ ਤੋਂ ਹੀ ਕਈ ਥਾਵਾਂ 'ਤੇ ਹੋਣ ਦੀ ਖ਼ਬਰ ਆ ਰਹੀ ਹੈ। ਅਜਿਹੇ 'ਚ ਮਾਹਿਰ ਦੱਸਦੇ ਹਨ ਕਿ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਾਵਧਾਨੀ ਹੀ ਇਕਮਾਤਰ ਬਚਾਅ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੂ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਸਾਵਧਾਨ ! ਗਲੇ ਅਤੇ ਫੇਫੜਿਆਂ ਤੋਂ ਬਾਅਦ ਹੁਣ ਕੋਰੋਨਾ ਵਾਇਰਸ ਕਰ ਰਿਹੈ ਸਿੱਧਾ ਦਿਲ 'ਤੇ ਅਟੈਕ





ਕੋਰੋਨਾ ਦੇ ਮਾਮਲੇ ਦਿਨੋ ਦਿਨ ਵਧਦੇ ਜਾ ਰਹੇ ਹਨ। ਇਹ ਖ਼ਤਰਨਾਕ ਬਿਮਾਰੀ ਹੁਣ ਤੱਕ ਲੱਖਾਂ ਲੋਕਾਂ ਦੀ ਜਾਨ ਲੈ ਚੁੱਕੀ ਹੈ। ਕੋਰੋਨਾ ਵਾਇਰਸ ਦਾ ਸੰਕਰਮਣ ਨੱਕ, ਗਲ਼ਾ, ਫੇਫੜਿਆਂ ਦੇ ਨਾਲ ਹੀ ਦਿਲ 'ਤੇ ਵੀ ਹਮਲਾ ਕਰ ਰਿਹਾ ਹੈ। ਸੰਕਰਮਣ ਕਾਰਨ ਰੋਗੀਆਂ ਦੀ ਧੜਕਨ ਬੇਕਾਬੂ ਹੋ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਦਿਲ 'ਚ ਦਰਦ ਵੀ ਹੋ ਰਿਹਾ ਹੈ। ਕਾਰਡਿਓਲਾਜੀ ਸੰਸਥਾਨ ਅਤੇ ਹੈਲਟ ਹਸਪਤਾਲ ਦੀ ਐਮਰਜੈਂਸੀ 'ਚ ਇਸ ਤਰ੍ਹਾਂ ਦੀ ਸਮੱਸਿਆਵਾਂ ਲੈ ਕੇ ਕਈ ਰੋਗੀ ਆ ਰਹੇ ਹਨ। ਉਨ੍ਹਾਂ ਨੂੰ ਹਾਰਟ ਅਟੈਕ ਜਿਹਾ ਮਹਿਸੂਸ ਹੋ ਰਿਹਾ ਹੈ। ਅਜਿਹੀ ਸਮੱਸਿਆ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਹੁੰਦੀ ਸੀ। ਹੁਣ ਸਧਾਰਨ ਸੰਕਰਮਿਤਾਂ 'ਚ ਵੀ ਇਹ ਸਮੱਸਿਆ ਹੋਣ ਲੱਗੀ ਹੈ। ਖ਼ੂਨ ਦੇ ਕਲੋਟ ਜੰਮਣ ਨਾਲ ਉਨ੍ਹਾਂ ਦੇ ਦਿਲ ਦੇ ਕਾਰਜ ਕਰਨ ਦੀ ਪ੍ਰਣਾਲੀ 'ਚ ਗੜਬੜੀ ਹੋ ਰਹੀ ਹੈ। ਇਕ ਕਾਰਡਿਕ ਸਰਜਨ ਨੇ ਦੱਸਿਆ ਕਿ ਐਮਰਜੈਂਸੀ 'ਚ ਕਈ ਮਰੀਜ਼ ਹਾਰਟ ਅਟੈਕ ਦੀ ਸਮੱਸਿਆ ਲੈ ਕੇ ਆ ਰਹੇ ਹਨ। ਉਨ੍ਹਾਂ ਨੇ ਮਾਇਓਕਾਰਡੀਅਲ ਇਨਫ੍ਰੈਕਸ਼ਨ ਦੀ ਦਿੱਕਤ ਰਹਿੰਦੀ ਹੈ। ਕੋਵਿਡ ਸੰਕਰਮਣ ਹੁੰਦੇ ਹੀ ਖ਼ੂਨ ਦੀਆਂ ਨਾੜੀਆਂ 'ਚ ਕਲੋਟ ਜੰਮਣ ਲੱਗਦੇ ਹਨ। ਇਸ ਕਾਰਨ ਖ਼ੂਨ ਦਾ ਵਹਾਅ ਘੱਟ ਹੋ ਜਾਂਦਾ ਹੈ। ਇਸ ਸਥਿਤੀ 'ਚ ਦਿਲ ਦਾ ਦੌਰਾ ਪੈਂਦਾ ਹੈ। ਇਸ ਤੋਂ ਇਲਾਵਾ ਕਾਰਡੀਟਿਸ ਦੇ ਨਾਲ ਕਈ ਰੋਗੀ ਆ ਰਹੇ ਹਨ। ਇਸ 'ਚ ਪਲਸ ਰੇਟ ਡਿੱਗ ਕੇ 30 ਤਕ ਪਹੁੰਚ ਜਾਂਦਾ ਹੈ। ਐਮਰਜੈਂਸੀ 'ਚ ਤੁਰੰਤ ਪੇਸ ਮੇਕਰ ਪਾਉਣ ਦੀ ਨੌਬਤ ਆਉਂਦੀ ਹੈ। ਇਹ ਸਮੱਸਿਆ ਸੰਕਰਮਣ ਕਾਰਨ ਆ ਰਹੀ ਹੈ। ਆਮ ਪਲਸ ਰੇਟ 60 ਤੋਂ 90 'ਚ ਰਹਿੰਦੀ ਹੈ।

ਵੱਧ ਰਿਹੈ ਦਿਲ ਦਾ ਆਕਾਰ

ਜੀ.ਐੱਸ.ਵੀ.ਐੱਮ ਮੈਡੀਕਲ ਕਾਲਜ ਦੇ ਮੈਡੀਸਨ ਵਿਭਾਗ ਦੇ ਪ੍ਰੋ. ਐੱਸ ਦੇ ਗੌਤਮ ਅਨੁਸਾਰ ਕੋਰੋਨਾ ਸੰਕਰਮਣ ਦੇ ਚੱਲਦਿਆਂ ਦਿਲ ਦਾ ਆਕਾਰ ਵੱਧਣ ਲੱਗਾ ਹੈ। ਇਸ ਨੂੰ ਕਾਰਡਿਓਮਾਇਓਪੇਥੀ ਕਹਿੰਦੇ ਹਨ। ਇਸ 'ਚ ਦਿਲ ਦੇ ਪੰਪ ਕਰਨ ਦੀ ਸਮਰੱਥਾ 30 ਤੋਂ 40 ਫ਼ੀਸਦੀ ਤੱਕ ਘੱਟ ਹੋ ਜਾਂਦੀ ਹੈ। ਮਰੀਜ਼ ਦਾ ਸਾਹ ਫੁੱਲਣ ਲੱਗਦਾ ਹੈ। ਦਿਲ 'ਚ ਦਰਦ ਹੁੰਦਾ ਹੈ। ਦਿਲ ਦੀਆਂ ਮਾਸਪੇਸ਼ੀਆਂ 'ਚ ਵੀ ਸੋਜ ਆ ਜਾਂਦੀ ਹੈ।

ਧੜਕਨ 'ਚ ਹੋ ਰਿਹੈ ਉਤਾਰ-ਚੜਾਅ

ਕਾਰਡਿਓਲਾਜੀ ਸੰਸਥਾਨ ਦੇ ਇਕ ਡਾਕਟਰ ਨੇ ਦੱਸਿਆ ਕਿ ਪੋਸਟ ਕੋਵਿਡ ਮਰੀਜ਼ਾਂ ਦੀ ਧੜਕਨ 'ਚ ਕਾਫ਼ੀ ਉਤਾਰ-ਚੜਾਅ ਹੋ ਰਿਹਾ ਹੈ। ਕਿਸੇ 'ਚ ਪਲਸ ਰੇਟ 110 ਤੋਂ ਉੱਪਰ ਪਹੁੰਚ ਜਾਂਦੀ ਹੈ। ਕੁਝ-ਕੁਝ ਰੋਗੀਆਂ 'ਚ 130 ਤੋਂ 140 ਨੇੜੇ ਮਿਲੀ ਹੈ। ਇਸ ਨੂੰ ਟ੍ਰਾਈਕੀ ਕਾਰਡਿਆ ਕਹਿੰਦੇ ਹਨ। ਕੁਝ ਮਰੀਜ਼ਾਂ ਦੀ ਪਲਸ ਰੇਟ 60 ਦੇ ਹੇਠਾਂ ਮਿਲ ਰਹੀ ਹੈ। ਇਸ ਨੂੰ ਬ੍ਰਾਡਿਕਾਰਡਿਆ ਕਹਿੰਦੇ ਹਨ। ਇਸ 'ਚ ਰੋਗੀ ਕਮਜ਼ੋਰੀ, ਘਬਰਾਹਟ, ਤਣਾਅ, ਬਲੱਡ ਪ੍ਰੈਸ਼ਰ ਘੱਟ ਹੋਣ ਦੀ ਸ਼ਿਕਾਇਤ ਕਰ ਰਹੇ ਹਨ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੂ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

ਕੁਆਰ ਗੰਦਲ ਜਾਂ ਐਲੋਵਿਰਾ ਦਾ ਰਸ ਜਿਗਰ ਦੇ ਰੋਗਾਂ, ਪੀਲੀਆ, ਕਫ, ਬੁਖ਼ਾਰ ਨੂੰ ਤਾਂ ਦੂਰ ਕਰਦਾ ਹੀ ਹੈ, ਇਸ ਦੀ ਵਰਤੋਂ ਸੁੰਦਰਤਾ ਵਧਾਉਣ ਵਾਲੀ ਸਮੱਗਰੀ ਵਿਚ ਵੀ ਕੀਤੀ ਜਾਂਦੀ ਹੈ...

# ਗੁਣਕਾਰੀ ਕੁਆਰ ਗੰਦਲ



ਕੁਆਰ ਗੰਦਲ ਦੀ ਅੱਜ ਮਾਰਕੀਟ ਵਿਚ ਬੇਹੱਦ ਮੰਗ ਹੈ, ਕਿਉਂਕਿ ਇਸ ਦੀ ਵਰਤੋਂ ਅੱਜ ਦਵਾਈਆਂ ਤੇ ਸੁੰਦਰਤਾ ਸਮੱਗਰੀ ਵਿਚ ਵਧੇਰੇ ਹੋਣ ਕਾਰਨ ਇਸ ਦੀ ਵਪਾਰਕ ਪੱਧਰ 'ਤੇ ਮੰਗ ਵੀ ਵਧੀ ਹੈ। ਕੁਆਰ ਗੰਦਲ ਨੂੰ ਹਿੰਦੀ ਵਿਚ 'ਘ੍ਰਿਤ ਕੁਮਾਰੀ' ਅਤੇ ਅੰਗਰੇਜ਼ੀ ਵਿਚ 'ਐਲੋਵਿਰਾ' ਆਖਦੇ ਹਨ। ਇਹ ਲਿਲੀਏਸੀ ਕੁਲ ਨਾਲ ਸਬੰਧਤ ਪੌਦਾ ਹੈ। ਦੁਨੀਆ ਭਰ ਵਿਚ ਇਹ 'ਇੰਡੀਅਨ ਅਲੋਇ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉੱਗਣ ਤੋਂ ਬਾਅਦ ਇਹ ਕਈ ਵਰ੍ਹਿਆਂ ਤਕ ਹਰਾ ਰਹਿੰਦਾ ਹੈ। ਇਸ ਦੀ ਉਚਾਈ 30-60 ਸੈਂਟੀਮੀਟਰ ਤਕ ਹੁੰਦੀ ਹੈ। ਇਸ ਉੱਪਰ ਜਨਵਰੀ-ਫਰਵਰੀ ਵਿਚ ਫੁੱਲ ਲੱਗਦੇ ਹਨ।

## ਗੁਣ

ਕੁਆਰ ਗੰਦਲ ਦਾ ਰਸ ਸਵਾਦ ਵਿਚ ਕੌੜਾ ਤੇ ਚਿਪਚਿਪਾ ਹੁੰਦਾ ਹੈ। ਇਹ ਖ਼ੂਨ ਨੂੰ ਸਾਫ਼ ਕਰਦਾ ਹੈ। ਇਸ ਦੀ ਵਰਤੋਂ ਜਿਗਰ ਦੇ ਰੋਗਾਂ, ਪੀਲੀਆ, ਕਫ, ਬੁਖ਼ਾਰ ਆਦਿ ਤੋਂ ਇਲਾਵਾ ਸੁੰਦਰਤਾ ਸਮੱਗਰੀ ਵਿਚ ਵੀ ਕੀਤੀ ਜਾਂਦੀ ਹੈ। ਇਸ ਵਿਚ 'ਐਲੋਇਨ' ਨਾਂ ਦਾ ਐਸਿਡ ਅਤੇ ਸੁਗੰਧਿਤ ਤੇਲ ਹੁੰਦਾ ਹੈ, ਜੋ ਇਸ ਦੇ ਗੁਣਾਂ ਦਾ ਮੂਲ ਜਾਂ ਆਧਾਰ ਹੈ।

### ਭੂਗੋਲਿਕ ਸਥਿਤੀ

ਇਹ ਪੂਰੇ ਭਾਰਤ ਵਿਚ ਕੁਦਰਤੀ ਤੌਰ 'ਤੇ ਵੀ ਮਿਲਦਾ ਹੈ ਅਤੇ ਹੁਣ ਇਸ ਦੀ ਮਾਰਕੀਟ ਵਿਚ ਮੰਗ ਵਧਣ ਕਾਰਣ ਕਈ ਸੂਬਿਆਂ ਦੇ ਕਿਸਾਨ ਇਸ ਨੂੰ ਵਪਾਰਕ ਪੱਧਰ 'ਤੇ ਉਗਾਉਣ ਲੱਗੇ ਹਨ। ਭਾਰਤ ਤੋਂ ਇਲਾਵਾ ਇਹ ਯੂਰਪ, ਉੱਤਰੀ ਅਮਰੀਕਾ, ਸਪੇਨ, ਥਾਈਲੈਂਡ, ਚੀਨ, ਵੈਸਟ ਇੰਡੀਜ ਵਿਚ ਵੀ ਮਿਲਦਾ ਹੈ।

## ਜ਼ਮੀਨ ਤੇ ਜਲਵਾਯੂ

ਇਸ ਦੀ ਖੇਤੀ ਉਪਜਾਊ ਅਤੇ ਮਾਰੂ, ਦੋਵੇਂ ਕਿਸਮ ਦੀਆਂ ਜ਼ਮੀਨਾਂ ਵਿਚ ਕੀਤੀ ਜਾ ਸਕਦੀ ਹੈ, ਪਰ ਸਿੰਚਾਈਯੋਗ ਜ਼ਮੀਨ ਇਸ ਦੀ ਖੇਤੀ ਲਈ ਵਧੇਰੇ ਉਪਯੋਗੀ ਹੈ। ਕੁਆਰ ਗੰਦਲ ਦੀ ਬਿਜਾਈ ਤੋਂ ਪਹਿਲਾਂ ਖੇਤ ਵਿਚ ਦੋ-ਤਿੰਨ ਵਾਰ ਹਲ ਚਲਾ ਕੇ ਇਸ ਨੂੰ ਵੱਤਰ ਕਰ ਲਵੋ। ਬਿਜਾਈ ਲਈ ਸਭ ਤੋਂ ਢੁਕਵਾਂ ਸਮਾਂ ਵਰਖਾ ਰੁੱਤ ਹੈ। ਬੂਟਿਆਂ ਨੂੰ ਕਤਾਰਾਂ ਵਿਚ ਲਗਾਉਣਾ ਚਾਹੀਦਾ ਹੈ। ਕਤਾਰ ਤੋਂ ਕਤਾਰ ਵਿਚ 30-45 ਸੈਂਟੀਮੀਟਰ ਤੇ ਪੌਦਿਆਂ ਵਿਚਕਾਰ 30 ਸੈਂਟੀਮੀਟਰ ਦੀ ਦੂਰੀ ਰੱਖੋ।

ਫ਼ਸਲ ਨੂੰ ਵਧੇਰੇ ਪਾਣੀ ਦੀ ਲੋੜ ਨਹੀਂ ਹੁੰਦੀ ਪਰ ਕਦੇ-ਕਦੇ ਹਲਕਾ ਪਾਣੀ ਦਿੰਦੇ ਰਹਿਣਾ ਚਾਹੀਦਾ। ਇਕ ਮਹੀਨੇ ਬਾਅਦ ਗੋਡੀ ਕਰ ਕੇ ਖੇਤ 'ਚੋਂ ਨਦੀਨਾਂ ਨੂੰ ਬਾਹਰ ਕੱਢ ਦੇਵੋ। ਬੂਟੇ ਲਗਾਉਣ ਤੋਂ ਇਕ ਸਾਲ ਬਾਅਦ ਹਰ ਤਿੰਨ ਮਹੀਨੇ ਬਾਅਦ ਬੂਟੇ ਦੀਆਂ ਵਿਚਕਾਰਲੀਆਂ ਤਿੰਨ-ਚਾਰ ਗੰਦਲਾਂ ਛੱਡ ਕੇ ਬਾਕੀ ਗੰਦਲਾਂ ਨੂੰ ਤੇਜਧਾਰ ਚਾਕੂ ਨਾਲ ਕੱਟਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਕ ਸਾਲ ਵਿਚ 500 ਕੁਇੰਟਲ ਹਰੀਆਂ ਗੰਦਲਾਂ ਪ੍ਰਤੀ ਹੈਕਟੇਅਰ ਪ੍ਰਾਪਤ ਹੁੰਦੀਆਂ ਹਨ।

## ਮਾਰਕੀਟਿੰਗ

ਜੇ ਤੁਸੀ ਇਸ ਦੀ ਵਪਾਰਕ ਪੱਧਰ 'ਤੇ ਖੇਤੀ ਕਰਨੀ ਚਾਹੁੰਦੇ ਹੋ ਤਾਂ ਫ਼ਸਲ ਬੀਜਣ ਤੋਂ ਪਹਿਲਾਂ ਹੀ ਸੁੰਦਰਤਾ ਉਤਪਾਦਨ ਜਾਂ ਦਵਾਈਆਂ ਬਣਾਉਣ ਵਾਲੇ ਅਦਾਰਿਆਂ ਨਾਲ ਵਿੱਕਰੀ ਬਾਰੇ ਗੱਲ ਅਤੇ ਐਗਰੀਮੈਂਟ ਜ਼ਰੂਰ ਕਰ ਲਵੋ, ਕਿਉਂਕਿ ਖੁੱਲ੍ਹੀ ਮੰਡੀ ਵਿਚ ਇਸ ਦੀ ਵਿੱਕਰੀ ਦਾ ਕੋਈ ਜ਼ਰੀਆ ਨਹੀਂ ਹੈ।

• ਵੀਰਰ ਤੇਸਕ

---

# ਝੋਨੇ ਦੀ ਨਰੋਈ ਪਨੀਰੀ

• ਬੂਟਾ ਸਿੰਘ ਢਿੱਲੋਂ, ਅਮਨਦੀਪ ਸਿੰਘ ਬਰਾੜ
94638-05324



ਪੰਜਾਬ ਵਿਚ ਝੋਨੇ ਦੀ ਕਾਸ਼ਤ ਲਗਪਗ 76 ਲੱਖ ਏਕੜ ਰਕਬੇ 'ਚ ਕੀਤੀ ਜਾਂਦੀ ਹੈ। ਇਸ ਦੀ ਕਾਸ਼ਤ ਆਮ ਤੌਰ 'ਤੇ ਪਨੀਰੀ ਰਾਹੀ ਕੀਤੀ ਜਾਂਦੀ ਹੈ। ਸੁਧਰੀਆਂ ਕਿਸਮਾਂ ਦੀ ਚੋਣ, ਰੋਗ ਰਹਿਤ ਬੀਜ, ਬਿਜਾਈ ਦਾ ਸਹੀ ਸਮਾਂ ਤੇ ਢੰਗ, ਬੀਜ ਦੀ ਸਹੀ ਮਾਤਰਾ, ਸੁਚੱਜਾ ਖਾਦ, ਪਾਣੀ ਤੇ ਨਦੀਨ ਪ੍ਰਬੰਧ ਕਰਨ ਨਾਲ ਹੀ ਵਧੀਆ ਨਰੋਈ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ। ਨਰੋਈ ਪਨੀਰੀ ਚੰਗੀ ਫ਼ਸਲ ਦੀ ਬੁਨਿਆਦ ਹੈ। ਪਨੀਰੀ ਚੰਗੀ ਹੋਵੇ ਤਾਂ ਇਹ ਕਾਫ਼ੀ ਹੱਦ ਤਕ ਫ਼ਸਲ ਦਾ ਝਾੜ ਨਿਸ਼ਚਿਤ ਕਰ ਦਿੰਦੀ ਹੈ। ਮਾੜੀ ਤੇ ਰੋਗੀ ਬੂਟਿਆਂ ਵਾਲੀ ਪਨੀਰੀ ਨਾਲ ਫ਼ਸਲ ਉੱਪਰ ਵੱਧ ਖ਼ਰਚ ਕਰ ਕੇ ਵੀ ਪੂਰਾ ਝਾੜ ਨਹੀਂ ਮਿਲਦਾ। ਕੁਝ ਅਹਿਮ ਗੱਲਾਂ ਦਾ ਧਿਆਨ ਰੱਖ ਕੇ ਸਿਹਤਮੰਦ ਤੇ ਨਰੋਈ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ।

## ਕਿਸਮ ਦੀ ਚੋਣ

ਕਿਸਮ ਦੀ ਚੋਣ ਫ਼ਸਲ ਦੇ ਝਾੜ ਉੱਪਰ ਬਹੁਤ ਪ੍ਰਭਾਵ ਪਾਉਂਦੀ ਹੈ। ਝੋਨੇ ਦੀ ਕਿਸਮ ਦੀ ਚੋਣ ਜ਼ਮੀਨ, ਇਲਾਕੇ ਅਤੇ ਫ਼ਸਲੀ ਚੱਕਰ ਦੇ ਹਿਸਾਬ ਨਾਲ ਕਰਨੀ ਚਾਹੀਦੀ ਹੈ। ਕੁਦਰਤੀ ਸਰੋਤਾਂ ਦੀ ਸੰਭਾਲ ਤੇ ਪਰਾਲੀ ਦੇ ਸੁਚੱਜੇ ਪ੍ਰਬੰਧ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਗਈਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਚੋਣ ਕਰੋ। ਇਹ ਕਿਸਮਾਂ ਜਿੱਥੇ ਪਾਣੀ ਦੀ ਬੱਚਤ 'ਚ ਸਹਾਈ ਹਨ, ਉੱਥੇ ਘੱਟ ਸਮੇਂ ਵਿਚ ਪੱਕਣ ਕਾਰਨ ਉਤਪਾਦਨ ਖ਼ਰਚਾ ਵੀ ਘੱਟ ਆਉਂਦਾ ਹੈ ਇਸ ਤੋਂ ਇਲਾਵਾ ਪਰਾਲੀ ਦੀ ਸੰਭਾਲ ਲਈ ਵੀ ਕਾਫ਼ੀ ਸਮਾਂ ਮਿਲ ਜਾਂਦਾ ਹੈ ਤੇ ਅਗਲੀ ਫ਼ਸਲ ਦੀ ਬਿਜਾਈ ਵੀ ਸਮੇਂ ਸਿਰ ਹੋ ਜਾਂਦੀ ਹੈ। ਫ਼ਸਲ ਦੀ ਕਿਸਮ ਦੀ ਚੋਣ ਕਰਦੇ ਸਮੇਂ, ਕਿਸੇ ਇਕ ਕਿਸਮ ਦੇ ਝਾੜ ਨੂੰ ਮੁੱਖ ਰੱਖਣ ਦੀ ਥਾਂ ਫ਼ਸਲੀ ਚੱਕਰ 'ਚ ਸ਼ਾਮਲ ਫ਼ਸਲਾਂ ਦੇ ਕੁੱਲ ਝਾੜ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ।

## ਜਗ੍ਹਾ ਦੀ ਚੋਣ

ਵਧੀਆ ਪਨੀਰੀ ਤਿਆਰ ਕਰਨ ਲਈ ਜਗ੍ਹਾ ਦੀ ਚੋਣ ਬਹੁਤ ਮਹੱਤਵਪੂਰਨ ਹੈ। ਕਿਸਮਾਂ ਦੇ ਰਲੇਵੇਂ ਤੋਂ ਬਚਣ ਲਈ ਉਸ ਜਗ੍ਹਾ ਦੀ ਚੋਣ ਨਹੀਂ ਕਰਨੀ ਚਾਹੀਦੀ, ਜਿੱਥੇ ਪਿਛਲੇ ਸਾਲ ਝੋਨਾ ਝਾੜਿਆ ਗਿਆ ਹੋਵੇ। ਇਸ ਤੋਂ ਇਲਾਵਾ ਝੁਲਸ ਰੋਗ ਤੋਂ ਬਚਾਅ ਲਈ ਪਨੀਰੀ ਦਰੱਖ਼ਤਾਂ ਦੀ ਛਾਵੇਂ ਜਾਂ ਤੂੜੀ ਦੇ ਕੁੱਪਾਂ ਨੇੜੇ ਨਾ ਬੀਜੀ ਜਾਵੇ। ਪਨੀਰੀ ਬੀਜਣ ਵਾਲੀ ਥਾਂ ਕੰਕਰਾਂ, ਰੋੜਾਂ ਤੇ ਨਦੀਨਾਂ ਤੋਂ ਮੁਕਤ ਹੋਣੀ ਚਾਹੀਦੀ ਹੈ। ਪਾਣੀ ਦਾ ਸਰੋਤ ਵੀ ਨੇੜੇ ਹੋਣਾ ਚਾਹੀਦਾ ਹੈ। ਜੇ ਮਸ਼ੀਨ ਨਾਲ ਲੁਆਈ ਕਰਨ ਵਾਸਤੇ ਮੈਟ ਵਾਲੀ ਪਨੀਰੀ ਤਿਆਰ ਕਰਨੀ ਹੋਵੇ ਤਾਂ ਜਗ੍ਹਾ, ਲੁਆਈ ਵਾਲੇ ਖੇਤ ਦੇ ਨੇੜੇ ਹੋਣੀ ਚਾਹੀਦੀ ਹੈ। ਇਹ ਜਗ੍ਹਾ ਦਰੱਖ਼ਤਾਂ ਤੇ ਪਾਣੀ ਵਾਲੇ ਖਾਲ ਤੋਂ ਘੱਟੋ ਘੱਟ 20 ਮੀਟਰ ਦੂਰ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪਨੀਰੀ ਵਾਲੀ ਜਗ੍ਹਾ ਬਿਲਕੁਲ ਪੱਧਰੀ ਹੋਣੀ ਚਾਹੀਦੀ ਹੈ।

## ਬਿਜਾਈ ਦਾ ਸਮਾਂ

ਸਮੇਂ ਸਿਰ ਝੋਨੇ ਦੀ ਲੁਆਈ ਤੇ ਪਨੀਰੀ ਦੀ ਸਹੀ ਉਮਰ ਲਈ ਪਨੀਰੀ ਦੀ ਬਿਜਾਈ ਦਾ ਸਮਾਂ ਬੜਾ ਮਹੱਤਵਪੂਰਨ ਹੈ। ਇਸ ਤੋਂ ਇਲਾਵਾ, ਲੁਆਈ ਸਮੇਂ ਪਨੀਰੀ ਦੀ ਉਮਰ, ਕਿਸਮ ਦੁਆਰਾ ਪੱਕਣ ਲਈ ਲੈਣ ਵਾਲੇ ਕੁੱਲ ਸਮੇਂ 'ਤੇ ਨਿਰਭਰ ਕਰਦੀ ਹੈ। ਇਸ ਲਈ ਕਿਸਮਾਂ ਦੀ ਬਿਜਾਈ ਤੇ ਲੁਆਈ ਸਮੇਂ ਪਨੀਰੀ ਦੀ ਉਮਰ ਵੱਲ ਖ਼ਾਸ ਧਿਆਨ ਰੱਖਣ ਦੀ ਜ਼ਰੂਰਤ ਹੈ।



### ਉੱਨਤ ਕਿਸਮਾਂ

ਪੀਏਯੂ ਵੱਲੋਂ ਝੋਨੇ ਦੀਆਂ 8 ਤੇ ਬਾਸਮਤੀ ਦੀਆਂ 11 ਕਿਸਮਾਂ ਪੰਜਾਬ ਵਿਚ ਕਾਸ਼ਤ ਲਈ ਸਿਫ਼ਾਰਸ਼ ਕੀਤੀਆਂ ਗਈਆਂ ਹਨ। ਸਾਲ ਵਿਚ ਤਿੰਨ ਫ਼ਸਲਾਂ ਲੈਣ ਵਾਲੇ ਕਿਸਾਨਾਂ ਨੂੰ ਘੱਟ ਸਮਾਂ ਲੈਣ ਵਾਲੀ ਝੋਨੇ ਦੀ ਕਿਸਮ ਪੀਆਰ-126 ਜਾਂ ਪੂਸਾ ਬਾਸਮਤੀ-1509 ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਮਾੜੇ ਪਾਣੀ ਵਾਲੇ ਇਲਾਕੇ ਵਿਚ ਪੀਆਰ-127 ਕਿਸਮ ਨਹੀਂ ਲਗਾਉਣੀ ਚਾਹੀਦੀ ਸਗੋਂ ਪੀਆਰ-126 ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਬਾਸਮਤੀ ਦੀ ਕਾਸ਼ਤ ਵੀ ਮੰਡੀ ਵਿਚ ਮੰਗ ਅਨੁਸਾਰ ਹੀ ਕਰਨੀ ਚਾਹੀਦੀ ਹੈ ਕਿਉਂਕਿ ਜ਼ਿਆਦਾ ਰਕਬੇ 'ਚ ਬਾਸਮਤੀ ਦੀ ਕਾਸ਼ਤ ਨਾਲ ਮੰਡੀ ਵਿਚ ਬਾਸਮਤੀ ਦੀ ਬਹੁਤਾਤ ਕਾਰਨ ਭਾਅ ਘਟਣ ਦੇ ਆਸਾਰ ਬਣ ਜਾਂਦੇ ਹਨ। ਕੁੱਲ ਰਕਬੇ ਵਿੱਚੋਂ ਬਾਸਮਤੀ 18-20 ਫ਼ੀਸਦੀ ਰਕਬੇ ਤੋਂ ਵੱਧ ਨਹੀਂ ਲਗਾਉਣੀ ਚਾਹੀਦੀ।

### ਲਘੂ ਤੱਤਾਂ ਦੀ ਪੂਰਤੀ

ਝੋਨੇ ਦੀ ਪਨੀਰੀ ਵਿਚ, ਖ਼ਾਸ ਤੌਰ 'ਤੇ ਹਲਕੀਆਂ ਜ਼ਮੀਨਾਂ 'ਚ ਲੋਹੇ ਅਤੇ ਜ਼ਿੰਕ ਦੀ ਘਾਟ ਆ ਜਾਂਦੀ ਹੈ। ਲੋਹੇ ਦੀ ਘਾਟ ਸਮੇਂ ਨਵੇਂ ਪੱਤੇ ਪੀਲੇ ਪੈ ਜਾਂਦੇ ਹਨ ਤੇ ਜ਼ਿਆਦਾ ਘਾਟ ਹੋਣ ਤੇ ਬੂਟੇ ਸੁੱਕ ਜਾਂਦੇ ਹਨ। ਪਨੀਰੀ ਨੂੰ ਲਗਾਤਾਰ ਪਾਣੀ ਦੇਣ ਨਾਲ ਕਾਫ਼ੀ ਹੱਦ ਤਕ ਲੋਹੇ ਦੀ ਘਾਟ ਦੀ ਪੂਰਤੀ ਹੋ ਜਾਂਦੀ ਹੈ। ਪਨੀਰੀ ਉੱਪਰ 0.5 ਤੋਂ 1.0 ਫ਼ੀਸਦੀ ਫੈਰਸ ਸਲਫੇਟ (0.5-1.0 ਕਿੱਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ 'ਚ ਘੋਲ ਕੇ) ਹਫ਼ਤੇ-ਹਫ਼ਤੇ ਦੀ ਵਿੱਥ 'ਤੇ 2-3 ਛਿੜਕਾਅ ਕਰੋ। ਜ਼ਿੰਕ ਦੀ ਘਾਟ ਸਮੇਂ ਬੂਟਿਆਂ ਦੇ ਵਿਚਕਾਰਲੇ ਤੇ ਹੇਠਲੇ ਪੱਤੇ ਜੰਗਾਲੇ ਜਾਂਦੇ ਹਨ ਤੇ ਪਨੀਰੀ ਦਾ ਵਾਧਾ ਰੁਕ ਜਾਂਦਾ ਹੈ। ਜ਼ਿੰਕ ਦੀ ਘਾਟ ਦੀ ਪੂਰਤੀ ਲਈ 0.5 ਫ਼ੀਸਦੀ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (500 ਗ੍ਰਾਮ 21 ਫ਼ੀਸਦੀ ਜ਼ਿੰਕ ਸਲਫੇਟ 100 ਲੀਟਰ ਪਾਣੀ 'ਚ) ਜਾਂ 0.3 ਫ਼ੀਸਦੀ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਦਾ (300 ਗ੍ਰਾਮ ਜ਼ਿੰਕ ਸਲਫੇਟ 33 ਫ਼ੀਸਦੀ ਨੂੰ 100 ਲੀਟਰ ਪਾਣੀ 'ਚ ਘੋਲ ਕੇ ) ਛਿੜਕਾਅ ਕਰੋ।



## ਖੇਤ ਦੀ ਤਿਆਰੀ

ਪਨੀਰੀ ਵਾਲੇ ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਨ ਉਪਰੰਤ 12-15 ਟਨ ਗਲੀ ਸੜੀ ਰੂੜੀ ਪ੍ਰਤੀ ਏਕੜ ਖੇਤ ਵਿਚ ਪਾਓ। ਖਾਦ ਨੂੰ ਖੇਤ 'ਚ ਰਲਾਉਣ ਲਈ ਇਕ-ਦੋ ਵਾਰ ਵਾਹ ਕੇ ਪਾਣੀ ਲਗਾ ਦਿਓ ਤਾਂ ਜੋ ਖੇਤ ਅਤੇ ਰੂੜੀ ਵਿਚਲੇ ਨਦੀਨ ਜੰਮ ਪੈਣ। ਨਦੀਨ ਜੰਮਣ ਉਪਰੰਤ ਖੇਤ ਵਾਹ ਕੇ ਨਦੀਨਾਂ ਨੂੰ ਮਾਰ ਦਿਓ। ਇਸ ਤਰ੍ਹਾਂ ਬਾਅਦ ਵਿਚ ਨਦੀਨ ਕਾਫ਼ੀ ਘੱਟ ਹੁੰਦੇ ਹਨ।

## ਬੀਜ ਦੀ ਮਾਤਰਾ ਤੇ ਬਿਜਾਈ

ਇਕ ਏਕੜ ਝੋਨਾ ਲਗਾਉਣ ਲਈ ਪਨੀਰੀ ਤਿਆਰ ਕਰਨ ਵਾਸਤੇ 8 ਕਿੱਲੋ ਬੀਜ ਵਰਤੋ। ਜੇ ਮੈਟ ਵਾਲੀ ਨਰਸਰੀ ਤਿਆਰ ਕਰਨੀ ਹੋਵੇ ਤਾਂ ਇਕ ਏਕੜ ਵਾਸਤੇ 150 ਮੈਟ ਤਿਆਰ ਕਰਨ ਦੀ ਜ਼ਰੂਰਤ ਹੈ, ਜਿਸ ਲਈ 10-12 ਕਿੱਲੋ ਬੀਜ ਵਰਤੋ। ਫੋਕੇ ਅਤੇ ਹਲਕੇ ਬੀਜ ਕੱਢਣ ਲਈ ਬੀਜ ਨੂੰ ਪਾਣੀ ਦੇ ਟੱਬ ਜਾਂ ਬਾਲਟੀ ਵਿਚ ਡੁਬੋ ਕੇ ਸੋਟੀ ਨਾਲ ਹਿਲਾਉਣ ਉਪਰੰਤ ਪਾਣੀ ਉੱਪਰ ਤੈਰਦੇ ਬੀਜ ਕੱਢ ਦਿਓ ਤੇ ਨਰੋਏ ਬੀਜ ਪਨੀਰੀ ਦੀ ਬਿਜਾਈ ਵਾਸਤੇ ਰੱਖ ਲਵੋ। ਬਾਸਮਤੀ ਵਿਚ ਪੈਰ ਗਲਣ (ਝੰਡਾ ਰੋਗ) ਤੋਂ ਬਚਾਅ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਟ੍ਰਾਈਕੋਡਰਮਾ ਹਰਜੀਐਨਮ ਨਾਲ ਸੋਧ ਲਵੋ।

ਇਸੇ ਤਰ੍ਹਾਂ ਪਨੀਰੀ ਨੂੰ ਖੇਤ ਵਿਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਟ੍ਰਾਈਕੋਡਰਮਾ ਹਰਜੀਐਨਮ 15 ਗ੍ਰਾਮ ਪ੍ਰਤੀ ਲੀਟਰ ਪਾਣੀ ਦੇ ਘੋਲ ਵਿਚ 6 ਘੰਟੇ ਲਈ ਡੋਬ ਕੇ ਸੋਧ ਲਵੋ। ਇਸ ਉਪਰੰਤ ਬੀਜ ਨੂੰ 7-8 ਸੈਂਟੀਮੀਟਰ ਮੋਟੀ ਤਹਿ ਵਿਚ ਸਣ ਦੀਆਂ ਬੋਰੀਆਂ ਉੱਪਰ ਖਿਲਾਰ ਕੇ ਉੱਪਰੋਂ ਫਿਰ ਬੋਰੀਆਂ ਨਾਲ ਢਕ ਦਿਓ। ਬੀਜ ਨੂੰ ਗਿੱਲਾ ਰੱਖਣ ਲਈ ਬੋਰੀਆਂ ਉੱਪਰ ਪਾਣੀ ਦਾ ਛਿੜਕਾਅ ਕਰ ਦਿਓ। ਇਸ ਤਰ੍ਹਾਂ 24-36 ਘੰਟੇ ਵਿਚ ਬੀਜ ਪੁੰਗਰ ਆਵੇਗਾ। ਪੁੰਗਰੇ ਹੋਏ ਬੀਜ ਨੂੰ ਕਰੀਬ 6.5 ਮਰਲੇ (160 ਵਰਗ ਮੀਟਰ) ਥਾਂ ਉੱਪਰ ਛੱਟਾ ਮਾਰ ਕੇ ਖਿਲਾਰ ਦਿਓ। ਪੰਛੀਆਂ ਤੋਂ ਬਚਾਅ ਲਈ ਬੀਜ ਨੂੰ ਰੂੜੀ ਦੀ ਹਲਕੀ ਤਹਿ ਨਾਲ ਢਕ ਦੇਵੋ। ਖੇਤ ਨੂੰ ਪਾਣੀ ਲਗਾ ਕੇ ਗਿੱਲਾ ਰੱਖੋ ਪ੍ਰੰਤੂ ਧਿਆਨ ਰਹੇ ਕਿ ਬੀਜਾਂ ਦੇ ਪੁੰਗਰਨ ਤਕ ਪਾਣੀ ਖੇਤ ਵਿਚ ਖੜ੍ਹਾ ਨਾ ਹੋਵੇ।

## ਮੈਟ ਵਾਲੀ ਪਨੀਰੀ ਤਿਆਰ ਕਰਨਾ

ਚੰਗੀ ਤਰ੍ਹਾਂ ਤਿਆਰ ਖੇਤ ਉੱਪਰ 50-60 ਗੇਜ਼ ਮੋਟੀ, 90-100 ਸੈਂਟੀਮੀਟਰ ਚੌੜੀ ਪਲਾਸਟਿਕ ਦੀ ਸ਼ੀਟ ਵਿਛਾ ਕੇ ਉਸ ਵਿਚ 1-2 ਸੈਂਟੀਮੀਟਰ ਦੇ ਸੁਰਾਖ਼ ਕਰ ਦਿਓ। ਇਕ ਏਕੜ ਦੀ ਪਨੀਰੀ ਲਈ ਕਰੀਬ 150 ਮੈਟ ਦੀ ਜ਼ਰੂਰਤ ਪੈਂਦੀ ਹੈ ਅਤੇ ਇਸ ਲਈ ਲਗਪਗ 270 ਗ੍ਰਾਮ ਸ਼ੀਟ ਦੀ ਜ਼ਰੂਰਤ ਪੈਂਦੀ ਹੈ। ਮੈਟ ਦਾ ਆਕਾਰ ਮਸ਼ੀਨ ਦੇ ਅਨੁਸਾਰ ਹੋਣਾ ਚਾਹੀਦਾ ਹੈ। ਮੈਟ ਤਿਆਰ ਕਰਨ ਲਈ ਪਲਾਸਟਿਕ ਸ਼ੀਟ ਉੱਪਰ ਫਰੇਮ ਰੱਖ ਕੇ ਦੋਵੇਂ ਪਾਸਿਆਂ ਤੋਂ ਮਿੱਟੀ ਚੁੱਕ ਕੇ ਫਰੇਮ ਉੱਪਰ ਪਾ ਕੇ ਮਿੱਟੀ ਨੂੰ ਪੱਧਰਾ ਕਰ ਦੇਵੋ।

ਮੈਟ ਉੱਪਰ ਪਾਉਣ ਵਾਲੀ ਮਿੱਟੀ ਵਿਚ ਇਕ-ਚੌਥਾਈ ਰੂੜੀ ਦੀ ਖਾਦ ਪਾ ਕੇ ਚੰਗੀ ਤਰ੍ਹਾਂ ਰਲਾ ਕੇ ਬਰੀਕ ਕਰ ਲਵੋ। ਫਰੇਮ ਦੇ ਹਰ ਖ਼ਾਨੇ ਉੱਪਰ 50-60 ਗ੍ਰਾਮ ਬੀਜ ਇਕਸਾਰ ਖਿਲਾਰੋ। ਬੀਜ ਨੂੰ ਇਕਸਾਰ ਖਿਲਾਰਨ ਲਈ ਰੋਲਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੀਜ ਇਸ ਤਰ੍ਹਾਂ ਖਿਲਾਰੋ ਕਿ ਪ੍ਰਤੀ ਵਰਗ ਸੈਂਟੀਮੀਟਰ 2-3 ਦਾਣੇ ਆ ਜਾਣ। ਇਸ ਤਰ੍ਹਾਂ ਇਕ ਏਕੜ ਲਈ ਪਨੀਰੀ ਤਿਆਰ ਕਰਨ ਵਾਸਤੇ 10-12 ਕਿੱਲੋ ਬੀਜ ਨਾਲ 150 ਮੈਟ ਤਿਆਰ ਕੀਤੇ ਜਾ ਸਕਦੇ ਹਨ। ਬੀਜ ਬੀਜਣ ਉਪਰੰਤ ਮਿੱਟੀ ਦੀ ਪਤਲੀ ਪਰਤ ਨਾਲ ਢਕ ਕੇ ਫੁਹਾਰੇ ਨਾਲ ਪਾਣੀ ਲਗਾ ਦੇਵੋ ਤਾਂ ਜੋ ਮਿੱਟੀ ਗਿੱਲੀ ਹੋ ਕੇ ਥੋੜ੍ਹੀ ਜੰਮ ਜਾਵੇ।

ਇਸ ਉਪਰੰਤ ਫਰੇਮ ਨੂੰ ਸਹਿਜੇ ਜਿਹੇ ਚੁੱਕ ਕੇ ਵੱਖ ਰੱਖ ਕੇ ਇਸੇ ਵਿਧੀ ਨਾਲ ਅਗਲੀ ਬਿਜਾਈ ਕਰੋ। ਇਸ ਵਿਧੀ ਨਾਲ ਦੋ ਆਦਮੀ ਇਕ ਦਿਨ ਵਿਚ 3-4 ਏਕੜ ਲਈ ਪਨੀਰੀ ਦੀ ਬਿਜਾਈ ਕਰ ਸਕਦੇ ਹਨ। ਪਨੀਰੀ ਦੀ ਬਿਜਾਈ ਉਪਰੰਤ ਖੇਤ ਨੂੰ ਹਲਕਾ ਪਾਣੀ ਲਗਾ ਦਿਓ। ਪਹਿਲੇ 2-3 ਪਾਣੀ ਸਾਵਧਾਨੀ ਨਾਲ ਲਗਾਓ ਤਾਂ ਜੋ ਪਾਣੀ ਦੇ ਤੇਜ਼ ਵਹਾਅ ਨਾਲ ਮੈਟ ਖ਼ਰਾਬ ਨਾ ਹੋਣ। ਮੈਟ ਵਾਲੀ ਨਰਸਰੀ ਨੂੰ ਰੋਜ਼ ਪਾਣੀ ਦਿਓ ਤਾਂ ਜੋ ਮੈਟ ਗਿੱਲੇ ਰਹਿਣ। ਨਾਈਟ੍ਰੋਜਨ ਦੀ ਪੂਰਤੀ ਲਈ 200 ਗ੍ਰਾਮ ਯੂਰੀਆ ਨੂੰ 15 ਲੀਟਰ ਪਾਣੀ 'ਚ ਘੋਲ ਕੇ 150 ਮੈਟ ਉੱਪਰ 10 ਦਿਨਾਂ ਦੇ ਵਕਫ਼ੇ 'ਤੇ ਛਿੜਕਾਅ ਕਰੋ।

ਮੈਟ ਵਾਲੀ ਪਨੀਰੀ 25-30 ਦਿਨਾਂ 'ਚ ਲੁਆਈ ਲਈ ਤਿਆਰ ਹੋ ਜਾਂਦੀ ਹੈ। ਲੁਆਈ ਸਮੇਂ ਪਨੀਰੀ ਪੁੱਟਣ ਤੋਂ ਕੁਝ ਘੰਟੇ ਪਹਿਲਾਂ ਪਨੀਰੀ ਵਿੱਚੋਂ ਪਾਣੀ ਕੱਢ ਦਿਓ। ਫਰੇਮ ਵਾਲੇ ਨਿਸ਼ਾਨਾਂ ਅਨੁਸਾਰ ਤੇਜ਼ ਬਲੇਡ ਜਾਂ ਦਾਤਰੀ ਨਾਲ ਕੱਟ ਕੇ ਮੈਟ ਆਸਾਨੀ ਨਾਲ ਉਖਾੜੇ ਜਾ ਸਕਦੇ ਹਨ। ਇਕ ਆਦਮੀ ਦਿਨ ਵਿਚ 5-6 ਏਕੜ ਲਈ ਪਨੀਰੀ ਦੇ ਮੈਟ ਉਖਾੜ ਸਕਦਾ ਹੈ। ਉਖਾੜੇ ਹੋਏ ਮੈਟ ਟਰਾਲੀ, ਗੱਡੇ ਜਾਂ ਰੇੜ੍ਹੇ ਉੱਪਰ ਰੱਖ ਕੇ ਲੁਆਈ ਵਾਲੇ ਖੇਤ ਤਕ ਲਿਜਾਏ ਜਾ ਸਕਦੇ ਹਨ।

## ਨਦੀਨ ਪ੍ਰਬੰਧ

ਝੋਨੇ ਦੀ ਪਨੀਰੀ ਵਿਚ ਕਈ ਵਾਰ ਸਵਾਂਕ ਜਾਂ ਹੋਰ ਮੌਸਮੀ ਘਾਹ ਉੱਗ ਆਉਂਦੇ ਹਨ। ਨਦੀਨਾਂ ਦੀ ਰੋਕਥਾਮ ਲਈ 1200 ਮਿਲੀਲਿਟਰ ਪ੍ਰਤੀ ਏਕੜ ਬੂਟਾਕਲੋਰ 50 ਈਸੀ ਨੂੰ 60 ਕਿੱਲੋ ਰੇਤ 'ਚ ਮਿਲਾ ਕੇ ਬਿਜਾਈ ਤੋਂ 7 ਦਿਨ ਬਾਅਦ ਛੱਟਾ ਦਿਓ ਜਾਂ 500 ਮਿਲੀਲਿਟਰ ਪ੍ਰਤੀ ਏਕੜ ਸੋਫਿਟ 37.5 ਈਸੀ (ਪ੍ਰੈਟੀਲਾਕਲੋਰ+ਸੇਫਨਰ) ਨੂੰ ਰੇਤ 'ਚ ਮਿਲਾ ਕੇ ਬਿਜਾਈ ਤੋਂ 3 ਦਿਨ ਬਾਅਦ ਛੱਟਾ ਦਿਓ।

ਜੇ ਬਿਜਾਈ ਸਮੇਂ ਨਦੀਨਨਾਸ਼ਕ ਨਾ ਪਾਈ ਜਾ ਸਕੇ ਜਾਂ ਪਨੀਰੀ ਵਿਚ ਨਦੀਨ ਹੋ ਜਾਣ ਤਾਂ ਬਿਜਾਈ ਤੋਂ 15-20 ਦਿਨ ਬਾਅਦ 100 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਨੌਮਨੀਗੋਲਡ/ਤਾਰਕ/ਵਾਸ਼ਆਊਟ/ਮਾਚੋ 10 ਈਸੀ (ਬਿਸਪਾਇਰੀਬੈਕ) ਨੂੰ 150 ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। •

---

• ਅਮਰਜੀਤ ਸਿੰਘ, ਰੁਪੇਸ਼ ਅਰੋੜਾ
94637-47280

'ਪੱਤਾ ਮਰੋੜ' ਜਾਂ 'ਲੀਫ ਕਰਲ' ਇਕ ਵਿਸ਼ਾਣੂ ਰੋਗ ਹੈ। ਸਿਫ਼ਾਰਸ਼ ਕੀਤੀਆਂ ਕਿਸਮਾਂ ਤੇ ਸਮੇਂ ਸਿਰ ਫ਼ਸਲ ਦੀ ਬਿਜਾਈ ਕਰ ਕੇ ਇਸ ਉੱਪਰ ਕਾਫ਼ੀ ਹੱਦ ਤਕ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਨਰਮੇ ਨੂੰ ਨਿੰਬੂ ਜਾਤੀ ਦੇ ਬਾਗਾਂ ਤੇ ਭਿੰਡੀ ਦੇ ਖੇਤਾਂ ਨੇੜੇ ਨਹੀਂ ਬੀਜਣਾ ਚਾਹੀਦਾ...



# ਨਰਮੇ ਦੇ ਪੱਤਾ ਮਰੋੜ ਰੋਗ ਦੀ ਰੋਕਥਾਮ

ਨਰਮਾ ਪੰਜਾਬ ਵਿਚ ਸਾਉਣੀ ਦੀ ਬੇਹੱਦ ਮਹੱਤਵਪੂਰਨ ਫ਼ਸਲ ਹੈ। ਉੱਤਰੀ ਭਾਰਤ 'ਚ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਨਰਮੇ ਦੀ ਖੇਤੀ ਕੀਤੀ ਜਾਂਦੀ ਹੈ। ਪੰਜਾਬ ਵਿਚ ਮੁੱਖ ਤੌਰ ਤੇ ਦੱਖਣ-ਪੱਛਮੀ ਇਲਾਕਿਆਂ ਫਾਜ਼ਿਲਕਾ, ਅਬੋਹਰ, ਸ੍ਰੀ ਮੁਕਤਸਰ ਸਾਹਿਬ, ਮਲੋਟ, ਬਠਿੰਡਾ, ਮਾਨਸਾ, ਫ਼ਰੀਦਕੋਟ, ਫਿਰੋਜ਼ਪੁਰ, ਸੰਗਰੂਰ ਅਤੇ ਬਰਨਾਲਾ 'ਚ ਨਰਮੇ ਦੀ ਖੇਤੀ ਕੀਤੀ ਜਾਂਦੀ ਹੈ। ਪੰਜਾਬ 'ਚ ਨਰਮੇ ਦੀਆਂ ਬਿਮਾਰੀਆਂ ਵਿੱਚੋਂ 'ਪੱਤਾ ਮਰੋੜ' ਜਾਂ 'ਲੀਫ ਕਰਲ' ਮੁੱਖ ਰੋਗ ਹੈ, ਜਿਸ ਦੇ ਹਮਲੇ ਕਾਰਨ ਪੈਦਾਵਾਰ ਅਤੇ ਰੇਸ਼ਿਆਂ ਦੀ ਗੁਣਵੱਤਾ 'ਤੇ ਬੇਹੱਦ ਮਾੜਾ ਅਸਰ ਪੈਂਦਾ ਹੈ। ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਦੇ ਕਿਸਾਨ ਜ਼ਿਆਦਾਤਰ ਨਰਮੇ ਦੀ ਕਾਸ਼ਤ ਕਰਦੇ ਹਨ ਤੇ ਦੇਸੀ ਕਪਾਹ ਘੱਟ ਬੀਜਦੇ ਹਨ। 'ਪੱਤਾ ਮਰੋੜ' ਇਕ ਵਿਸ਼ਾਣੂ ਰੋਗ ਹੈ ਜੋ ਨਰਮੇ ਦੀਆਂ ਸਾਰੀਆਂ ਕਿਸਮਾਂ 'ਤੇ ਹਮਲਾ ਕਰਦਾ ਹੈ ਪਰ ਦੇਸੀ ਕਪਾਹ ਨੂੰ ਇਹ ਰੋਗ ਨਹੀਂ ਲੱਗਦਾ। ਨਰਮੇ ਦੀਆਂ ਕੁਝ ਕਿਸਮਾਂ, ਜੋ ਪਹਿਲਾ ਪੱਤਾ ਮਰੋੜ ਰੋਗ ਦਾ ਟਾਕਰਾ ਕਰਨ ਦੀ ਸਮਰਥਾ ਰੱਖਦੀਆਂ ਸਨ, ਅੱਜ ਉਨ੍ਹਾਂ ਕਿਸਮਾਂ ਨੂੰ ਵੀ ਪੱਤਾ ਮਰੋੜ ਰੋਗ ਲੱਗਦਾ ਹੈ। ਨਰਮੇ ਦਾ ਝਾੜ ਜ਼ਿਆਦਾ ਹੋਣ ਕਾਰਨ ਕਿਸਾਨਾਂ 'ਚ ਨਰਮੇ ਦੀ ਕਾਸ਼ਤ ਦਾ ਰੁਝਾਨ ਵੱਧ ਰਿਹਾ ਹੈ ਤੇ ਦੇਸੀ ਕਪਾਹ ਹੇਠ ਰਕਬਾ ਘੱਟ ਰਿਹਾ ਹੈ।

## ਸਿਫ਼ਾਰਸ਼ ਕੀਤੀਆਂ ਕਿਸਮਾਂ ਹੀ ਬੀਜੋ

ਪੰਜਾਬ ਵਿਚ ਨਰਮੇ ਉੱਤੇ ਪੱਤਾ ਮਰੋੜ ਰੋਗ ਪਿਛਲੇ ਦੋ ਸਾਲਾਂ ਦੇ ਮੁਕਾਬਲੇ ਸਾਲ 2018 ਦੌਰਾਨ ਘੱਟ ਆਇਆ ਹੈ। ਇਸ ਦੇ ਕਮਜ਼ੋਰ ਹਮਲੇ ਦਾ ਕਾਰਨ ਇਹ ਹੈ ਕਿ ਇਸ ਰੋਗ ਦਾ ਵਿਸ਼ਾਣੂ ਘੱਟ ਤਾਕਤ ਵਾਲਾ ਸੀ ਅਤੇ ਚਿੱਟੇ ਮੱਛਰ ਨਾਲ ਘੱਟ ਫੈਲਿਆ ਸੀ। ਬੀਤੇ 2-3 ਸਾਲਾਂ ਦੌਰਾਨ ਵੇਖਣ 'ਚ ਆਇਆ ਹੈ ਕਿ ਕਿਸਾਨ ਪੀਏਯੂ ਵੱਲੋਂ ਸਿਫ਼ਾਰਸ਼ ਕੀਤੀਆਂ ਨਰਮੇ ਦੀਆਂ ਕਿਸਮਾਂ ਦੀ ਬਿਜਾਈ ਨੂੰ ਪਹਿਲ ਦੇ ਰਹੇ ਹਨ। ਸਾਉਣੀ-2018 ਦੌਰਾਨ ਜ਼ਿਆਦਾ ਰਕਬਾ ਆਰਸੀਐੱਚ-773 ਬੀਜੀ-2, ਆਰਸੀਐੱਚ-776 ਬੀਜੀ-2 ਅਤੇ ਯੂਐੱਸ-51 ਬੀਜੀ-2 ਹਾਇਬ੍ਰਿਡ ਕਿਸਮਾਂ ਹੇਠ ਰਿਹਾ ਤੇ ਇਨ੍ਹਾਂ ਉੱਪਰ ਪੱਤਾ ਮਰੋੜ ਰੋਗ ਵਿਸ਼ਾਣੂ ਦਾ ਹਮਲਾ ਘੱਟ ਵੇਖਣ ਨੂੰ ਮਿਲਿਆ। ਇਸ ਤੋਂ ਇਲਾਵਾ ਸਾਉਣੀ 2018 ਦਾ ਮੌਸਮ ਵੀ ਇਸ ਰੋਗ ਦੇ ਵਧਣ-ਫੈਲਣ ਲਈ ਅਨੁਕੂਲ ਨਹੀਂ ਸੀ।







### ਪਿਛੇਤੀ ਫ਼ਸਲ ਹੁੰਦੀ ਹੈ ਵਧੇਰੇ ਪ੍ਰਭਾਵਿਤ

ਸਮੇਂ ਸਿਰ ਬੀਜੀ ਗਈ ਨਰਮੇ ਦੀ ਫ਼ਸਲ ਦਾ ਝਾੜ ਵਧੇਰੇ ਮਿਲਦਾ ਹੈ ਅਤੇ ਇਸ ਉੱਪਰ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ। ਪੰਜਾਬ ਦੇ ਕੁਝ ਹਿੱਸਿਆਂ ਵਿਚ ਸਮੇਂ ਸਿਰ ਨਹਿਰੀ ਪਾਣੀ ਨਾ ਮਿਲਣ ਕਾਰਨ ਪਿਛੇਤੀ ਬਿਜਾਈ ਕੀਤੀ ਜਾਂਦੀ ਹੈ, ਜਿਸ ਕਾਰਨ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਪਿਛੇਤੀ ਬਿਜਾਈ ਵਾਲੇ ਖੇਤਾਂ 'ਚ ਪੱਤਾ ਮਰੋੜ ਰੋਗ ਦਾ ਪ੍ਰਭਾਵ ਵਧੇਰੇ ਵੇਖਣ ਨੂੰ ਮਿਲਦਾ ਹੈ। ਪੀਏਯੂ ਲੁਧਿਆਣਾ ਤੇ ਖੇਤਰੀ ਕੇਂਦਰ ਬਠਿੰਡਾ ਦੇ ਤਜਰਬਿਆਂ 'ਚ ਪਾਇਆ ਗਿਆ ਕਿ ਪਿਛੇਤੀ ਬਿਜਾਈ ਨਾਲ ਸਮੇਂ ਸਿਰ ਬੀਜੀ ਫ਼ਸਲ ਨਾਲੋਂ 30-40 ਫ਼ੀਸਦੀ ਘੱਟ ਝਾੜ ਮਿਲਿਆ ਤੇ ਨਰਮੇਂ ਦੀ ਗੁਣਵੱਤਾ 'ਚ ਗਿਰਾਵਟ ਵੀ ਦਰਜ ਕੀਤੀ ਗਈ।

## ਰੋਗ ਦੀਆਂ ਨਿਸ਼ਾਨੀਆਂ

ਪੱਤਾ ਮਰੋੜ ਰੋਗ 'ਜੈਮਿਨੀਵਾਇਰਸ' ਨਾਂ ਦੇ ਵਿਸ਼ਾਣੂ ਕਰਕੇ ਲੱਗਦਾ ਹੈ ਅਤੇ ਚਿੱਟੀ ਮੱਖੀ ਜ਼ਰੀਏ ਇਹ ਰੋਗੀ ਬੂਟਿਆਂ ਤੋਂ ਤੰਦਰੁਸਤ ਬੂਟਿਆਂ ਕਰ ਫ਼ੈਲਦਾ ਜਾਂਦਾ ਹੈ। ਇਸ ਰੋਗ ਦਾ ਪ੍ਰਭਾਵ ਮੌਸਮ ਦੇ ਹਿਸਾਬ ਨਾਲ ਵੀ ਵੱਧਦਾ-ਘੱਟਦਾ ਰਹਿੰਦਾ ਹੈ। ਸ਼ੁਰੂ ਵਿਚ ਛੋਟੇ ਬੂਟਿਆਂ 'ਤੇ ਇਸ ਦੇ ਹਮਲੇ ਦਾ ਅਸਰ ਵਧੇਰੇ ਹੁੰਦਾ ਹੈ। ਇਸ ਰੋਗ ਕਾਰਨ ਬੂਟਾ ਛੋਟਾ ਰਹਿ ਜਾਂਦਾ ਹੈ ਅਤੇ ਰੋਗੀ ਬੂਟੇ ਨੂੰ ਫਲ ਤੇ ਡੋਡੀਆਂ ਵੀ ਘੱਟ ਲਗਦੀਆਂ ਹਨ, ਜਿਸ ਕਾਰਨ ਝਾੜ ਘੱਟ ਜਾਂਦਾ ਹੈ। ਰੋਗ ਦੀਆਂ ਨਿਸ਼ਾਨੀਆਂ ਕਿਸਮ ਅਤੇ ਬੂਟੇ ਦੀ ਉਮਰ ਅਨੁਸਾਰ ਥੋੜ੍ਹਾ ਬਹੁਤ ਬਦਲ ਸਕਦੀਆਂ ਹਨ। ਇਸ ਰੋਗ ਕਾਰਨ ਪੱਤਿਆਂ ਦੀਆਂ ਨਾੜਾਂ ਮੋਟੀਆਂ ਹੋ ਜਾਂਦੀਆਂ ਹਨ। ਜ਼ਿਆਦਾ ਹਮਲੇ ਦੀ ਹਾਲਤ ਵਿਚ ਬੂਟੇ ਛੋਟੇ ਰਹਿ ਜਾਂਦੇ ਹਨ, ਪੱਤੇ ਉੱਪਰ ਵੱਲ ਨੂੰ ਮੁੜ ਜਾਂਦੇ ਹਨ ਤੇ ਕੱਪ ਦੀ ਸ਼ਕਲ ਅਖ਼ਤਿਆਰ ਕਰ ਲੈਂਦੇ ਹਨ। ਪੱਤੇ ਦੇ ਹੇਠਲੇ ਪਾਸੇ ਛੋਟੀਆਂ-ਛੋਟੀਆਂ ਪੱਤੀਆਂ ਨਿਕਲ ਆਉਂਦੀਆਂ ਹਨ।

## ਬਚਾਅ

ਪੱਤਾ ਮਰੋੜ ਜਾਂ ਲੀਫ ਕਰਲ ਰੋਗ ਤੋਂ ਬਚਾਅ ਲਈ ਨਰਮੇ ਦੇ ਖੇਤਾਂ ਦਾ ਸ਼ੁਰੂਆਤੀ ਤੌਰ 'ਤੇ ਸਰਵੇਖਣ ਕਰਨਾ ਬਹੁਤ ਜ਼ਰੂਰੀ ਹੈ। ਬਾਅਦ ਵਿਚ ਇਸ ਰੋਗ ਦੀ ਰੋਕਥਾਮ ਸੰਭਵ ਨਹੀਂ ਹੈ। ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਗਈਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ ਤੇ ਗ਼ੈਰ ਸਿਫ਼ਾਰਸ਼ ਹਾਈਬ੍ਰਿਡ ਬੀਜਾਂ ਨੂੰ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਮੇਂ ਸਿਰ ਨਰਮੇ ਦੀ ਬਿਜਾਈ ਪੂਰੀ ਕਰ ਲੈਣੀ ਚਾਹੀਦੀ ਹੈ। ਦੇਸੀ ਕਪਾਹ ਦੀਆਂ ਕਿਸਮਾਂ ਐੱਲਡੀ-1019, ਐੱਲਡੀ-949 ਤੇ ਐੱਫਡੀਕੇ-124 ਨੂੰ ਪੱਤਾ ਮਰੋੜ ਰੋਗ ਨਹੀਂ ਲਗਦਾ। ਇਸ ਲਈ ਇਨ੍ਹਾਂ ਦੀ ਬਿਜਾਈ ਨੂੰ ਪਹਿਲ ਦੇਣੀ ਚਾਹੀਦੀ ਹੈ। ਨਰਮੇ ਨੂੰ ਨਿੰਬੂ ਜਾਤੀ ਦੇ ਬਾਗ਼ਾਂ ਵਿਚ ਤੇ ਭਿੰਡੀ ਦੇ ਖੇਤਾਂ ਨੇੜੇ ਨਾ ਬੀਜੋ। ਨਰਮੇ ਦੇ ਖੇਤ ਦੇ ਆਲੇ-ਦੁਆਲੇ ਸਾਫ਼-ਸਫ਼ਾਈ ਰੱਖੋ ਅਤੇ ਨਰਮੇ ਦੇ ਆਪੇ ਉੱਗੇ ਬੂਟਿਆਂ, ਕੰਘੀ ਬੂਟੀ, ਪੀਲੀ ਬੂਟੀ ਤੇ ਹੋਰ ਨਦੀਨਾਂ ਨੂੰ ਪੁੱਟ ਕੇ ਨਸ਼ਟ ਕਰ ਦੇਵੋ ਕਿਉਂਕਿ ਇਹ ਨਦੀਨ ਰੋਗ ਦੇ ਫੈਲਣ 'ਚ ਮਦਦਗਾਰ ਹੁੰਦੇ ਹਨ। ਖੇਤ ਵਿਚ ਨਾਈਟ੍ਰੋਜਨ ਖਾਦ ਸਿਫ਼ਾਰਸ਼ ਮਾਤਰਾ ਤੋਂ ਵੱਧ ਨਹੀਂ ਪਾਉਣੀ ਚਾਹੀਦੀ।

ਘੱਟ ਲਾਗਤ ਵਾਲੇ ਪੀਲੇ ਕਾਰਡ (40 ਕਾਰਡ ਪ੍ਰਤੀ ਏਕੜ) ਦੇ ਹਿਸਾਬ ਨਾਲ ਖੇਤਾਂ ਵਿਚ ਲਗਾਓ, ਇਹ ਕਾਰਡ ਸ਼ੁਰੂਆਤੀ ਅਵਸਥਾ ਵਿਚ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਦੇ ਹਨ। ਫ਼ਸਲ ਦੀ ਸ਼ੁਰੂਆਤੀ ਅਵਸਥਾ ਵਿਚ ਚਿੱਟੀ ਮੱਖੀ ਦਾ ਹਮਲਾ ਹੋਣ 'ਤੇ ਇਕ-ਦੋ ਸਪਰੇਅ (1 ਲੀਟਰ ਨਿੰਬੀਸੀਡੀਨ ਜਾਂ ਅਚੂਕ) ਅਤੇ ਆਪ ਤਿਆਰ ਕੀਤਾ ਨਿੰਮ ਦਾ ਘੋਲ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਜੇ ਚਿੱਟੀ ਮੱਖੀ ਦਾ ਪ੍ਰਕੋਪ ਵੱਧ ਜਾਵੇ ਤਾਂ ਸਿਫ਼ਾਰਸ਼ ਕੀਤੇ ਕੀਟਨਾਸ਼ਕ ਦਾ ਛਿੜਕਾਅ ਕਰੋ।

ਸਪਰੇਅ ਵਾਸਤੇ ਕੀਟਨਾਸ਼ਕਾਂ ਦਾ ਮਿਸ਼ਰਣ ਬਿਲਕੁਲ ਨਹੀਂ ਵਰਤਣੇ ਚਾਹੀਦੇ। ਚਿੱਟੀ ਮੱਖੀ ਦੀ ਰੋਕਥਾਮ ਲਈ ਕੀਟਨਾਸ਼ਕ ਦਾ ਛਿੜਕਾਅ ਫਿਕਸ ਟਾਈਪ ਕੋਨ ਨੋਜ਼ਲ ਨਾਲ ਹੀ ਕਰੋ। •

---

• ਸਮਰਿਤੀ ਸ਼ਰਮਾ, ਬੀਕੇ ਕੰਗ
95016-88566



ਕੀਟਨਾਸ਼ਕਾਂ ਦੀ ਜੋ ਮਾਤਰਾ ਫ਼ਸਲ, ਜ਼ਮੀਨ ਜਾਂ ਵਾਤਾਵਰਨ 'ਚ ਰਹਿ ਜਾਂਦੀ ਹੈ, ਉਸ ਨੂੰ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਆਖਦੇ ਹਨ। ਜੇ ਇਹ ਰਹਿੰਦ-ਖੂੰਹਦ ਮਿੱਥੀ ਹੱਦ ਤੋਂ ਵੱਧ ਜਾਵੇ ਤਾਂ ਵਾਤਾਵਰਨ ਅਤੇ ਮਨੁੱਖੀ ਸਿਹਤ ਲਈ ਹਾਨੀਕਾਰਕ ਸਿੱਧ ਹੁੰਦੀ ਹੈ...

# ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ

ਖੇਤੀਬਾੜੀ ਅਤੇ ਬਾਗ਼ਬਾਨੀ ਫ਼ਸਲਾਂ ਨੂੰ ਕੀੜਿਆਂ, ਬਿਮਾਰੀਆਂ ਅਤੇ ਨਦੀਨਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਰਸਾਇਣਾਂ ਦੀ ਵਰਤੋਂ ਹੁੰਦੀ ਹੈ। ਇਹ ਰਸਾਇਣ ਬੇਹੱਦ ਜ਼ਹਿਰੀਲੇ ਹੁੰਦੇ ਹਨ। ਇਨ੍ਹਾਂ ਖੇਤੀ ਰਸਾਇਣਾਂ ਵਿਚ ਕੀਟਨਾਸ਼ਕ, ਉੱਲੀਨਾਸ਼ਕ, ਨਦੀਨਨਾਸ਼ਕ ਆਦਿ ਆਉਂਦੇ ਹਨ। ਇਨ੍ਹਾਂ ਦੀ ਵਰਤੋਂ ਸਮੇਂ ਕੀਤੀ ਗਈ ਅਣਗਹਿਲੀ ਪਸ਼ੂ-ਪੰਛੀਆਂ, ਵਾਤਾਵਰਨ ਤੇ ਮਨੁੱਖੀ ਸਿਹਤ ਲਈ ਨੁਕਸਾਨਦੇਹ ਸਿੱਧ ਹੁੰਦੀ ਹੈ।

ਕੀਟਨਾਸ਼ਕ ਮੂੰਹ, ਸਾਹ ਅਤੇ ਚਮੜੀ ਜ਼ਰੀਏ ਮਨੁੱਖੀ ਸਰੀਰ ਅੰਦਰ ਦਾਖ਼ਲ ਹੁੰਦੇ ਹਨ। ਸਪਰੇਅ ਕਰਦੇ ਸਮੇਂ ਖੇਤੀ ਕਾਮੇ ਦੁਆਰਾ ਕੁਝ ਵੀ ਖਾਣ-ਪੀਣ ਨਾਲ ਕਾਫ਼ੀ ਮਾਤਰਾ ਵਿਚ ਇਹ ਕੀਟਨਾਸ਼ਕ ਸਰੀਰ ਵਿਚ ਪਹੁੰਚ ਜਾਂਦੇ ਹਨ। ਗੈਸ ਜਾਂ ਧੂੜੇ ਦੇ ਬਰੀਕ ਕਣ ਵੀ ਕੀਟਨਾਸ਼ਕ ਵਰਤਣ ਸਮੇਂ ਸਾਹ ਰਾਹੀ ਸਰੀਰ ਅੰਦਰ ਦਾਖ਼ਲ ਹੋ ਸਕਦੇ ਹਨ। ਕੀਟਨਾਸ਼ਕਾਂ ਦੀ ਵਰਤੋਂ ਵੇਲੇ ਕੁਝ ਸਾਵਧਾਨੀਆਂ ਵਰਤ ਕੇ ਇਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ।

## ਛਿੜਕਾਅ ਤੋਂ ਪਹਿਲਾਂ ਸਾਵਧਾਨੀਆਂ

ਕੀਟਨਾਸ਼ਕ ਨੂੰ ਉਸ ਦੇ ਲੇਬਲ ਵਾਲੇ ਡੱਬੇ ਵਿਚ ਹੀ ਰੱਖੋ। ਕੀਟਨਾਸ਼ਕ ਨੂੰ ਹਮੇਸ਼ਾ ਹਵਾਦਾਰ ਕਮਰੇ ਵਿਚ ਤਾਲਾ ਲਗਾ ਕੇ ਰੱਖੋ ਤਾਂ ਜੋ ਇਹ ਬੱਚਿਆਂ, ਇਨ੍ਹਾਂ ਦੇ ਨੁਕਸਾਨ ਤੋਂ ਅਣਜਾਣ ਵਿਅਕਤੀਆਂ ਤੇ ਪਾਲਤੂ ਪਸ਼ੂਆਂ ਦੀ ਪਹੁੰਚ ਤੋਂ ਦੂਰ ਰਹਿਣ। ਕੀਟਨਾਸ਼ਕ ਵਾਲਾ ਡੱਬਾ ਖੋਲ੍ਹਣ ਤੋਂ ਪਹਿਲਾਂ ਉਸ ਉੱਪਰਲੇ ਲੇਬਲ ਨੂੰ ਧਿਆਨ ਨਾਲ ਪੜ੍ਹੋ। ਕੀਟਨਾਸ਼ਕਾਂ ਨੂੰ ਖਾਣ-ਪੀਣ ਵਾਲੀਆਂ ਵਸਤਾਂ ਅਤੇ ਦੂਸਰੀਆਂ ਦਵਾਈਆਂ ਤੋਂ ਦੂਰ ਰੱਖੋ। ਕੀਟਨਾਸ਼ਕ ਦੀ ਵਰਤੋਂ ਤੋਂ ਪਹਿਲਾਂ ਉਸ ਦੀ ਤੇ ਪਾਣੀ ਦੀ ਸਹੀ ਮਾਤਰਾ ਦਾ ਅੰਦਾਜ਼ਾ ਜ਼ਰੂਰ ਲਗਾਓ।

ਛਿੜਕਾਅ ਤੋਂ ਪਹਿਲਾਂ ਪੰਪ ਦੀ ਚੰਗੀ ਤਰ੍ਹਾਂ ਜਾਂਚ ਕਰੋ ਕਿ ਕੀ ਉਹ ਠੀਕ ਕੰਮ ਕਰ ਰਿਹਾ ਹੈ। ਛਿੜਕਾਅ ਕਰਨ ਵਾਲੇ ਕਾਮਿਆਂ ਲਈ ਸੁਰੱਖਿਅਤ ਕੱਪੜਿਆ ਦਾ ਪ੍ਰਬੰਧ ਕਰੋ ਅਤੇ ਸਪਰੇਅ ਤੋਂ ਬਾਅਦ ਨਹਾ ਕੇ ਪਹਿਨੇ ਜਾਣ ਵਾਲੇ ਸਾਫ਼ ਕੱਪੜਿਆਂ ਦਾ ਇੰਤਜ਼ਾਮ ਵੀ ਪਹਿਲਾਂ ਹੀ ਕਰ ਲੈਣਾ ਚਾਹੀਦਾ ਹੈ। ਛਿੜਕਾਅ ਵਾਲੀ ਥਾਂ ਦੇ ਨੇੜੇ ਹੀ ਸਾਫ਼ ਪਾਣੀ, ਸਾਬਣ, ਤੌਲੀਏ ਆਦਿ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਕੀਟਨਾਸ਼ਕ ਦੀ ਵਰਤੋਂ ਤੋਂ ਬਾਅਦ ਕਾਮਾ ਖੁੱਲ੍ਹੇ ਪਾਣੀ ਨਾਲ ਨਹਾ ਸਕੇ। ਜੇ ਖੇਤ ਦੇ ਨੇੜੇ ਸ਼ਹਿਦ ਦੀਆਂ ਮੱਖੀਆਂ ਦੇ ਬਕਸੇ ਹੋਣ ਤਾਂ ਉਨ੍ਹਾਂ ਨੂੰ ਖੇਤ ਤੋਂ ਦੂਰ ਕਰ ਦੇਣਾ ਚਾਹੀਦਾ ਹੈ। ਛਿੜਕਾਅ ਤੋਂ ਪਹਿਲਾਂ ਪੱਕੇ ਹੋਏ ਫਲ ਅਤੇ ਸਬਜ਼ੀਆਂ ਤੋੜ ਲਵੋ।

### ਛਿੜਕਾਅ ਤੋਂ ਬਾਅਦ ਅਹਿਤਿਆਤ

ਕੀਟਨਾਸ਼ਕਾਂ ਦੇ ਡੱਬਿਆਂ ਨੂੰ ਚੰਗੀ ਤਰ੍ਹਾਂ ਬੰਦ ਕਰ ਕੇ ਸਟੋਰ ਵਿਚ ਰੱਖੋ। ਕੀਟਨਾਸ਼ਕਾਂ ਦੇ ਖ਼ਾਲੀ ਡੱਬਿਆਂ ਨੂੰ ਜ਼ਮੀਨ ਵਿਚ ਡੂੰਘੇ ਨੱਪ ਦੇਵੋ। ਕੀਟਨਾਸ਼ਕਾਂ ਨੂੰ ਪੰਪ ਵਿਚ ਨਾ ਰਹਿਣ ਦਿਓ। ਕੀਟਨਾਸ਼ਕ ਦੇ ਬਚੇ ਹੋਏ ਘੋਲ ਨੂੰ ਪਾਣੀ ਦੇ ਖਾਲ, ਛੱਪੜ ਜਾਂ ਖੂਹੀ ਵਿਚ ਨਾ ਡੋਲ੍ਹੋ, ਉਸ ਨੂੰ ਬੰਜਰ ਜ਼ਮੀਨ ਉੱਪਰ ਡੋਲ੍ਹ ਦਿਓ। ਛਿੜਕਾਅ ਤੋਂ ਬਾਅਦ ਸਪਰੇਅ ਪੰਪ, ਡਰੰਮ, ਟੱਬ ਅਤੇ ਡੰਡੇ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਵੋ ਅਤੇ ਫੇਰ ਖੁੱਲ੍ਹੇ ਪਾਣੀ ਨਾਲ ਸਾਫ਼ ਕਰ ਕੇ ਰੱਖੋ। ਸਪਰੇਅ ਵੇਲੇ ਪਾਏ ਹੋਏ ਕੱਪੜਿਆਂ ਨੂੰ ਵੀ ਸਾਬਣ ਨਾਲ ਚੰਗੀ ਤਰ੍ਹਾਂ ਧੋ ਕੇ ਧੁੱਪ ਵਿਚ ਸੁਕਾਓ। ਇਨ੍ਹਾਂ ਕੱਪੜਿਆਂ ਨੂੰ ਦੂਸਰੇ ਕੱਪੜਿਆਂ ਨਾਲ ਨਾ ਧੋਵੋ। ਦੂਸ਼ਿਤ ਪਾਣੀ ਨੂੰ ਬੰਜਰ ਜ਼ਮੀਨ 'ਤੇ ਡੋਲ੍ਹੋ। ਛਿੜਕਾਅ ਤੋਂ ਬਾਅਦ ਸਾਬਣ ਨਾਲ ਚੰਗੀ ਤਰ੍ਹਾਂ ਨਹਾ ਕੇ ਸਾਫ਼ ਕੱਪੜੇ ਪਹਿਨੋ। ਕੀਟਨਾਸ਼ਕ ਦੀ ਸਪਰੇਅ ਬਾਰੇ ਜਾਣਕਾਰੀ, ਮਾਤਰਾ, ਫ਼ਸਲ, ਤਰੀਕ, ਵਰਤਣ ਦਾ ਢੰਗ ਤੇ ਹੋਰ ਜਾਣਕਾਰੀ ਇਕ ਡਾਇਰੀ ਵਿਚ ਲਿਖ ਲਵੋ।

## ਛਿੜਕਾਅ ਵੇਲੇ ਚੌਕਸੀ

ਕੀਟਨਾਸ਼ਕ ਦੇ ਲਿਫ਼ਾਫ਼ੇ ਨੂੰ ਖਿੱਚ ਕੇ ਨਾ ਪਾੜੋ ਬਲਕਿ ਕੈਂਚੀ ਜਾਂ ਚਾਕੂ ਨਾਲ ਕੱਟੋ। ਕੀਟਨਾਸ਼ਕ ਦਾ ਘੋਲ ਬਣਾਉਣ ਲਈ ਡਰੰਮ ਜਾਂ ਟੱਬ ਦੀ ਵਰਤੋਂ ਕਰੋ ਅਤੇ ਇਸ ਨੂੰ ਘੋਲਣ ਲਈ ਲੱਕੜੀ ਦੇ ਡੰਡੇ ਦੀ ਵਰਤੋਂ ਕਰੋ। ਕੀਟਨਾਸ਼ਕ ਨੂੰ ਹੱਥ ਨਾਲ ਨਹੀ ਘੋਲਣਾ ਚਾਹੀਦਾ। ਪੰਪ ਵਿਚ ਘੋਲ ਪਾਉਣ ਤੋਂ ਬਾਅਦ, ਖਾਣ ਪੀਣ ਤੋਂ ਪਹਿਲਾਂ ਅਤੇ ਛਿੜਕਾਅ ਖ਼ਤਮ ਹੋਣ ਤੋਂ ਬਾਅਦ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਵੋ। ਕਦੇ ਵੀ ਇਕੱਲਿਆਂ ਛਿੜਕਾਅ ਨਾ ਕਰੋ। ਦੁਰਘਟਨਾ ਹੋਣ 'ਤੇ ਪੀੜਤ ਨੂੰ ਡਾਕਟਰ ਕੋਲ ਲਿਜਾਣ ਲਈ ਕੋਈ ਸਹਾਇਕ ਜ਼ਰੂਰ ਮੌਜੂਦ ਹੋਣਾ ਚਾਹੀਦਾ ਹੈ। ਬੱਚਿਆਂ, ਬਜ਼ੁਰਗਾਂ, ਬਿਮਾਰ ਵਿਅਕਤੀ ਤੇ ਸਰੀਰਕ ਤੌਰ 'ਤੇ ਕਮਜ਼ੋਰ ਵਿਅਕਤੀ ਨੂੰ ਕੀਟਨਾਸ਼ਕ ਛਿੜਕਣ ਵੇਲੇ ਖੇਤ ਤੋਂ ਦੂਰ ਰੱਖੋ। ਛਿੜਕਾਅ ਕਰਨ ਦੇ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰੋ। ਕੀਟਨਾਸ਼ਕ ਨੂੰ ਕਦੇ ਵੀ ਖੇਤ ਵਿਚ ਸੁੰਨੇ ਨਾ ਛੱਡੋ, ਇਸ ਨਾਲ ਬੱਚੇ ਜਾਂ ਪਸ਼ੂ ਦੁਰਘਟਨਾ ਦੇ ਸ਼ਿਕਾਰ ਹੋ ਸਕਦੇ ਹਨ। ਕੀਟਨਾਸ਼ਕਾਂ ਦੇ ਛਿੜਕਾਅ ਸਮੇਂ ਜੇ ਜੇ ਕੱਪੜੇ ਦੂਸ਼ਿਤ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਤੁਰੰਤ ਬਦਲ ਲਵੋ। ਛਿੜਕਾਅ ਕਰਦੇ ਸਮੇਂ ਚਮੜੀ ਅਤੇ ਅੱਖਾਂ ਨੂੰ ਰਸਾਇਣਾਂ ਤੋਂ ਬਚਾਅ ਕੇ ਇਨ੍ਹਾਂ ਦਾ ਇਸਤੇਮਾਲ ਕਰੋ। ਛਿੜਕਾਅ ਕਰਦੇ ਸਮੇਂ ਨੱਕ ਨੂੰ ਮਾਸਕ ਜਾਂ ਕੱਪੜੇ ਨਾਲ ਢਕ ਕੇ ਰੱਖੋ, ਤਾਂ ਜੋ ਕੀਟਨਾਸ਼ਕ ਦੇ ਕਣ ਸਾਹ ਰਾਹੀ ਸਰੀਰ ਅੰਦਰ ਨਾ ਜਾਣ। ਛਿੜਕਾਅ ਕਰਦੇ ਸਮੇਂ ਅੱਖਾਂ ਜਾਂ ਮੂੰਹ ਨੂੰ ਹੱਥ ਨਹੀਂ ਲਗਾਉਣੇ ਚਾਹੀਏ। ਛਿੜਕਾਅ ਕਰਦੇ ਸਮੇਂ ਕੋਈ ਚੀਜ਼ ਖਾਣੀ ਜਾਂ ਪੀਣੀ ਨਹੀਂ ਚਾਹੀਦੀ। ਕੀਟਨਾਸ਼ਕ ਦੇ ਖ਼ਾਲੀ ਡੱਬਿਆਂ ਨੂੰ ਵਰਤੋਂ ਉਪਰੰਤ ਨਸ਼ਟ ਕਰ ਦੇਵੋ, ਉਨ੍ਹਾਂ ਨੂੰ ਕਿਸੇ ਹੋਰ ਕੰਮ ਲਈ ਨਾ ਵਰਤੋ। ਨਦੀਨਨਾਸ਼ਕ ਦੇ ਡੱਬਿਆਂ ਨੂੰ ਅੱਗ ਨਹੀਂ ਲਗਾਉਣੀ ਚਾਹੀਦਾ ਸਗੋਂ ਉਨ੍ਹਾਂ ਨੂੰ ਡੂੰਘਾ ਦੱਬ ਦੇਵੋ। ਸਪਰੇਅ ਵੇਲੇ ਜਿਸ ਦਿਸ਼ਾ ਵੱਲੋਂ ਹਵਾ ਆ ਰਹੀ ਹੋਵੇ, ਉਸ ਪਾਸੇ ਪਿੱਠ ਕਰ ਕੇ ਸਪਰੇਅ ਕਰਨੀ ਚਾਹੀਦੀ ਹੈ।

ਤੇਜ਼ ਹਵਾ ਵਾਲੇ ਦਿਨ ਕੀਟਨਾਸ਼ਕ ਦੀ ਸਪਰੇਅ ਨਹੀਂ ਕਰਨੀ ਚਾਹੀਦੀ। ਜੇ ਕੋਈ ਕਾਮਾ ਪਹਿਲੀ ਵਾਰ ਛਿੜਕਾਅ ਦਾ ਕੰਮ ਕਰ ਰਿਹਾ ਹੋਵੇ ਤਾਂ ਉਸ 'ਤੇ ਨਜ਼ਰ ਰੱਖੋ, ਹੋ ਸਕਦਾ ਹੈ ਕਿ ਉਹ ਅਣਜਾਣਪੁਣੇ ਵਿਚ ਸਾਵਧਾਨੀਆਂ ਨੂੰ ਅਣਗੌਲਿਆਂ ਕਰ ਰਿਹਾ ਹੋਵੇ। ਕਾਮਿਆਂ ਨੂੰ ਕੀਟਨਾਸ਼ਕ ਛਿੜਕਣ ਤੋਂ ਬਾਅਦ ਆਰਾਮ ਲਈ ਕਾਫ਼ੀ ਸਮਾਂ ਦਿਓ। ਕੋਈ ਵੀ ਕਾਮਾ ਅੱਠ ਘੰਟਿਆਂ ਤੋਂ ਵੱਧ ਸਪਰੇਅ ਨਾ ਕਰੇ। ਜੇ ਕਿਸੇ ਨੂੰ ਸਰਦੀ-ਜ਼ੁਕਾਮ ਹੋਵੇ ਤਾਂ ਉਸ ਨੂੰ ਸਪਰੇਅ ਨਹੀਂ ਕਰਨੀ ਚਾਹੀਦੀ। ਗਰਮੀਆਂ ਦੇ ਮੌਸਮ ਵਿਚ ਸਵੇਰੇ ਜਾਂ ਸ਼ਾਮ ਵੇਲੇ ਹੀ ਛਿੜਕਾਅ ਕਰੋ। ਦਾਣੇਦਾਰ ਕੀਟਨਾਸ਼ਕਾਂ ਦੀ ਵਰਤੋਂ ਕਰਨ ਵੇਲੇ ਦਸਤਾਨੇ ਪਹਿਨੋ। ਜੇ ਹੱਥਾਂ ਜਾਂ ਬਾਹਾਂ ਉੱਪਰ ਜ਼ਖ਼ਮ ਹੋਣ ਤਾਂ ਦਾਣੇਦਾਰ ਕੀਟਨਾਸ਼ਕਾਂ ਦਾ ਛਿੜਕਾਅ ਨਾ ਕਰੋ।

### ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਘੱਟ ਕਰਨਾ

ਕੀਟਨਾਸ਼ਕਾਂ ਦੀ ਜੋ ਮਾਤਰਾ ਫ਼ਸਲ, ਜ਼ਮੀਨ ਜਾਂ ਆਲੇ-ਦੁਆਲੇ ਦੇ ਵਾਤਾਵਰਨ 'ਚ ਰਹਿ ਜਾਂਦੀ ਹੈ, ਉਸ ਨੂੰ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਆਖਦੇ ਹਨ। ਜੇ ਰਹਿੰਦ-ਖੂੰਹਦ ਦੀ ਮਾਤਰਾ ਮਿੱਥੀ ਹੋਈ ਹੱਦ ਤੋਂ ਵੱਧ ਜਾਵੇ ਤਾਂ ਇਹ ਹਾਨੀਕਾਰਕ ਸਿੱਧ ਹੋ ਸਕਦੀ ਹੈ। ਸਿਫ਼ਾਰਸ਼ ਕੀਤੇ ਹੋਏ ਕੀਟਨਾਸ਼ਕਾਂ ਦੀ ਸਿਫ਼ਾਰਸ਼ ਮਾਤਰਾ ਵਿਚ ਛਿੜਕਾਅ, ਛਿੜਕਾਅ ਦਾ ਸਮਾਂ ਤੇ ਸਹੀ ਤਰੀਕਾ ਵਰਤ ਕੇ ਇਸ ਰਹਿੰਦ-ਖੂੰਹਦ ਨੂੰ ਕਾਫ਼ੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ :

ਕੀਟਨਾਸ਼ਕਾਂ ਦੀ ਵਰਤੋਂ ਸਿਰਫ਼ ਉਦੋਂ ਹੀ ਕਰੋ ਜਦੋਂ ਬੇਹੱਦ ਜ਼ਰੂਰੀ ਹੋਵੇ। ਜੇ ਫ਼ਸਲੀ ਕੀੜਿਆਂ ਨੂੰ ਦੂਸਰੇ ਢੰਗਾਂ ਨਾਲ ਕਾਬੂ ਕੀਤਾ ਜਾ ਸਕਦਾ ਹੋਵੇ ਤਾਂ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ। ਕੀਟਨਾਸ਼ਕਾਂ ਦੀ ਵਰਤੋਂ ਸਿਰਫ਼ ਉਦੋਂ ਹੀ ਕਰੋ ਜਦੋਂ ਹਮਲਾ ਘੱਟੋ-ਘੱਟ ਆਰਥਿਕ ਪੱਧਰ ਤੋਂ ਵੱਧ ਹੋਵੇ। ਸਿਫਾਰਸ਼ ਕੀਤੇ ਹੋਏ ਕੀਟਨਾਸ਼ਕਾਂ ਨੂੰ ਸਹੀ ਮਾਤਰਾ ਵਿਚ ਵਰਤੋ। ਜ਼ਿਆਦਾ ਸਮੇਂ ਤਕ ਵਾਤਾਵਰਨ 'ਚ ਰਹਿਣ ਵਾਲੇ ਰਸਾਇਣਾਂ ਦੀ ਵਰਤੋਂ ਨਾ ਕਰੋ। ਪੱਕੇ ਹੋਏ ਫਲ ਤੇ ਸਬਜ਼ੀਆਂ ਨੂੰ ਛਿੜਕਾਅ ਤੋਂ ਪਹਿਲਾਂ ਤੋੜ ਲਵੋ। ਕੀਟਨਾਸ਼ਕ ਛਿੜਕਣ ਤੋਂ ਬਾਅਦ ਫ਼ਸਲ ਕੱਟਣ ਜਾਂ ਫਲ-ਸਬਜ਼ੀਆਂ ਤੋੜਨ ਲਈ ਸਿਫ਼ਾਰਸ਼ ਕੀਤੇ ਗਏ ਸਮੇਂ ਤਕ ਉਡੀਕ ਕਰੋ। ਫਲ-ਸਬਜ਼ੀਆਂ ਚੰਗੀ ਤਰ੍ਹਾਂ ਧੋ ਕੇ ਖਾਓ। ਸਬਜ਼ੀਆਂ ਤੇ ਫਲਾਂ ਦਾ ਛਿਲਕਾ ਉਤਾਰ ਕੇ ਖਾਣ ਨਾਲ ਵੀ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦਾ ਅਸਰ ਕਾਫੀ ਹੱਦ ਤਕ ਘੱਟ ਜਾਂਦਾ ਹੈ। •

## ਸੰਪਾਦਕੀ

# ਕੋਵਿਡ ਤੇ ਹੋਰ ਦਵਾਈਆਂ ਬਾਰੇ ਜਾਣਕਾਰੀ ਸਾਂਝੀ ਕਰਨਾ ਸਮੇਂ ਦੀ ਲੋੜ

ਐਸਟਰਾ ਜ਼ੈਨੇਕਾ (ਏਜ਼ੀ) ਦਾ ਖੁਲਾਸਾ ਹੈ ਕਿ ਇਸ ਦਾ ਕੋਵਿਡ-19 ਟੀਕਾ, ਕੋਵੀਸ਼ੀਲਡ ਜਾਂ ਵੈਕਸਜ਼ੇਵਰੀਆ, ਵਿਰਲੇ-ਟਾਵੇਂ ਕੇਸ ਵਿੱਚ ਥ੍ਰੋਂਬੋਸਾਇਟੋਪੇਨੀਆ ਸਿੰਡਰੋਮ (ਟੀਟੀਐੱਸ) ਨਾਲ ਥ੍ਰੋਂਬੋਸਿਸ ਦਾ ਕਾਰਨ ਬਣ ਸਕਦਾ ਹੈ ਜਿਸ ਦੇ ਸਿੱਟੇ ਵਜੋਂ ਰਗ਼ਾਂ ਤੇ ਨਾੜੀਆਂ 'ਚ ਖ਼ੂਨ ਜੰਮਣ (ਕਲੌਟ ਬਣਨ) ਨਾਲ ਤੰਤੂਆਂ, ਹਿਰਦੇ, ਫੇਫੜਿ ?ਆਂ ਅਤੇ ਸਰੀਰ ਦੇ ਹੋਰਨਾਂ ਅੰਗਾਂ ਨਾਲ ਸਬੰਧਿਤ ਸਮੱਸਿਆਵਾਂ ਆ ਸਕਦੀਆਂ ਹਨ। ਗੰਭੀਰ ਸਮੱਸਿਆਵਾਂ ਜਿਵੇਂ ਦਿਮਾਗ ਦੀ ਨਾੜੀ ਫਟਣਾ ਤੇ ਦਿਲ ਦਾ ਦੌਰਾ ਪੈਣਾ ਆਦਿ ਪੈਦਾ ਹੋ ਸਕਦੀਆਂ ਹਨ ਹਾਲਾਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਬੇਹੱਦ ਘੱਟ ਵਾਪਰੀਆਂ ਹਨ। ਮੈਲਬਰਨ ਟੀਕਾਕਰਨ ਜਾਗਰੂਕਤਾ ਕੇਂਦਰ ਮੁਤਬਿਕ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਜੋਖ਼ਮ ਟੀਕਾਕਰਨ ਕਰਾ ਚੁੱਕੇ ਇਕ ਲੱਖ ਵਿਅਕਤੀਆਂ ਪਿੱਛੇ ਕੇਵਲ 2.6 ਜਣਿਆਂ ਨੂੰ ਹੈ ਜੋ ਬਹੁਤ ਥੋੜ੍ਹਾ (0.0026) ਹੈ। ਜਿ ?ਆਦਾਤਰ ਕੇਸ ਟੀਕਾਕਰਨ ਦੇ ਪਹਿਲੇ ਚਾਰ ਹਫ਼ਤਿਆਂ ਵਿੱਚ ਹੀ ਸਾਹਮਣੇ ਆ ਜਾਂਦੇ ਹਨ। ਇਸ ਤੋਂ ਬਾਅਦ ਖ਼ੂਨ ਜੰਮਣ ਦੀ ਸੰਭਾਵਨਾ ਲਗਭਗ ਸਿਫ਼ਰ ਹੈ। ਏਜ਼ੀ ਦੇ ਇਸ ਇਕਬਾਲ ਮਗਰੋਂ ਲੋਕਾਂ ਅੰਦਰ ਵਿਆਪਕ ਪੱਧਰ 'ਤੇ ਚਿੰਤਾ ਹੈ। ਬਾਅਦ 'ਚ ਕੰਪਨੀ ਵੱਲੋਂ ਵੈਕਸੀਨ ਵਾਪਸ ਮੰਗਵਾਉਣ ਨਾਲ ਇਸ ਫਿ ?ਕਰ ਵਿੱਚ ਸਗੋਂ ਹੋਰ ਵਾਧਾ ਹੋਇਆ ਹੈ ਹਾਲਾਂਕਿ ਫਰਮ ਦਾ ਦਾਅਵਾ ਹੈ ਕਿ ਇਹ ਫ਼ੈਸਲਾ ਬਾਜ਼ਾਰ ਵਿੱਚ ਵੈਕਸੀਨ 'ਸਰਪਲੱਸ' ਹੋਣ ਕਾਰਨ ਕਰਨਾ ਪਿਆ ਹੈ। ਇਸ ਦੇ ਬਾਵਜੂਦ ਲੋਕਾਂ ਅੰਦਰ ਫਿ ?ਕਰ ਦੇਖਿਆ ਗਿਆ ਹੈ। ਇਹ ਜਾਣਕਾਰੀ ਅਸਲ ਵਿੱਚ ਨਵੀਂ ਨਹੀਂ ਹੈ। ਕਲੀਨਿਕਲ ਪਰਖ ਤੋਂ ਬਾਹਰ ਆਕਸਫੋਰਡ-ਏਜ਼ੀ ਵੈਕਸੀਨ ਦੀ ਪਹਿਲੀ ਖ਼ੁਰਾਕ 2 ਜਨਵਰੀ 2021 ਨੂੰ ਦਿੱਤੀ ਗਈ ਸੀ। ਖ਼ੂਨ ਜੰਮਣ ਦੀ ਪਹਿਲੀ ਘਟਨਾ ਫਰਵਰੀ 2021 ਵਿਚ ਸਾਹਮਣੇ ਆਈ। ਉਸ ਸਮੇਂ ਆਲਮੀ ਪੱਧਰ 'ਤੇ ਕੋਵਿਡ-19 ਦਾ ਬੋਝ ਬਹੁਤ ਜਿ ?ਆਦਾ ਸੀ ਤੇ ਹਰ ਹਫ਼ਤੇ ਲਗਭਗ 40 ਲੱਖ ਕੇਸ ਸਾਹਮਣੇ ਆ ਰਹੇ ਸਨ। ਇਸ ਲਈ ਡਬਲਿਊਐੱਚਓ ਤੇ 'ਯੂਰੋਪੀਅਨ ਮੈਡੀਸਿਨਜ਼ ਏਜੰਸੀ' ਨੇ ਇਹੀ ਉਭਾਰਨ ਦੀ ਕੋਸ਼ਿਸ਼ ਕੀਤੀ ਕਿ ਕਿਵੇਂ ਵੈਕਸੀਨ ਦੇ ਲਾਭ ਸੰਭਾਵੀ ਖ਼ਤਰਿਆਂ ਤੋਂ ਕਿਤੇ ਵੱਧ ਹਨ। ਪੂਰੇ ਸਾਲ ਦੌਰਾਨ ਕਰੀਬ 2.5 ਅਰਬ ਡੋਜ਼ਾਂ (ਖ਼ੁਰਾਕਾਂ) ਦਿੱਤੀਆਂ ਗਈਆਂ ਤੇ ਸਿਹਤ ਸੰਸਥਾਵਾਂ ਦਾ ਅਨੁਮਾਨ ਹੈ ਕਿ ਵੈਕਸੀਨ ਨੇ ਲਗਭਗ 63 ਲੱਖ ਜਾਨਾਂ ਬਚਾਈਆਂ। ਅਪਰੈਲ 2021 ਵਿੱਚ ਕਰੋਨਾ ਦੇ ਡੈਲਟਾ ਸਰੂਪ ਨੇ ਭਾਰਤ ਵਿੱਚ ਤਬਾਹੀ ਮਚਾਈ। ਸੰਕਟ ਨਾਲ ਨਜਿੱਠਣ ਲਈ ਸਿਹਤ ਵਰਕਰਾਂ ਕੋਲ ਗਿਣਤੀ ਦੇ ਸਾਧਨ ਮੌਜੂਦ ਸਨ ਜਿਨ੍ਹਾਂ ਵਿੱਚ ਕੋਵੀਸ਼ੀਲਡ ਸ਼ਾਮਿਲ ਸੀ। ਫਿਰ ਕਿਸੇ ਦਾ ਸ਼ਾਇਦ ਇਹ ਪੁੱਛਣਾ ਢੁੱਕਵਾਂ ਹੋਵੇਗਾ ਕਿ ਹੁਣ ਹੀ ਕਿਉਂ ਟੀਟੀਐੱਸ ਦਾ ਮੁੱਦਾ ਉਭਰਿਆ ਹੈ। ਵਿਆਪਕ ਘਬਰਾਹਟ ਦੇ ਕੇਸਾਂ ਵਿੱਚ ਹਮੇਸ਼ਾ ਸੋਸ਼ਲ ਮੀਡੀਆ ਤੇ ਪ੍ਰੈੱਸ ਦੀ ਭੂਮਿਕਾ ਹੁੰਦੀ ਹੈ। ਜਿ ?ਆਦਾਤਰ ਭਾਰਤੀ ਆਬਾਦੀ ਦਾ ਟੀਕਾਕਰਨ ਕੋਵੀਸ਼ੀਲਡ ਨਾਲ ਕੀਤਾ ਗਿਆ ਹੈ। ਸਿੱਟੇ ਵਜੋਂ ਲੋਕ ਹੁਣ ਆਪਣੀ ਸਿਹਤ ਅਤੇ ਸੁਰੱਖਿਆ ਦਾ ਫਿ ?ਕਰ ਕਰਨ ਲੱਗੇ ਹਨ। ਹਾਲ ਹੀ ਵਿੱਚ ਕਾਰ 'ਚ ਕਿਤੇ ਜਾਂਦਿਆਂ ਮੇਰੇ ਡਰਾਈਵਰ ਨੇ ਕਿਹਾ ਕਿ ਉਸ ਨੇ ਸੁਣਿਆ ਹੈ ਕਿ ਕੋਵਿਡ ਡੋਜ਼ ਦੇ ਗੰਭੀਰ ਮਾੜੇ ਅਸਰ (ਸਾਈਡ ਇਫੈਕਟਸ) ਹੁੰਦੇ ਹਨ ਤੇ ਉਹ ਫਿਕਰਮੰਦ ਹੈ ਕਿਉਂਕਿ ਉਸ ਨੇ ਵੈਕਸੀਨ ਦੀਆਂ ਦੋ ਖ਼ੁਰਾਕਾਂ ਲਈਆਂ ਸਨ। ਮੈਂ ਉਸ ਨੂੰ ਇਹ ਭਰੋਸਾ ਦਿਵਾਇਆ ਕਿ ਮੈਂ ਖ਼ੁਦ ਤਿੰਨ ਖ਼ੁਰਾਕਾਂ ਲਈਆਂ ਹਨ! ਵਾਕਈ, ਇਸ ਪੱਧਰ 'ਤੇ ਹੁਣ ਚਿੰਤਾ ਕਰਨ ਦਾ ਕੋਈ ਕਾਰਨ ਨਹੀਂ ਹੈ। ਇਸ ਸਥਿਤੀ ਵਿੱਚ ਇਹ ਬਹੁਤ ਮਹੱਤਵਪੂਰਨ ਹੈ ਕਿ ਲੋਕਾਂ ਅੱਗੇ ਵਿਗਿਆਨਕ ਜਾਣਕਾਰੀ ਜਨਤਕ ਕੀਤੀ ਜਾਵੇ ਤਾਂ ਕਿ ਉਨ੍ਹਾਂ ਦੀਆਂ ਚਿੰਤਾਵਾਂ ਦੂਰ ਕੀਤੀਆਂ ਜਾ ਸਕਣ ਤੇ ਨਾਲ ਹੀ ਉਨ੍ਹਾਂ ਨੂੰ ਵੈਕਸੀਨ ਵਿਰੋਧੀ ਪ੍ਰਚਾਰਕਾਂ ਵੱਲੋਂ ਫੈਲਾਈ ਜਾ ਰਹੀ ਗੁਮਰਾਹਕੁਨ ਜਾਣਕਾਰੀ ਤੋਂ ਬਚਾਇਆ ਜਾ ਸਕੇ। ਸਾਨੂੰ ਇਸ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਕੋਵਿਡ ਤੋਂ ਪੀੜਤ ਮਰੀਜ਼ਾਂ ਅੰਦਰ 'ਕਲੌਟ' ਉਨ੍ਹਾਂ ਲੋਕਾਂ ਤੋਂ ਕਿਤੇ ਜਿ ?ਆਦਾ ਬਣਦਾ ਹੈ ਜਿਨ੍ਹਾਂ ਏਜ਼ੀ ਵੈਕਸੀਨ ਲਗਵਾਈ ਹੋਈ ਹੈ। ਮਹਾਮਾਰੀ ਦੇ ਸ਼ੁਰੂਆਤੀ ਦਿਨਾਂ ਵਿੱਚ ਬਰਤਾਨੀਆ, ਇਟਲੀ ਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਦੇ ਸਿਹਤ ਸੰਭਾਲ ਢਾਂਚੇ ਵੀ ਹਸਪਤਾਲਾਂ ਵਿੱਚ ਮਰੀਜ਼ਾਂ ਦੇ ਦਾਖਲੇ ਅਤੇ ਮੌਤਾਂ ਅਚਾਨਕ ਵਧਣ ਕਾਰਨ ਢਹਿ-ਢੇਰੀ ਹੋਣ ਲੱਗ ਪਏ ਸਨ। ਲੌਕਡਾਊਨ ਦੀ ਭਿਆਨਕਤਾ ਨੇ ਸਾਡੇ ਸਾਰਿਆਂ ਦੀਆਂ ਯਾਦਾਂ ਵਿੱਚ ਨਾ ਮਿਟਣ ਵਾਲਾ ਦਾਗ਼ ਛੱਡਿਆ ਹੈ। ਹਾਲਾਤ ਦੀ ਗੰਭੀਰਤਾ ਤੇ ਲੋੜ ਨੇ ਸਰਕਾਰਾਂ, ਕੰਪਨੀਆਂ ਤੇ ਖੋਜ ਸੰਸਥਾਵਾਂ ਨੂੰ ਬੇਮਿਸਾਲ ਤੇਜ਼ੀ ਤੇ ਸਮਰੱਥਾ ਨਾਲ ਵੈਕਸੀਨ ਬਣਾਉਣ ਲਈ ਮਜਬੂਰ ਕਰ ਦਿੱਤਾ। ਜਿਹੜੀ ਵੈਕਸੀਨ ਪਹਿਲਾਂ ਲਗਭਗ 10-15 ਸਾਲਾਂ ਵਿਚ ਬਣਦੀ ਸੀ, ਉਸ ਨੂੰ ਕੁਝ ਮਹੀਨਿਆਂ ਵਿੱਚ ਤਿਆਰ ਕੀਤਾ ਗਿਆ। ਇਹ ਬੇਸ਼ੱਕ ਵਿਗਿਆਨ ਦੀ ਲਾਮਿਸਾਲ ਪ੍ਰਾਪਤੀ ਹੈ। ਫਾਈਜ਼ਰ ਬਾਇਓਐਨਟੈੱਕ ਦੀ ਐੱਮਆਰਐੱਨਏ ਵੈਕਸੀਨ ਨੂੰ ਬਰਤਾਨੀਆ ਵਿੱਚ ਦਸੰਬਰ 2020 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਛੇਤੀ ਹੀ ਕੁਝ ਹੋਰਨਾਂ ਦੇਸ਼ਾਂ ਨੇ ਵੀ ਐੱਮਆਰਐੱਨਏ ਪਲੈਟਫਾਰਮ 'ਤੇ ਐਮਰਜੈਂਸੀ ਵਰਤੋਂ ਵਾਸਤੇ ਹੋਰ ਵੈਕਸੀਨਾਂ ਲਈ ਮਨਜ਼ੂਰੀ ਦੇ ਦਿੱਤੀ ਅਤੇ ਫਿਰ ਅਡੈਨੋਵਾਇਰਸ ਵੈਕਟਰ ਆਧਾਰਿਤ ਵੈਕਸਜ਼ੈਵਰੀਆ (ਔਕਸਫੋਰਡ-ਏਜ਼ੀ) ਵੈਕਸੀਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ। ਪੁਣੇ ਸਥਿਤ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਔਕਸਫੋਰਡ ਏਜ਼ੀ ਦੀ ਵੈਕਸੀਨ ਤਿਆਰ ਕਰ ਕੇ ਇਸ ਨੂੰ ਕੋਵੀਸ਼ੀਲਡ ਦਾ ਨਾਂ ਦਿੱਤਾ ਸੀ। ਇਸ ਨੂੰ ਭਾਰਤ ਵਿਚ ਐਮਰਜੈਂਸੀ ਵਰਤੋਂ ਲਈ ਵੀ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਸੰਸਾਰ ਸਿਹਤ ਸੰਸਥਾ ਦੀ ਐਮਰਜੈਂਸੀ ਵਰਤੋਂ ਦੀ ਸੂਚੀ ਵਿਚ ਇਸ ਦਾ ਜਿ ?ਕਰ ਕੀਤਾ ਗਿਆ ਸੀ। ਲਗਭਗ ਉਸੇ ਸਮੇਂ ਚੀਨ ਅਤੇ ਰੂਸ ਵਿਚ ਘਰੇਗੀ ਵੈਕਸੀਨਾਂ ਤਿਆਰ ਕਰ ਲਈਆਂ ਗਈਆਂ ਸਨ ਅਤੇ ਇਸ ਤੋਂ ਬਾਅਦ ਭਾਰਤ ਨੇ ਵੀ ਆਪਣੀ ਘਰੋਗੀ ਕੋਵੈਕਸਿਨ ਨਾਂ ਦੀ ਵੈਕਸੀਨ ਤਿਆਰ ਕਰ ਲਈ ਜੋ ਭਾਰਤ ਬਾਇਓਟੈਕ ਨੇ ਤਿਆਰ ਕੀਤੀ ਸੀ। ਦੁਨੀਆ ਭਰ ਵਿੱਚ ਕਾਫ਼ੀ ਜਿ ?ਆਦਾ ਸੰਖਿਆ ਵਿੱਚ ਇਨ੍ਹਾਂ ਵੈਕਸੀਨਾਂ ਦੀ ਵਰਤੋਂ ਕੀਤੀ ਗਈ ਸੀ ਅਤੇ ਇਨ੍ਹਾਂ ਨੂੰ ਮੁਬਲਤਨ ਸੁਰੱਖਿਅਤ ਕਰਾਰ ਦਿੱਤਾ ਗਿਆ ਸੀ। ਇਕੱਲੇ ਭਾਰਤ ਵਿੱਚ ਹੀ ਕੋਵੀਸ਼ੀਲਡ ਦੀਆਂ ਕਰੀਬ 170 ਕਰੋੜ ਖ਼ੁਰਾਕਾਂ (90 ਫ਼ੀਸਦ ਵੈਕਸੀਨ ਯੁਕਤ ਲੋਕਾਂ ਨੂੰ) ਦਿੱਤੀਆਂ ਗਈਆਂ ਸਨ। ਕਾਰਗਰ ਐਂਟੀਵਾਇਰਲ ਦਵਾਈਆਂ ਦੀ ਅਣਹੋਂਦ ਵਿੱਚ ਵਾਇਰਸ ਦੇ ਪਸਾਰ ਦੀ ਰੋਕਥਾਮ ਲਈ ਮਹਿਜ਼ ਔਜ਼ਾਰ ਦੇ ਰੂਪ ਵਿਚ ਇਨ੍ਹਾਂ ਵੈਕਸੀਨਾਂ ਦਾ ਇਸਤੇਮਾਲ ਕੀਤਾ ਗਿਆ ਸੀ। ਆਲਮੀ ਪੱਧਰ 'ਤੇ ਇਨ੍ਹਾਂ ਦੀ ਵੱਡੇ ਪੱਧਰ 'ਤੇ ਵਰਤੋਂ ਅਤੇ ਇਨ੍ਹਾਂ ਦੀ ਸੁਰੱਖਿਆ ਅਤੇ ਕਾਰਗਰਤਾ ਦਾ ਪ੍ਰਮਾਣ ਹੈ।

ਐੱਮਆਰਐੱਨਏ ਵੈਕਸੀਨਾਂ (ਫਾਈਜ਼ਰ ਬਾਇਓਐਨਟੈੱਕ ਅਤੇ ਮੋਡਰਨਾ) ਦੀ ਜਿ ?ਆਦਾ ਲਾਗਤ ਅਤੇ ਭੰਡਾਰਨ ਤੇ ਟ੍ਰਾਂਸਪੋਰਟੇਸ਼ਨ ਜਿਹੇ ਤਕਨੀਕੀ ਮੁੱਦਿਆਂ ਕਰ ਕੇ ਦੇਸ਼ ਵਿੱਚ ਵਰਤੋਂ ਨਹੀਂ ਕੀਤੀ ਗਈ ਸੀ। ਸਤੰਬਰ 2023 ਵਿਚ ਯੂਐੱਸਐੱਫਡੀਏ ਨੇ ਫਾਈਜ਼ਰ ਬਾਇਓਐਨਟੈੱਕ ਕੋਵਿਡ ਵੈਕਸੀਨ ਦੀ ਐਮਰਜੈਂਸੀ ਵਰਤੋਂ ਵਿਚ ਸੋਧ ਕਰ ਕੇ ਇਸ ਨੂੰ ਰੈਗੂਲਰ ਪ੍ਰਵਾਨਗੀ ਦੇ ਰੂਪ ਵਿੱਚ 2023-24 ਦੇ ਫਾਰਮੂਲੇ ਵਿੱਚ ਸ਼ਾਮਿਲ ਕਰ ਲਿਆ। ਨਵੇਂ ਫਾਰਮੂਲਿਆਂ ਨਾਲ ਇਨ੍ਹਾਂ ਵੈਕਸੀਨਾਂ ਦੀ ਢੋਆ-ਢੁਆਈ ਅਤੇ ਭੰਡਾਰਨ ਲਈ ਵਿਸ਼ੇਸ਼ ਕਿਸਮ ਦੀ ਰੈਫਰੀਜਰੇਸ਼ਨ ਮੁਤੱਲਕ ਸ਼ੁਰੂਆਤੀ ਸਰੋਕਾਰ ਦਾ ਸਮਾਧਾਨ ਕੀਤਾ ਗਿਆ।

ਇਸ ਤੋਂ ਇਲਾਵਾ ਜਦੋਂ ਵਾਇਰਸ ਦੇ ਨਵੇਂ ਰੂਪ ਵਿਕਸਤ ਹੁੰਦੇ ਹਨ ਤਾਂ ਐੱਮਆਰਐੱਨਏ ਵੈਕਸੀਨਾਂ ਨੂੰ ਅਪਡੇਟ ਕਰਨਾ ਜਿ ?ਆਦਾ ਸਰਲ ਹੁੰਦਾ ਹੈ। ਏਜ਼ੀ ਵੈਕਸੀਨ ਵਾਪਸ ਲੈਣ ਦਾ ਮਾਮਲਾ ਇਸ ਦੀਆਂ ਟੀਟੀਐੱਸ ਗੁੰਝਲਾਂ ਜੋ ਬਹੁਤ ਟਾਵੀਆਂ ਮੰਨੀਆਂ ਜਾਂਦੀਆਂ ਹਨ, ਨਾਲ ਨਹੀਂ ਜੁੜਿ ?ਆ ਹੋਇਆ।

ਬਰਤਾਨੀਆ ਵਿਚ ਹਰਜਾਨੇ ਦੇ ਦਾਅਵੇ ਦਾ ਸਾਹਮਣਾ ਕਰ ਰਹੀ ਇਸ ਕੰਪਨੀ ਨੇ ਜ਼ਾਹਿਰਾ ਤੌਰ 'ਤੇ ਇਹ ਵੈਕਸੀਨ ਵਾਪਸ ਲੈ ਲਈ ਸੀ ਕਿਉਂਕਿ ਕੋਵਿਡ ਮਹਾਮਾਰੀ ਦਾ ਖ਼ਤਰਾ ਘਟ ਗਿਆ ਸੀ ਅਤੇ ਇਸ ਕਰ ਕੇ ਵੀ ਕਿ ਉੱਨਤ ਐੱਮਆਰਐੱਨਏ ਵੈਕਸੀਨਾਂ ਉਪਲਬਧ ਹੋ ਗਈਆਂ ਹਨ। ਕੋਵਿਡ ਵੈਕਸੀਨ ਨੂੰ ਸਿਹਤ ਦੇ ਗੰਭੀਰ ਸੰਕਟ ਨਾਲ ਸਿੱਝਣ ਦਾ ਬਣਦਾ ਸਿਹਰਾ ਦਿੱਤਾ ਜਾਣਾ ਚਾਹੀਦਾ ਹੈ।

# ਕਿਸਾਨਾਂ ਦੇ ਬਰਾਬਰ ਕੋਈ ਕੰਮ ਨਹੀਂ ਕਰ ਸਕਦਾ, ਨਰਿੰਦਰ ਮੋਦੀ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ : ਪੁਸ਼ਕਰ ਧਾਮੀ

**ਜ਼ੀਰਕਪੁਰ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਲੋਕ ਸਭਾ ਹਲਕਾ ਪਟਿਆਲਾ ਤੋਂ ਭਾਜਪਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਅੱਜ ਜ਼ੀਰਕਪੁਰ ਪੁੱਜੇ। ਇਹ ਪ੍ਰੋਗਰਾਮ ਹਲਕਾ ਇੰਚਾਰਜ ਐਸ.ਐਮ.ਐਸ. ਸੰਧੂ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਮੁੱਖ ਮੰਤਰੀ ਧਾਮੀ ਨੇ ਇੱਥੇ ਰਹਿੰਦੇ ਉੱਤਰਾਖੰਡ ਦੇ ਲੋਕਾਂ ਦੇ ਨਾਲ-ਨਾਲ ਸਥਾਨਕ ਲੋਕਾਂ ਨੂੰ ਭਾਜਪਾ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ ਤਾਂ ਹਾਜ਼ਰ ਲੋਕਾਂ ਨੇ ਮਹਾਰਾਣੀ ਪ੍ਰਨੀਤ ਕੌਰ ਨੂੰ ਜਿਤਾਉਣ ਦਾ ਭਰੋਸਾ ਦਿੱਤਾ।

ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 400 ਨੂੰ ਪਾਰ ਦਾ ਸਾਡਾ ਨਾਅਰਾ ਪੂਰਾ ਹੋਣ ਜਾ ਰਿਹਾ ਹੈ ਅਤੇ ਵਿਰੋਧੀ ਧਿਰ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇਗਾ। ਕਿਉਂਕਿ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਇੰਡੀਆ ਗਠਜੋੜ 'ਤੇ ਭਾਰੀ ਪੈਣ ਵਾਲੀਆਂ ਹਨ ਅਤੇ ਦੇਸ਼ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਦਾ ਜਾਲ ਵੱਧ ਗਿਆ ਹੈ। ਮੌਜੂਦਾ ਸਰਕਾਰ ਨੇ ਪੰਜਾਬ ਨੂੰ ਬਹੁਤ ਪਿੱਛੇ ਧੱਕ ਦਿੱਤਾ ਹੈ। ਹੁਣ ਜੇਕਰ ਕੋਈ ਪੰਜਾਬ ਨੂੰ ਬਚਾ ਸਕਦਾ ਹੈ ਤਾਂ ਉਹ ਸਿਰਫ ਭਾਰਤੀ ਜਨਤਾ ਪਾਰਟੀ ਹੈ।

ਧਾਮੀ ਨੇ ਕਿਹਾ ਕਿ ਪੰਜਾਬ ਵਿੱਚ ਮਾਹੌਲ ਭਾਜਪਾ ਦੇ ਹੱਕ 'ਚ ਬਣਿਆ ਹੋਇਆ ਹੈ। ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਮੈਂ ਪੂਰਬ, ਪੱਛਮ, ਉੱਤਰੀ, ਦੱਖਣੀ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ, ਅਟਕ ਤੋਂ ਲੈ ਕੇ ਕਟਕ ਤੱਕ ਪ੍ਰਚਾਰ ਕੀਤਾ। ਪੂਰਾ ਦੇਸ਼ ਮੋਦੀ ਨੂੰ ਮੁੜ ਪ੍ਰਧਾਨ ਮੰਤਰੀ ਬਣਾਉਣਾ ਚਾਹੁੰਦਾ ਹੈ। ਇਸ ਵਾਰ ਲੋਕ ਵੋਟ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਪਾ ਰਹੇ ਹਨ। ਉਨ੍ਹਾਂ ਕਿਸਾਨਾਂ ਬਾਰੇ ਕਿਹਾ ਕਿ ਯਕੀਨਨ ਜਿਹੜਾ ਕਿਸਾਨ ਹੋਵੇਗਾ ਉਸਦੀ ਆਤਮਾ ਕਹਿੰਦੀ ਹੈ ਕਿ ਜੋ ਮੋਦੀ ਜੀ ਨੇ ਕਿਸਾਨਾਂ ਬਾਰੇ ਸੋਚਿਆ ਉਹ ਕਿਸੇ ਨੇ ਨਹੀਂ ਸੋਚਿਆ। ਵਿਰੋਧ ਆਪਣੀ ਥਾਂ ਹੈ, ਪਰ ਮੋਦੀ ਜੀ ਨੇ ਕਿਸਾਨਾਂ ਦੀ ਭਲਾਈ ਲਈ ਜੋ ਵੀ ਕੀਤਾ ਹੈ, ਚਾਹੇ ਉਹ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਬਾਰੇ ਹੋਵੇ, ਕਿਸਾਨਾਂ ਦੀ ਖੁਸ਼ਹਾਲੀ ਬਾਰੇ ਹੋਵੇ ਜਾਂ ਕਿਸਾਨ ਸਨਮਾਨ ਨਿਧੀ ਬਾਰੇ ਹੋਵੇ, ਬਾਗਬਾਨੀ ਦੇ ਖੇਤਰ ਵਿੱਚ ਕੰਮ ਕਰਨ ਬਾਰੇ ਹੋਵੇ, ਕਿਸਾਨਾਂ ਦੀ ਆਮਦਨ ਬਾਰੇ ਹੋਵੇ ਇਸ ਨੂੰ ਦੁੱਗਣਾ ਕਰਨਾ, ਕਿਸਾਨ ਕ੍ਰੈਡਿਟ ਕਾਰਡ ਲਿਆਉਣਾ ਜਾਂ ਸੋਇਲ ਹੈਲਥ ਕਾਰਡ ਲਿਆਉਣਾ, ਇਹ ਸਾਰੇ ਕੰਮ ਨਰਿੰਦਰ ਮੋਦੀ ਦੇ ਸਮੇਂ ਦੌਰਾਨ ਹੋ ਰਹੇ ਹਨ। ਮੋਦੀ ਗਰੀਬ ਪਰਿਵਾਰ ਤੋਂ ਆਏ ਹਨ, ਉਹ ਕਿਸਾਨਾਂ ਦੇ ਦਰਦ ਨੂੰ ਸਮਝਦੇ ਹਨ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ। ਉਸ ਦੇ ਬਰਾਬਰ ਦਾ ਕੰਮ ਕੋਈ ਨਹੀਂ ਕਰ ਸਕਦਾ, ਇਸ ਲਈ ਕਿਸਾਨ ਉਸ ਦੇ ਨਾਲ ਹਨ। 'ਤੁਹਾਡੇ' ਲਈ ਕਿਹਾ ਕੇਜਰੀਵਾਲ 2 ਨੂੰ ਫਿਰ ਜੇਲ੍ਹ ਜਾਣਗੇ।

ਉਸ 'ਤੇ ਘਪਲੇ ਦੇ ਦੋਸ਼ ਅਦਾਲਤ 'ਚ ਕਿਸੇ ਨਾ ਕਿਸੇ ਤਰ੍ਹਾਂ ਸਾਬਤ ਹੋਣਗੇ। ਜਿਸ ਕਾਰਨ ਆਪਸ ਵਿੱਚ ਭਗਦੜ ਮੱਚ ਗਈ ਹੈ। ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਆਪਸ ਵਿੱਚ ਤਕਰਾਰ ਸ਼ੁਰੂ ਹੋ ਗਈ ਹੈ। ਇਸ ਮੌਕੇ ਗੁਰਬੀਰ ਸਿੰਘ ਬਰਾੜ mla ਰਾਜਸਥਾਨ ਸੰਜੀਵ ਖੰਨਾ, ਅਮਿਤ ਭਾਰਗਵ, ਨਵੀਨ ਸਾਂਗਵਾਨ, ਮਨਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਅਤੇ ਵਰਕਰ ਹਾਜ਼ਰ ਸਨ।

# ਮੁੱਖ ਚੋਣ ਅਫ਼ਸਰ ਪੰਜਾਬ ਵੱਲੋਂ ਵੋਟਰਾਂ ਨੂੰ 'ਇਸ ਵਾਰ 70 ਪਾਰ' ਦੀ ਪ੍ਰਾਪਤੀ ਲਈ 1 ਜੂਨ ਨੂੰ ਹੁਮ-ਹੁਮਾ ਕੇ ਚੋਣ ਬੂਥਾਂ 'ਤੇ ਜਾਣ ਦੀ ਅਪੀਲ

**➢ ਚੋਣਾਂ ਵਿੱਚ ਸਰਗਰਮ ਭਾਗੀਦਾਰੀ ਨੂੰ ਹੁਲਾਰਾ ਦੇਣ ਲਈ ਬੋਗਨਵਿਲੀਆ ਗਾਰਡਨ, ਮੋਹਾਲੀ ਤੋਂ ਵਾਕਾਥਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ➢ ਬੂਥਾਂ 'ਤੇ ਲੂ ਪ੍ਰਬੰਧਨ ਲਈ ਢੁਕਵੇਂ ਉਪਾਅ**

**ਮੁਹਾਲੀ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.), ਸਿਬਿਨ ਸੀ, ਨੇ ਵੋਟਰਾਂ ਨੂੰ ਸੂਬੇ ਚ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਪ੍ਰਾਪਤ ਕਰਨ ਲਈ 1 ਜੂਨ ਨੂੰ ਪੂਰੇ ਜੋਸ਼ ਨਾਲ ਪੋਲਿੰਗ ਬੂਥਾਂ 'ਤੇ ਜਾਣ ਲਈ ਅਪੀਲ ਕੀਤੀ ਹੈ।

ਐਤਵਾਰ ਸਵੇਰੇ ਸਥਾਨਕ ਕਮਿਊਨਿਟੀ ਕਲੱਬਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਆਯੋਜਿਤ ਇੱਕ ਵਾਕਾਥਨ ਨੂੰ ਬੋਗਨਵਿਲੀਆ ਗਾਰਡਨ, ਫੇਜ਼ 4, ਮੋਹਾਲੀ ਤੋਂ ਹਰੀ ਝੰਡੀ ਦਿਖਾਉਂਦੇ ਹੋਏ, ਸੀ.ਈ.ਓ. ਸਿਬਿਨ ਸੀ ਨੇ ਕਿਹਾ ਕਿ ਵਾਕਾਥਨ ਦਾ ਉਦੇਸ਼ ਚੋਣਾਂ ਵਿੱਚ ਸਰਗਰਮ ਭਾਗੀਦਾਰੀ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਪ੍ਰੋਗਰਾਮ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਦੇ ਭਾਗੀਦਾਰ ਸ਼ਾਮਲ ਹੋਏ, ਜਿਨ੍ਹਾਂ ਨੇ ਇਸ ਨੂੰ ਸਿਸਟਮੈਟਿਕ ਵੋਟਰ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਗਤੀਵਿਧੀ ਦੇ ਹਿੱਸੇ ਵਜੋਂ ਲੋਕਾਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਵੋਟ ਪਾਉਣ ਲਈ ਪ੍ਰੇਰਿਆ।

ਵਾਕਾਥਨ ਵਿੱਚ ਵੋਟਿੰਗ ਅਤੇ ਗ੍ਰੀਨ ਚੋਣਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ, ਜਿਸ ਵਿੱਚ ਭਾਗ ਲੈਣ ਵਾਲਿਆਂ ਨੇ ਹਰੇ ਰੰਗ ਦੀਆਂ ਟੀ-ਸ਼ਰਟਾਂ ਅਤੇ ਟੋਪੀਆਂ ਪਹਿਨੀਆਂ ਹੋਈਆਂ ਸਨ, ਜਿਨ੍ਹਾਂ ਤੇ 'ਸਾਡਾ ਮਿਸ਼ਨ-ਗ੍ਰੀਨ ਚੋਣ' ਨਾਅਰਾ ਲਿਖਿਆ ਸੀ। ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਵੱਲੋਂ ਗ੍ਰੀਨ ਚੋਣਾਂ ਦੇ ਸੰਦੇਸ਼ ਨੂੰ ਪ੍ਰਫੁੱਲਤ ਕਰਨ ਲਈ ਭਾਗ ਲੈਣ ਵਾਲਿਆਂ ਨੂੰ ਬੂਟੇ ਵੀ ਵੰਡੇ ਗਏ। ਸੀ.ਈ.ਓ. ਸਿਬਿਨ ਸੀ ਨੇ ਗ੍ਰੀਨ ਚੋਣ ਸੁਨੇਹੇ ਨੂੰ ਦਰਸਾਉਣ ਲਈ ਬੋਗਨਵਿਲੀਆ ਗਾਰਡਨ ਵਿੱਚ ਇੱਕ ਬੂਟਾ ਵੀ ਲਗਾਇਆ। ਇਸ ਮੌਕੇ ਉਨ੍ਹਾਂ ਨੇ ਹਰੇ ਰੰਗ ਦੀਆਂ ਟੀ-ਸ਼ਰਟਾਂ ਅਤੇ ਕੈਪਸ ਵੀ ਲਾਂਚ ਕੀਤੀਆਂ।

ਸੀ.ਈ.ਓ. ਨੇ ਕਿਹਾ ਕਿ ਮੁਹਾਲੀ ਅਤੇ ਬਾਕੀ ਸਾਰੇ ਜ਼ਿਲ੍ਹੇ ਵੋਟਾਂ ਲਈ ਤਿਆਰ ਹਨ ਅਤੇ ਮਤਦਾਨ ਵਿੱਚ ਇੱਕ ਹਫ਼ਤੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਮਤਦਾਨ ਵਧਾਉਣ ਅਤੇ ਵਧੇਰੇ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ, ਵੋਟਿੰਗ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵੱਖ-ਵੱਖ ਸਾਧਨਾਂ ਰਾਹੀਂ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਸਵੀਪ ਗਤੀਵਿਧੀਆਂ ਜਾਰੀ ਹਨ।

ਬਿਰਧ ਵੋਟਰਾਂ ਅਤੇ ਦਿਵਿਆਂਗ ਮਤਦਾਤਾਵਾਂ ਲਈ, ਹੋਮ ਵੋਟ (85 ਸਾਲ ਤੋਂ ਵਧੇਰੇ ਅਤੇ ਦਿਵਿਆਂਗਜਨ ਲਈ) ਨਾਮਕ ਇੱਕ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਉਨ੍ਹਾਂ ਨੂੰ ਘਰ ਤੋਂ ਹੀ ਵੋਟ ਪਾਉਣ ਦਾ ਮੌਕਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਮੋਬਾਈਲ ਐਪ ਸਕਸ਼ਮ ਬਜ਼ੁਰਗਾਂ ਅਤੇ ਪੀ ਡਬਲਯੂ ਡੀ (ਦਿਵਿਆਂਗ) ਵੋਟਰਾਂ ਲਈ ਟਰਾਂਸਪੋਰਟ ਸਹੂਲਤਾਂ ਪ੍ਰਾਪਤ ਕਰਨ ਦੇ ਨਾਲ-ਨਾਲ ਚੋਣ ਬੂਥਾਂ 'ਤੇ ਵਾਲੰਟੀਅਰਾਂ ਦੀ ਮਦਦ ਅਤੇ ਵ੍ਹੀਲਚੇਅਰ ਹਾਸਲ ਕਰਨ ਚ ਮਦਦਗਾਰ ਹੈ।

ਉਨ੍ਹਾਂ ਕਿਹਾ ਕਿ ਰਾਜ ਦੇ ਵੋਟਰਾਂ ਦਾ ਲਗਭਗ 49 ਪ੍ਰਤੀਸ਼ਤ ਔਰਤਾਂ ਹਨ, ਇਸ ਲਈ ਬੱਚਿਆਂ ਲਈ ਕ੍ਰੈਚ, ਵੇਟਿੰਗ ਏਰੀਆ, ਗਰਮੀ ਦੀ ਸਥਿਤੀ ਨਾਲ ਨਜਿੱਠਣ ਲਈ ਏਸੀ/ਕੂਲਰ/ਪੱਖੇ, ਪਖਾਨੇ ਅਤੇ ਹੋਰ ਯਕੀਨੀ ਘੱਟੋ-ਘੱਟ ਸਹੂਲਤਾਂ ਦਾ ਪ੍ਰਬੰਧ ਕਰਕੇ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਰੈਪੀਡੋ ਨੇ ਵੋਟਰਾਂ ਨੂੰ ਬੂਥਾਂ ਤੱਕ ਪਹੁੰਚਾਉਣ ਲਈ ਆਪਣੀਆਂ ਮੁਫਤ ਸੇਵਾਵਾਂ ਦੀ ਪੇਸ਼ਕਸ਼ ਕੀਤੀ ਹੈ।

ਉਨ੍ਹਾਂ ਨੇ ਵੋਟਰਾਂ ਨੂੰ ਉਤਸ਼ਾਹਿਤ ਕਰਨ ਲਈ ਸਵੀਪ ਤਹਿਤ ਕੀਤੀਆਂ ਜਾ ਰਹੀਆਂ ਜਾਗਰੂਕਤਾ ਗਤੀਵਿਧੀਆਂ ਵਿੱਚ ਮੀਡੀਆ ਦੇ ਸਹਿਯੋਗ ਦਾ ਵਿਸ਼ੇਸ਼ ਧੰਨਵਾਦ ਕੀਤਾ।

ਪੰਜਾਬੀ ਫਿਲਮ ਅਦਾਕਾਰ ਰਾਜ ਧਾਲੀਵਾਲ ਅਤੇ ਅਦਾਕਾਰ ਦਰਸ਼ਨ ਔਲਖ ਵੀ ਚੋਣ ਕਮਿਸ਼ਨ ਦੀਆਂ ਕੋਸ਼ਿਸ਼ਾਂ ਦੇ ਪ੍ਰਚਾਰ-ਪ੍ਰਸਾਰ ਲਈ ਮੌਜੂਦ ਸਨ।

ਏ.ਡੀ.ਸੀ.(ਜੀ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵਿਰਾਜ ਐਸ. ਟਿੱਡਕੇ, ਨੇ ਇਸ ਮੌਕੇ ਸੀ.ਈ.ਓ. ਪੰਜਾਬ ਦਾ ਸਵਾਗਤ ਕੀਤਾ ਅਤੇ 1 ਜੂਨ ਨੂੰ ਵੱਧ ਤੋਂ ਵੱਧ ਮਤਦਾਨ ਯਕੀਨੀ ਬਣਾਉਣ ਲਈ ਜ਼ਿਲ੍ਹੇ ਵੱਲੋਂ ਕੀਤੀਆਂ ਚੋਣ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ, ਪ੍ਰੋ: ਗੁਰਬਖ਼ਸ਼ੀਸ਼ ਸਿੰਘ ਅੰਟਾਲ, ਚੋਣ ਤਹਿਸੀਲਦਾਰ ਸੰਜੇ ਕੁਮਾਰ, ਸੀ.ਈ.ਓ ਦਫ਼ਤਰ ਤੋਂ ਮਨਪ੍ਰੀਤ ਅਨੇਜਾ, ਚਿੱਤਰਕਾਰ ਗੁਰਪ੍ਰੀਤ ਸਿੰਘ ਨਾਮਧਾਰੀ, ਚੋਣ ਕਾਨੂੰਗੋ ਸੁਰਿੰਦਰ ਬੱਤਰਾ ਵੀ ਹਾਜ਼ਰ ਸਨ ।

# ਮੋਦੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਰਿਆਦਾ ਨੂੰ ਘਟਾਇਆ : ਪ੍ਰਿਯੰਕਾ

**➢ ਲੋਕਾਂ ਨੂੰ ਅਪੀਲ: ਬਦਲਾਅ ਲਿਆਓ, ਝੂਠ ਬੋਲਣ ਵਾਲਿਆਂ ਤੋਂ ਛੁਟਕਾਰਾ ਪਾਓ**
**➢ ਕਾਂਗਰਸ ਦਾ ਫਲਸਫਾ ਸ਼੍ਰੀਮਦ ਭਗਵਦ ਗੀਤਾ ਦੀਆਂ ਸਿੱਖਿਆਵਾਂ 'ਤੇ ਆਧਾਰਿਤ**

**ਚੰਡੀਗੜ੍ਹ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੂਠੇ ਲੋਕਾਂ ਤੋਂ ਛੁਟਕਾਰਾ ਪਾਉਣ ਅਤੇ ਕਾਂਗਰਸ/ਭਾਰਤ ਸਰਕਾਰ ਨੂੰ ਚੁਣ ਕੇ ਦੇਸ਼ ਅਤੇ ਆਪਣੇ ਜੀਵਨ ਵਿੱਚ ਬਦਲਾਅ ਲਿਆਉਣ।

ਇੰਡੀਆ ਅਲਾਇੰਸ ਦੇ ਉਮੀਦਵਾਰ ਮਨੀਸ਼ ਤਿਵਾੜੀ ਦੇ ਸਮਰਥਨ ਵਿੱਚ ਇੱਥੇ ਲਗਭਗ 25,000 ਲੋਕਾਂ ਦੀ ਇੱਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ, ਸ੍ਰੀਮਤੀ ਗਾਂਧੀ ਨੇ ਭਾਜਪਾ ਵੱਲੋਂ ਕਾਂਗਰਸ ਦੇ ਹਿੰਦੂ ਵਿਰੋਧੀ ਹੋਣ ਦੇ ਦੋਸ਼ਾਂ 'ਤੇ ਪਲਟਵਾਰ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਫਲਸਫਾ ਸ਼੍ਰੀਮਦ ਭਾਗਵਤ ਗੀਤਾ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹੈ, ਜੋ ਸੱਚ, ਪਿਆਰ, ਸਦਭਾਵਨਾ ਅਤੇ ਅਹਿੰਸਾ ਦਾ ਉਪਦੇਸ਼ ਦਿੰਦੀ ਹੈ।

ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਭਾਰਤੀ ਦੇ ਬੈਂਕ ਖਾਤੇ ਵਿੱਚ 15 ਲੱਖ ਰੁਪਏ ਜਮ੍ਹਾਂ ਕਰਵਾਉਣ, ਹਰ ਸਾਲ 2 ਕਰੋੜ ਨੌਕਰੀਆਂ ਦੇਣ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਰਗੇ ਝੂਠੇ ਵਾਅਦੇ ਕਰਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੇ ਦਾਅਵਿਆਂ ਦਾ ਹਵਾਲਾ ਦਿੰਦੇ ਹੋਏ ਕਿ ਉਨ੍ਹਾਂ ਨੇ ਕਦੇ ਵੀ ਹਿੰਦੂ-ਮੁਸਲਿਮ ਦੀ ਗੱਲ ਨਹੀਂ ਕੀਤੀ ਅਤੇ ਜੇਕਰ ਉਹ ਇਸ ਤਰ੍ਹਾਂ ਦੀ ਗੱਲ ਕਰਦੇ ਤਾਂ ਉਹ ਪ੍ਰਧਾਨ ਮੰਤਰੀ ਬਣਨ ਦੇ ਯੋਗ ਨਹੀਂ ਸਨ, ਉਪਰ ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੇ ਆਖਰਕਾਰ ਇਸ ਮੁੱਦੇ ਨੂੰ ਸਵੀਕਾਰ ਕਰ ਲਿਆ ਹੈ ਕਿ ਉਹ ਪ੍ਰਧਾਨ ਮੰਤਰੀ ਬਣਨ ਦੇ ਯੋਗ ਨਹੀਂ ਹਨ, ਕਿਉਂਕਿ ਇੰਨੇ ਸਾਲਾਂ ਵਿੱਚ ਅਤੇ ਹਰ ਚੋਣ ਵਿੱਚ ਉਹ ਹਿੰਦੂ-ਮੁਸਲਿਮ ਦੀਆਂ ਗੱਲਾਂ ਹੀ ਕਰਦੇ ਰਹੇ ਹਨ। ਜਿਨ੍ਹਾਂ ਨੇ ਦੇਸ਼ ਅਤੇ ਇਸ ਦੇ ਲੋਕਾਂ ਨੂੰ ਦਰਪੇਸ਼ ਮੁੱਦਿਆਂ ਬਾਰੇ ਕਦੇ ਗੱਲ ਨਹੀਂ ਕੀਤੀ।

ਮੋਦੀ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਰਿਆਦਾ ਨੂੰ ਘੱਟ ਕਰਨ ਦਾ ਦੋਸ਼ ਲਗਾਉਂਦੇ ਹੋਏ, ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰਧਾਨ ਮੰਤਰੀ ਨੇ ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਜਿਸ ਤਰ੍ਹਾਂ ਦੀ ਗੱਲ ਮੋਦੀ ਕਰ ਰਹੇ ਹਨ, ਉਸ ਤਰ੍ਹਾਂ ਦੀ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵਿੱਚ ਹੋਣ ਦੇ ਬਾਵਜੂਦ ਉਨ੍ਹਾਂ ਵਰਗੇ ਆਗੂ ਮੋਦੀ ਦੀਆਂ ਗੱਲਾਂ ਤੋਂ ਸ਼ਰਮ ਮਹਿਸੂਸ ਕਰਦੇ ਹਨ। ਉਨ੍ਹਾਂ ਨੇ ਲਗਭਗ 25 ਹਜ਼ਾਰ ਲੋਕਾਂ ਦੀ ਭਾਰੀ ਭੀੜ ਨੂੰ ਕਿਹਾ ਕਿ ਆਖ਼ਰਕਾਰ ਉਹ ਸਾਰਿਆਂ ਦੇ ਪ੍ਰਧਾਨ ਮੰਤਰੀ ਹਨ।

ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਮੋਦੀ ਨੇ ਦੇਸ਼ ਨੂੰ ਦਰਪੇਸ਼ ਗੰਭੀਰ ਮੁੱਦਿਆਂ ਜਿਵੇਂ ਕਿ ਬੇਰੁਜ਼ਗਾਰੀ, ਮਹਿੰਗਾਈ ਅਤੇ ਕਿਸਾਨਾਂ ਦੀ ਦੁਰਦਸ਼ਾ ਬਾਰੇ ਗੱਲ ਕਰਨ ਤੋਂ ਹਮੇਸ਼ਾ ਗੁਰੇਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ 70 ਕਰੋੜ ਬੇਰੁਜ਼ਗਾਰਾਂ ਦੇ ਨਾਲ ਬੇਰੁਜ਼ਗਾਰੀ 45 ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਆਪਣੇ ਸਿਖਰ 'ਤੇ ਪਹੁੰਚ ਚੁੱਕੀ ਹੈ, ਜਿਸ ਕਾਰਨ ਜਿਉਣਾ ਮੁਸ਼ਕਲ ਹੋ ਗਿਆ ਹੈ ਅਤੇ ਖੇਤੀ ਹੁਣ ਲਾਹੇਵੰਦ ਨਹੀਂ ਰਹੀ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜੀਵਨ ਅਤੇ ਦੇਸ਼ ਵਿੱਚ ਬਦਲਾਅ ਲਿਆਉਣ ਅਤੇ ਇੱਕ ਅਜਿਹੀ ਕਾਂਗਰਸ/ਇੰਡੀਆ ਦੀ ਸਰਕਾਰ ਚੁਣਨ ਜੋ ਉਹਨਾਂ ਦੇ ਸਭ ਤੋਂ ਵੱਧ ਚਿੰਤਾ ਵਾਲੇ ਮੁੱਦਿਆਂ ਨੂੰ ਹੱਲ ਕਰੇਗੀ।

ਇਸ ਦੌਰਾਨ ਸ੍ਰੀਮਤੀ ਗਾਂਧੀ ਨੇ ਕਾਂਗਰਸ ਪਾਰਟੀ ਦੀਆਂ ਵੱਖ-ਵੱਖ ਗਾਰੰਟੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਹਰ ਗਰੀਬ ਪਰਿਵਾਰ ਨੂੰ ਹਰ ਮਹੀਨੇ 8500 ਰੁਪਏ ਦਿੱਤੇ ਜਾਣਗੇ। ਉਨ੍ਹਾਂ ਐਲਾਨ ਕੀਤਾ ਕਿ ਹਰ ਨਵੇਂ ਗ੍ਰੈਜੂਏਟ ਨੂੰ ਉਸ ਮਿਆਦ ਲਈ 1 ਲੱਖ ਰੁਪਏ ਦੀ ਨਿਸ਼ਚਿਤ ਆਮਦਨ ਦੇ ਨਾਲ ਇੱਕ ਸਾਲ ਦੀ ਅਪ੍ਰੈਂਟਿਸਸ਼ਿਪ ਮਿਲੇਗੀ। ਇਸ ਤੋਂ ਇਲਾਵਾ, ਕਾਂਗਰਸ ਸਰਕਾਰ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਤਿੰਨ ਲੱਖ ਖਾਲੀ ਅਸਾਮੀਆਂ ਨੂੰ ਭਰੇਗੀ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰੇਗੀ ਅਤੇ ਸਥਾਈ ਕਰਜ਼ਾ ਰਾਹਤ ਕਮਿਸ਼ਨ ਦਾ ਗਠਨ ਕਰੇਗੀ, ਜੋ ਸਮੇਂ-ਸਮੇਂ 'ਤੇ ਉਨ੍ਹਾਂ ਦੇ ਕੇਸਾਂ ਦੀ ਜਾਂਚ ਕਰੇਗਾ। ਇਸ ਤੋਂ ਇਲਾਵਾ ਵੱਖ-ਵੱਖ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਲਈ ਕਾਨੂੰਨੀ ਗਾਰੰਟੀ ਹੋਵੇਗੀ।

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਜਦੋਂ ਕਿਸਾਨ 50,000, ਇੱਕ ਜਾਂ ਦੋ ਲੱਖ ਰੁਪਏ ਦੇ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਰਹੇ ਸਨ, ਮੋਦੀ ਨੇ 22 ਅਰਬਪਤੀਆਂ ਦੇ 16 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕਰ ਦਿੱਤੇ।

ਉਨ੍ਹਾਂ ਅਗਨੀਪਥ ਯੋਜਨਾ ਦਾ ਵੀ ਜ਼ਿਕਰ ਕੀਤਾ, ਜਿਸ ਨੇ ਦੇਸ਼ ਦੇ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਨਿਰਾਸ਼ ਅਤੇ ਕੁਚਲ ਦਿੱਤਾ ਹੈ, ਜੋ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਸਨ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਕਾਂਗਰਸ ਨੂੰ ਵੋਟ ਪਾਉਣ ਦੀ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਹੀ ਉਨ੍ਹਾਂ ਦੀ ਭਲਾਈ ਬਾਰੇ ਸੋਚਦੀ ਹੈ।

ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ, ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ.ਐਸ.ਲੱਕੀ, ਮਨੀਸ਼ ਤਿਵਾੜੀ, ਵਿਵੇਕ ਬਾਂਸਲ ਆਦਿ ਹਾਜ਼ਰ ਸਨ।

# ਦੇਸ਼ ਅੱਗੇ ਵੱਧ ਰਿਹਾ ਹੈ ਤੇ ਪੰਜਾਬ ਪੀਛੇ ਜਾ ਰਿਹਾ ਹੈ: ਸੁਭਾਸ਼ ਸ਼ਰਮਾ

**➢ ਪੰਜਾਬੀਆਂ ਨੇ 'ਆਪ', ਕਾਂਗਰਸ ਤੇ ਅਕਾਲੀਆਂ ਨੂੰ ਅਜ਼ਮਾਇਆ, ਹੁਣ ਭਾਜਪਾ ਨੂੰ ਮੌਕਾ ਦੇਣ : ਡਾ: ਸੁਭਾਸ਼ ਸ਼ਰਮਾ ➢ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਭਾਜਪਾ ਨੂੰ ਉਮੀਦ ਨਾਲੋਂ ਵੱਧ ਪਿਆਰ ਮਿਲ ਰਿਹਾ ਹੈ: ਡਾ: ਸੁਭਾਸ਼ ਸ਼ਰਮਾ**

**ਰੋਪੜ/ਖਰੜ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਆਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਅੱਜ ਰੋਪੜ ਅਤੇ ਖਰੜ ਦੇ ਵੱਖ-ਵੱਖ ਖੇਤਰਾਂ ਵਿੱਚ ਆਪਣੇ ਚੋਣ ਪ੍ਰਚਾਰ ਦੌਰਾਨ ਕਿਹਾ ਕਿ ਪੰਜਾਬ ਦੀ ਗੁਆਚੀ ਹੋਈ ਇੱਜ਼ਤ ਨੂੰ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਬਹਾਲ ਕਰ ਸਕਦੇ ਹਨ। ਕਈ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਜੋਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਮੋਦੀ ਨੇ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ ।ਉਨ੍ਹਾਂ ਨੇ ਲੋਕਾਂ ਦੀ ਤਾੜੀਆਂ ਦੀ ਗੜਗੜਾਹਟ ਵਿਚ ਕਿਹਾ, ÷ਇਸ ਚੋਣ ਵਿੱਚ ਪੰਜਾਬੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਭਾਜਪਾ ਨੂੰ ਵੋਟ ਦੇ ਕੇ ਸਰਕਾਰ ਬਣਾਉਣ ਵਿੱਚ ਯੋਗਦਾਨ ਪਾਈਏ ਅਤੇ ਇਹ ਯਕੀਨੀ ਬਣਾਉਣ ਕਿ ਮੋਦੀ ਦੇ ਤੀਜੇ ਕਾਰਜਕਾਲ ਵਿੱਚ ਪੰਜਾਬ ਵਿਚ ਵੀ ਬੇਮਿਸਾਲ ਵਿਕਾਸ ਹੋਵੇ । ਡਾ: ਸੁਭਾਸ਼ ਨੇ ਕਿਹਾ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਦੇਸ਼ ਅੱਗੇ ਵੱਧ ਰਿਹਾ ਹੈ ਜਦਕਿ ਪੰਜਾਬ ਪੀਛੇ ਜਾ ਰਿਹਾ ਹੈ। ਉਨ੍ਹਾਂ ਕਿਹਾ, 'ਇਕ ਪਾਸੇ ਯੋਗੀ ਆਦਿਤਿਆਨਾਥ ਨੇ ਉੱਤਰ ਪ੍ਰਦੇਸ਼ ਨੂੰ ਅਪਰਾਧ ਅਤੇ ਗੈਂਗਸਟਰ ਮੁਕਤ ਸੂਬਾ ਬਣਾ ਦਿੱਤਾ ਹੈ, ਦੂਜੇ ਪਾਸੇ ਪੰਜਾਬ 'ਚ 'ਜੰਗਲ ਰਾਜ' ਜਾਰੀ ਹੈ ਅਤੇ ਗੈਂਗਸਟਰਾਂ ਨੂੰ ਖੁੱਲ੍ਹਾ ਹੱਥ ਮਿਲਿਆ ਹੋਇਆ ਹੈ। ਡਾ: ਸ਼ਰਮਾ ਨੇ ਕਿਹਾ ਕਿ ਜਿੱਥੇ ਪੰਜਾਬ ਵਿੱਚ ਬੇਰੁਜ਼ਗਾਰੀ ਵੱਧ ਰਹੀ ਹੈ, ਉੱਥੇ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੀ ਹਾਲਤ ਚਿੰਤਾਜਨਕ ਪੱਧਰ 'ਤੇ ਪਹੁੰਚ ਚੁੱਕੀ ਹੈ ਅਤੇ ਇਸ ਨਾਲ ਸਖ਼ਤੀ ਨਾਲ ਨਜਿੱਠਣ ਦੀ ਲੋੜ ਹੈ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਲਈ ਨਵੀਂ ਸਫ਼ਲਤਾ ਦੀ ਕਹਾਣੀ ਲਿਖਣ ਲਈ ਮੋਦੀ ਦੇ ਹੱਥ ਮਜ਼ਬੂਤ ਕਰਨ।

ਪੰਜਾਬ ਦੇ ਉਦਯੋਗਾਂ ਦੇ ਦੂਜੇ ਰਾਜਾਂ ਵਿੱਚ ਹੋ ਰਹੇ ਪ੍ਰਵਾਸ ਵੱਲ ਇਸ਼ਾਰਾ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਯੂ.ਪੀ., ਗੁਜਰਾਤ ਅਤੇ ਹੋਰ ਕਈ ਰਾਜਾਂ ਤੋਂ ਇਲਾਵਾ ਸਾਡਾ ਗੁਆਂਢੀ ਰਾਜ ਹਰਿਆਣਾ ਵੀ ਤਰੱਕੀ ਦੇ ਮਾਮਲੇ ਵਿੱਚ ਕਾਫੀ ਅੱਗੇ ਹੈ, ਜਦਕਿ ਅੱਜ ਪੰਜਾਬ ਦੀ ਸਥਿਤੀ ਇਹ ਹੈ ਕਿ ਸੂਬੇ ਸਿਰ 3.5 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਹ ਕਰਜ਼ੇ ਦੇ ਬੋਝ ਨੂੰ ਉਦੋਂ ਹੀ ਘੱਟ ਕੀਤਾ ਜਾ ਸਕਦਾ ਹੈ ਜਦੋਂ ਇੱਥੋਂ ਦੇ ਲੋਕ ਮੋਦੀ ਦੇ ਵਿਕਸਤ ਭਾਰਤ ਦੇ ਵਿਚਾਰ ਦਾ ਸਮਰਥਨ ਕਰਨ।

ਡਾ: ਸ਼ਰਮਾ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਪਿੰਡਾਂ ਵਿੱਚ ਭਾਜਪਾ ਨੂੰ ਭਰਵਾਂ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਸਾਰੀਆਂ ਪਾਰਟੀਆਂ- ਆਪ, ਕਾਂਗਰਸ ਅਤੇ ਅਕਾਲੀਆਂ ਨੂੰ ਅਜ਼ਮਾਇਆ ਹੈ, ਪਰ ਨਤੀਜਾ ਇਹ ਨਿਕਲਿਆ ਕਿ ਇਹ ਸੂਬੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਰਹੀਆਂ ਅਤੇ ਇਨ੍ਹਾਂ ਦੇ ਆਗੂਆਂ ਨੇ ਸਿਰਫ਼ ਆਪਣੇ ਹੀ ਭਲੇ ਲਈ ਕੰਮ ਕੀਤਾ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਅਸੀਂ ਕਾਂਗਰਸ ਅਤੇ ਅਕਾਲੀ ਦਲ ਦੇ ਬਦਲ ਵਜੋਂ 'ਆਪ' ਨੂੰ ਵੋਟਾਂ ਪਾਈਆਂ ਸਨ, ਪਰ ਉਨ੍ਹਾਂ ਨੇ ਵੀ ਸੂਬੇ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਹੁਣ ਅਸੀਂ ਮੋਦੀ ਦੇ ਨਾਲ ਖੜ੍ਹੇ ਹੋ ਕੇ ਭਾਜਪਾ ਨੂੰ ਵੋਟ ਪਾਉਣ ਦਾ ਫੈਸਲਾ ਕੀਤਾ ਹੈ। ਡਾ: ਸ਼ਰਮਾ ਨੇ ਪੂਰੇ ਵਿਸ਼ਵਾਸ਼ ਨਾਲ ਕਿਹਾ ਕਿ ਇਸ ਵਾਰ ਦੇਸ਼ ਅਤੇ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਪੇਂਡੂ ਲੋਕ ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਸਾਥ ਦੇਣ ਲਈ ਵਚਨਬੱਧ ਹਨ।

ਆਪਣੀਆਂ ਚੋਣ ਰੈਲੀਆਂ ਦੌਰਾਨ ਡਾ: ਸ਼ਰਮਾ ਨੇ ਗਰੀਬਾਂ ਦੇ ਲਾਭ ਅਤੇ ਵਿਕਾਸ ਲਈ ਮੋਦੀ ਦੁਆਰਾ ਸ਼ੁਰੂ ਕੀਤੀਆਂ ਵੱਖ-ਵੱਖ ਕੇਂਦਰੀ ਸਕੀਮਾਂ ਬਾਰੇ ਵੀ ਚਾਨਣਾ ਪਾਇਆ। ਸਾਰੀਆਂ ਚੋਣ ਮੀਟਿੰਗਾਂ ਵਿੱਚ ਭਾਜਪਾ ਉਮੀਦਵਾਰ ਨੂੰ ਲੈ ਕੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਸੀ।

# ਮੋਦੀ ਨੇ ਕਾਨੂੰਨ ਦਾ ਰਾਜ ਖ਼ਤਮ ਕਰ ਦਿੱਤਾ ਹੈ : ਰਾਹੁਲ ਗਾਂਧੀ

**ਨਵੀਂ ਦਿੱਲੀ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮੱਧ ਪ੍ਰਦੇਸ਼ ’ਚ ਦਲਿਤ ਪਰਿਵਾਰ ਨਾਲ ਹੋਈ ਘਟਨਾ ’ਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀਆਂ ਸਰਕਾਰਾਂ ਨੇ ਦੇਸ਼ ’ਚ ਕਾਨੂੰਨ ਦਾ ਰਾਜ ਖ਼ਤਮ ਕਰ ਦਿੱਤਾ ਹੈ। ਕਾਂਗਰਸ ਨੇਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਗੁਨਾਹਗਾਰਾਂ ਨਾਲ ਖੜ੍ਹੀ ਨਜ਼ਰ ਆਉਂਦੀ ਹੈ ਅਤੇ ਇਸ ਸਰਕਾਰ ਤੋਂ ਮੁਕਤੀ ਜ਼ਰੂਰੀ ਹੈ।



ਉਨ੍ਹਾਂ ਭਰੋਸਾ ਦਿਵਾਇਆ ਕਿ ਕੇਂਦਰ ’ਚ ’ਇੰਡੀਆ’ ਸਮੂਹ ਦੀ ਸਰਕਾਰ ਬਣਦੀ ਹੈ ਤਾਂ ਉਹ ਹਰ ਗਰੀਬ ਅਤੇ ਕਮਜ਼ੋਰ ਆਦਮੀ ਨਾਲ ਖੜ੍ਹੀ ਹੋਵੇਗੀ ਅਤੇ ਅੱਤਿਆਚਾਰ ਖ਼ਿਲਾਫ਼ ਉਨ੍ਹਾਂ ਦੀ ਆਵਾਜ਼ ਬਣੇਗੀ।

ਰਾਹੁਲ ਨੇ ਕਿਹਾ,”ਨਰਿੰਦਰ ਮੋਦੀ ਨੇ ’ਕਾਨੂੰਨ ਦਾ ਰਾਜ’ ਖ਼ਤਮ ਕਰ ਦਿੱਤਾ ਹੈ। ਮੱਧ ਪ੍ਰਦੇਸ਼ ’ਚ ਇਸ ਦਲਿਤ ਪਰਿਵਾਰ ਨਾਲ ਭਾਜਪਾ ਨੇਤਾਵਾਂ ਨੇ ਜੋ ਕੀਤਾ ਹੈ ਉਹ ਸੋਚ ਕੇ ਹੀ ਮਨ ਦਰਦ ਅਤੇ ਗੁੱਸੇ ਨਾਲ ਭਰ ਗਿਆ।” ਉਨ੍ਹਾਂ ਕਿਹਾ ਕਿ ਇਹ ਸ਼ਰਮ ਦੀ ਗੱਲ ਹੈ ਕਿ ਭਾਜਪਾ ਦੇ ਰਾਜ ’ਚ ਸਰਕਾਰ ਪੀੜਤ ਔਰਤਾਂ ਦੀ ਜਗ੍ਹਾ ਹਮੇਸ਼ਾ ਉਨ੍ਹਾਂ ਦੇ ਗੁਨਾਹਗਾਰਾਂ ਨਾਲ ਖੜ੍ਹੀ ਮਿਲਦੀ ਹੈ। ਕਾਂਗਰਸ ਨੇਤਾ ਅਨੁਸਾਰ, ਅਜਿਹੀਆਂ ਘਟਨਾਵਾਂ ਹਰ ਉਸ ਇਨਸਾਨ ਦੀ ਹਿੰਮਤ ਤੋੜ ਦਿੰਦੀਆਂ ਹਨ, ਜਿਸ ਕੋਲ ਇਨਸਾਫ਼ ਦੀ ਗੁਹਾਰ ਲਗਾਉਣ ਲਈ ਸਿਵਾਏ ਕਾਨੂੰਨ ਦੇ ਹੋਰ ਕੋਈ ਰਸਤਾ ਨਹੀਂ ਹੁੰਦਾ।

ਰਾਹੁਲ ਨੇ ਕਿਹਾ,”ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਇਕ ਅਜਿਹੀ ਵਿਵਸਥਾ ਬਣਾਵਾਂਗੇ, ਜਿੱਥੇ ਕਮਜ਼ੋਰ ਤੋਂ ਕਮਜ਼ੋਰ ਵਿਅਕਤੀ ਵੀ ਅੱਤਿਆਚਾਰ ਖ਼ਿਲਾਫ਼ ਆਪਣੀ ਆਵਾਜ਼ ਮਜ਼ਬੂਤੀ ਨਾਲ ਚੁੱਕ ਸਕੇਗਾ। ਅਸੀਂ ਨਿਆਂ ਨੂੰ ਦੌਲਤ ਅਤੇ ਤਾਕਤ ਦਾ ਮੋਹਤਾਜ਼ ਨਹੀਂ ਬਣਨ ਦੇ ਸਕਦੇ।”

# ਕਾਂਗਰਸ ਧਰਮ ਦੇ ਆਧਾਰ ’ਤੇ ਦੇਣਾ ਚਾਹੁੰਦੀ ਹੈ ਰਾਖਵਾਂਕਰਨ : ਨੱਢਾ

**ਸ਼ਿਮਲਾ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਨੇ ਮੰਗਲਵਾਰ ਨੂੰ ਦੋਸ਼ ਲਗਾਇਆ ਕਿ ਕਾਂਗਰਸ ਧਰਮ ਦੇ ਆਧਾਰ ’ਤੇ ਰਾਖਵਾਂਕਰਨ ਦੇਣਾ ਚਾਹੁੰਦੀ ਹੈ। ਮੰਡੀ ਤੋਂ ਭਾਜਪਾ ਉਮੀਦਵਾਰ ਕੰਗਨਾ ਰਨੌਤ ਦੇ ਸਮਰਥਨ ’ਚ ਕਿੰਨੌਰ ’ਚ ਇਕ ਜਨਤਕ ਸਭਾ ’ਚ ਨੱਢਾ ਨੇ ਕਿਹਾ ਕਿ ਭੀਮਰਾਵ ਅੰਬੇਡਕਰ ਨੇ ਕਿਸੇ ਸਥਾਨ ਦੀ ਭੂਗੋਲਿਕ ਅਤੇ ਸਮਾਜਿਕ ਸਥਿਤੀ ਦੇ ਆਧਾਰ ’ਤੇ ਰਾਖਾਵਾਂਕਰਨ ਦੀ ਵਕਾਲਤ ਕੀਤੀ ਸੀ, ਨਾ ਕਿ ਧਾਰਮਿਕ ਆਧਾਰ ’ਤੇ। ਉਨ੍ਹਾਂ ਕਿਹਾ,”ਕਿੰਨੌਰ ਦੇ ਲੋਕਾਂ ਨੂੰ ਭੂਗੋਲਿਕ ਸਥਿਤੀਆਂ ਦੇ ਆਧਾਰ ’ਤੇ ਅਨੁਸੂਚਿਤ ਜਨਜਾਤੀ (ਐੱਸਟੀ) ਰਾਖਵਾਂਕਰਨ ਦਿੱਤਾ ਜਾਂਦਾ ਹੈ, ਕਿਉਂਕਿ ਇਹ ਇਕ ਦੂਰ-ਦਰਾਡੇ ਦਾ ਖੇਤਰ ਹੈ ਪਰ ਕਾਂਗਰਸ ਇਸ ਨੂੰ ਮੁਸਲਮਾਨਾਂ ਨੂੰ



ਦੇਣਾ ਚਾਹੁੰਦੀ ਹੈ।” ਵਿਰੋਧੀ ਧਿਰ ’ਤੇ ਨਿਸ਼ਾਨਾ ਵਿੰਨ੍ਹਦੇ ਹੋਏ, ਨੱਢਾ ਨੇ ਦੋਸ਼ ਲਗਾਇਆ ਕਿ ’ਇੰਡੀਆ ਗਠਜੋੜ’ ਭ੍ਰਿਸ਼ਟ ਨੇਤਾਵਾਂ ਦਾ ਗਠਜੋੜ ਹੈ, ਕਿਉਂਕਿ ਇਸ ਦੇ ਸਾਰੇ ਨੇਤਾ ਅਤੇ ਸਹਿਯੋਗੀ ਦਲ ਭ੍ਰਿਸ਼ਟ ਹਨ ਅਤੇ ਵੱਖ-ਵੱਖ ਘਪਲਿਆਂ ’ਚ ਸ਼ਾਮਲ ਹਨ। ਹਿਮਾਚਲ ਪ੍ਰਦੇਸ਼ ਦੇ ਚਾਰ ਲੋਕ ਸਭਾ ਚੋਣ ਖੇਤਰਾਂ ਲਈ 7ਵੇਂ ਅਤੇ ਆਖ਼ਰੀ ਪੜਾਅ ’ਚ ਇਕ ਜੂਨ ਨੂੰ ਵੋਟਿੰਗ ਹੋਣੀ ਹੈ।

# ਘੁਸਪੈਠ ਕਾਰਨ ਸੰਥਾਲ ਪਰਗਨਾ ਵਿੱਚ ਕਬਾਇਲੀ ਆਬਾਦੀ ਘਟੀ: ਮੋਦੀ

**ਦੁਮਕਾ (ਝਾਰਖੰਡ), 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਦੇ ਦੁਮਕਾ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਘੁਸਪੈਠ ਕਾਰਨ ਸੰਥਾਲ ਪਰਗਨਾ ਵਿੱਚ ਕਬਾਇਲੀ ਆਬਾਦੀ ਘਟੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੇਐੱਮਐੱਮ ਅਤੇ ਕਾਂਗਰਸ ਲੁੱਟ ਦੇ ਮਾਮਲੇ ’ਚ ਘਿਓ ਖਿਚੜੀ ਹਨ।

ਉਨ੍ਹਾਂ ਸਹੁੰ ਖਾਧੀ ਕਿ 4 ਜੂਨ ਤੋਂ ਬਾਅਦ ਦੇਸ਼ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਤੇਜ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਝਾਰਖੰਡ ’ਤੇ ਇੱਕ ਵੱਡਾ ਸੰਕਟ ਖੜ੍ਹਾ ਹੈ ਅਤੇ ਉਹ ਹੈ ਘੁਸਪੈਠ। ਸੰਥਾਲ ਪਰਗਨਾ ਘੁਸਪੈਠ ਦੀ ਚੁਣੌਤੀ ਦਾ



ਸਾਹਮਣਾ ਕਰ ਰਿਹਾ ਹੈ। ਕਈ ਖੇਤਰਾਂ ਵਿੱਚ ਆਦਿਵਾਸੀਆਂ ਦੀ ਆਬਾਦੀ ਤੇਜ਼ੀ ਨਾਲ ਘਟ ਰਹੀ ਹੈ ਅਤੇ ਘੁਸਪੈਠੀਆਂ ਦੀ ਗਿਣਤੀ ਵੱਧ ਰਹੀ ਹੈ। ਘੁਸਪੈਠੀਏ ਆਦਿਵਾਸੀਆਂ ਦੀਆਂ ਜ਼ਮੀਨਾਂ ਨੂੰ ਹੜੱਪ ਰਹੇ ਹਨ। ਕਬਾਇਲੀ ਧੀਆਂ ਘੁਸਪੈਠੀਆਂ ਦਾ ਨਿਸ਼ਾਨਾ ਬਣ ਰਹੀਆਂ ਹਨ, ਉਨ੍ਹਾਂ ਦੀ ਸੁਰੱਖਿਆ ਨੂੰ ਵੀ ਖ਼ਤਰਾ ਹੈ। 2022 ‘ਚ ਵਾਪਰੀਆਂ ਦੋ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਕੌਣ ਲੋਕ ਹਨ ਜੋ ਆਦਿਵਾਸੀ ਧੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ? ਜੇਐੱਮਐੱਮ ਸਰਕਾਰ ਉਨ੍ਹਾਂ ਦੀ ਸਰਪ੍ਰਸਤੀ ਕਰ ਰਹੀ ਹੈ? ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ‘ਲਵ ਜੇਹਾਦ’ ਝਾਰਖੰਡ ਤੋਂ ਸ਼ੁਰੂ ਹੋਇਆ ਸੀ।

# ਰਣਜੀਤ ਕਤਲ ਕੇਸ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਬਰੀ

**ਚੰਡੀਗੜ੍ਹ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਾਈ ਕੋਰਟ ਵੱਲੋਂ ਵੱਡੀ ਰਾਹਤ ਮਿਲੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਮੰਗਲਵਾਰ ਨੂੰ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵੱਲੋਂ ਰਣਜੀਤ ਸਿੰਘ ਕਤਲ ਕੇਸ ਵਿੱਚ ਬਰੀ ਕਰ ਦਿੱਤਾ ਹੈ।

ਪੰਚਕੂਲਾ ਦੀ ਇੱਕ ਵਿਸ਼ੇਸ਼ ਸੀਬੀਆਈ ਅਦਾਲਤ ਨੇ ਅਕਤੂਬਰ 2021 ਵਿੱਚ ਰਾਮ ਰਹੀਮ ਅਤੇ ਚਾਰ ਹੋਰਾਂ ਨੂੰ ਡੇਰਾ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਉਣ ਤੋਂ ਬਾਅਦ ਰਾਮ ਰਹੀਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜਿਸ ਤੋਂ ਬਾਅਦ ਡੇਰਾ ਮੁਖੀ ਨੇ ਕੇਂਦਰੀ ਜਾਂਚ ਬਿਊਰੋ ਅਤੇ ਹੋਰ ਪ੍ਰਤੀਵਾਦੀਆਂ ਵਿਰੁੱਧ ਹਾਈ ਕੋਰਟ ਦਾ ਰੁਖ ਕੀਤਾ ਸੀ।

ਰਣਜੀਤ ਸਿੰਘ ਨੂੰ 10 ਜੁਲਾਈ 2002 ਨੂੰ ਕੁਰੂਕਸ਼ੇਤਰ ਦੇ ਪਿੰਡ ਖਾਨਪੁਰ ਕੋਲੀਆਂ ਵਿਖੇ ਚਾਰ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ।

# ਕੇਜਰੀਵਾਲ ਨੂੰ ਝਟਕਾ, ਅੰਤਰਿਮ ਜ਼ਮਾਨਤ 7 ਦਿਨ ਹੋਰ ਵਧਾਉਣ ਲਈ SC ਦਾ ਇਨਕਾਰ

**ਨਵੀਂ ਦਿੱਲੀ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਕੇਜਰੀਵਾਲ ਦੀ ਸਿਹਤ ਜਾਂਚ ਲਈ ਅੰਤਰਿਮ ਜ਼ਮਾਨਤ ਨੂੰ 7 ਹੋਰ ਦਿਨ ਵਧਾਉਣ ਦੀ ਮੰਗ ਵਾਲੀ ਪਟੀਸ਼ਨ ’ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

ਦਰਅਸਲ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੁਪਰੀਮ ਕੋਰਟ ਨੂੰ ਸਿਹਤ ਦੇ ਆਧਾਰ ’ਤੇ ਆਪਣੀ



ਅੰਤਰਿਮ ਜ਼ਮਾਨਤ ਨੂੰ ਸੱਤ ਦਿਨ ਵਧਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਤੁਰੰਤ ਸੂਚੀਬੱਧ ਕਰਨ ਦੀ ਅਪੀਲ ਕੀਤੀ ਸੀ।

ਸੁਪਰੀਮ ਕੋਰਟ ਦੀ ਬੈਂਚ ਨੇ ਮਾਮਲੇ ਨੂੰ ਚੀਫ਼ ਜਸਟਿਸ ਦੇ ਸਾਹਮਣੇ ਲੈ ਕੇ ਜਾਣ ਨੂੰ ਕਿਹਾ। ਇੰਨਾ ਹੀ ਨਹੀਂ ਬੈਂਚ ਨੇ ਦੇਰ ਨਾਲ ਪਟੀਸ਼ਨ ਦਾਇਰ ਕਰਨ ’ਤੇ ਵੀ ਸਵਾਲ ਚੁੱਕੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਚੀਫ ਜਸਟਿਸ ਮੁੱਖ ਮੰਤਰੀ ਕੇਜਰੀਵਾਲ ਦੀ ਅੰਤਰਿਮ ਜ਼ਮਾਨਤ ਵਧਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਦੀ ਸੂਚੀ ’ਤੇ ਢੁਕਵਾਂ ਫੈਸਲਾ ਲੈਣਗੇ ਕਿਉਂਕਿ ਮੁੱਖ ਮਾਮਲੇ ’ਚ ਫੈਸਲਾ ਰਾਖਵਾਂ ਰੱਖਿਆ ਗਿਆ ਹੈ।

ਦੱਸ ਦੇਈਏ ਕਿ ਕੇਜਰੀਵਾਲ ਨੇ ਆਪਣੀ ਨਵੀਂ ਪਟੀਸ਼ਨ ਵਿਚ ਸਿਹਤ ਕਾਰਨਾਂ ਦਾ ਹਵਾਲਾ ਦੇ ਕੇ 7 ਦਿਨ ਦਾ ਹੋਰ ਸਮਾਂ ਮੰਗਿਆ ਹੈ। ਉਨ੍ਹਾਂ ਨੇ ਇਸ ਦੀ ਵਜ੍ਹਾ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੂੰ PET-CT ਸਕੈਨ ਨਾਲ ਕਈ ਦੂਜੇ ਟੈਸਟ ਕਰਾਉਣੇ ਹਨ। ਇਸ ਲਈ ਉਨ੍ਹਾਂ ਨੂੰ ਸਾਰੇ ਟੈਸਟਾਂ ਲਈ 7 ਦਿਨ ਦਾ ਸਮਾਂ ਮੰਗਿਆ ਹੈ। ਪਟੀਸ਼ਨ ਵਿਚ ਉਨ੍ਹਾਂ ਨੇ ਵਜ਼ਨ 7 ਕਿਲੋਗ੍ਰਾਮ ਘੱਟ ਹੋਣ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਕੇਜਰੀਵਾਲ ਹੁਣ ਖ਼ਤਮ ਹੋ ਚੁੱਕੀ ਦਿੱਲੀ ਆਬਕਾਰੀ ਨੀਤੀ 2021-22 ’ਚ ਬੇਨਿਯਮੀਆਂ ਨਾਲ ਸਬੰਧਿਤ ਮਨੀ ਲਾਂਡਰਿੰਗ ਜਾਂਚ ਦੇ ਸਿਲਸਿਲੇ ਵਿਚ 21 ਮਾਰਚ ਨੂੰ ਈਡੀ ਨੇ ਗ੍ਰਿਫ਼ਤਾਰ ਕੀਤਾ ਸੀ। ਈਡੀ ਨੇ ਉਨ੍ਹਾਂ ਨੂੰ ਮਾਮਲੇ ਵਿਚ ਪੁੱਛਗਿੱਛ ਲਈ 9 ਸੰਮਨ ਜਾਰੀ ਕੀਤੇ ਸਨ। ਕੇਜਰੀਵਾਲ ਕਿਸੇ ਵੀ ਸੰਮਨ ’ਤੇ ਪੇਸ਼ ਨਹੀਂ ਹੋਏ ਸਨ। ਈਡੀ ਦਾ ਦੋਸ਼ ਹੈ ਕਿ ਉਹ ਘਪਲੇ ਦੇ ਮੁੱਖ ਸਾਜ਼ਿਸ਼ਕਰਤਾ ਸਨ ਅਤੇ ਸਿੱਧੇ ਤੌਰ ’ਤੇ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ ਵਿਚ ਸ਼ਾਮਲ ਸਨ।

# ਰਾਹੁਲ ਗਾਂਧੀ ਆਉਣਗੇ ਪਟਿਆਲਾ, ਡਾਕਟਰ ਗਾਂਧੀ ਦੇ ਹੱਕ ’ਚ ਕਰਨਗੇ ‘ਨਿਆਂ ਮਹਾਂ ਰੈਲੀ’



**ਪਟਿਆਲਾ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਸਮਾਣਾ ਵਿਖੇ ਕਈ ਵੱਡੀਆਂ ਚੋਣ ਬੈਠਕਾਂ ਨੂੰ ਸੰਬੋਧਨ ਕੀਤਾ ਜਿੱਥੇ ਉਹਨਾਂ ਨਾਲ਼ ਹਲਕਾ ਇੰਚਾਰਜ ਰਜਿੰਦਰ ਸਿੰਘ ਵੀ ਮੌਜੂਦ ਰਹੇ। ਇਸ ਮੌਕੇ ਡਾਕਟਰ ਧਰਮਵੀਰ ਗਾਂਧੀ ਨੇ ਬੋਲਦਿਆਂ ਦੱਸਿਆ ਕਿ 29 ਮਈ ਨੂੰ ਦੁਪਹਿਰ ਢਾਈ ਵਜੇ ਸ਼੍ਰੀ ਰਾਹੁਲ ਗਾਂਧੀ ਪਟਿਆਲਾ ਦੇ ਪੋਲੋ ਗਰਾਊਂਡ ਵਿਖੇ ’ ਨਿਆਂ ਮਹਾਂ ਰੈਲੀ ’ ਨੂੰ ਸੰਬੋਧਨ ਕਰਨਗੇ।

ਜ਼ਿਕਰਯੋਗ ਹੈ ਕਿ ਰਾਏਬਰੇਲੀ ਅਤੇ ਅਮੇਠੀ ਤੋਂ ਬਾਅਦ ਪਟਿਆਲਾ ਅਜਿਹੀ ਪਹਿਲੀ ਸੀਟ ਹੈ ਜਿੱਥੇ ਕਾਂਗਰਸ ਦੀ ਸਿਖ਼ਰਲੀ ਲੀਡਰਸ਼ਿਪ ’ਚੋਂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਦੋਵੇਂ ਪ੍ਰਚਾਰ ਕਰਨ ਲਈ ਪੁੱਜ ਰਹੇ ਹਨ।

ਇਸਤੋਂ ਸਾਫ਼ ਜ਼ਾਹਿਰ ਹੈ ਕਿ ਕਾਂਗਰਸ ਪਾਰਟੀ ਇਹ ਸੀਟ ਮਹਿਜ਼ ਜਿੱਤਣਾ ਹੀ ਨਹੀਂ ਚਾਹੁੰਦੀ ਸਗੋਂ ਵੱਡੀ ਲੀਡ ਨਾਲ਼ ਜਿੱਤ ਯਕੀਨੀ ਬਣਾਉਣ ਵੱਲ ਤੁਰ ਪਈ ਹੈ।

ਡਾ: ਗਾਂਧੀ ਨੇ ਕਿਹਾ ਕਿ ਆਉਣ ਵਾਲ਼ੀ ਚਾਰ ਜੂਨ ਨੂੰ ਦੇਸ਼ ’ਚੋਂ ਭਾਜਪਾ ਸਰਕਾਰ ਜਾ ਰਹੀ ਹੈ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਇੰਡੀਆ ਗਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ। ਇਸਤੋਂ ਬਾਅਦ ਜੋ ਕਾਂਗਰਸ ਦੀ ਅਗਵਾਈ ਵਾਲ਼ੀ ਸਰਕਾਰ ਬਣੇਗੀ, ਉਹ ਅੰਬਾਨੀ ਅਦਾਨੀ ਦੇ ਨਹੀਂ ਸਗੋਂ ਲੋਕਾਂ ਦੇ ਹੱਕ ਵਿੱਚ ਫ਼ੈਸਲੇ ਕਰੇਗੀ ਜੋਕਿ ਕ੍ਰਾਂਤੀਕਾਰੀ ਫ਼ੈਸਲੇ ਹੋਣਗੇ। ਕਾਂਗਰਸ ਪਾਰਟੀ ਦਾ ਨਿਆਂ ਪੱਤਰ ਸਾਡੇ ਵੱਲੋਂ ਲਏ ਜਾਣ ਵਾਲ਼ੇ ਫ਼ੈਸਲਿਆਂ ਦੀ ਗਵਾਹੀ ਭਰਦਾ ਹੈ।

# ਚੋਣ ਪ੍ਰਚਾਰ ਲਈ ਜਾ ਰਹੀ ਪ੍ਰਨੀਤ ਕੌਰ ਨੇ ਹਾਦਸਾਗ੍ਰਸਤ ਪਰਿਵਾਰ ਦੀ ਮਦਦ ਲਈ ਕਾਫਲੇ ਨੂੰ ਰੋਕਿਆ



**ਪਟਿਆਲਾ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਪਟਿਆਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਪ੍ਰਨੀਤ ਕੌਰ ਮੰਗਲਵਾਰ ਨੂੰ ਆਪਣੇ ਸਮਰਥਕਾਂ ਨਾਲ ਪਟਿਆਲਾ ਤੋਂ ਦੇਵੀਗੜ੍ਹ ਜਾ ਰਹੇ ਸਮ। ਰਸਤੇ ਵਿੱਚ ਉਨ੍ਹਾਂ ਇੱਕ ਸੜਕ ਹਾਦਸਾ ਦੇਖਿਆ ਅਤੇ ਤੁਰੰਤ ਆਪਣੇ ਕਾਫ਼ਲੇ ਨੂੰ ਰੋਕ ਲਿਆ। ਪ੍ਰਨੀਤ ਕੌਰ ਨੇ ਖੁਦ ਪੀੜਤ ਪਰਿਵਾਰ ਦੀ ਮਦਦ ਲਈ ਉਹਨਾਂ ਕੋਲ ਪਹੁੰਚੇ ਅਤੇ ਉਨ੍ਹਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਪੀਣ ਲਈ ਪਾਣੀ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਪੀੜਤ ਪਰਿਵਾਰ ਨੂੰ ਕਿਸੇ ਤਰ੍ਹਾਂ ਦੀ ਜਰੂਰਤ ਲਈ ਪੁੱਛਿਆ। ਪਰਿਵਾਰ ਨੂੰ ਸੁਰੱਖਿਅਤ ਦੇਖ ਮਹਾਰਾਣੀ ਪ੍ਰਨੀਤ ਕੌਰ ਨੇ ਵਾਹੇਗੁਰੂ ਦਾ ਸ਼ੁਕਰਿਆ ਕਰਦਿਆਂ ਪਰਿਵਾਰ ਨੂੰ ਉਹਨਾਂ ਦੀ ਮੰਜਿਲ ਤਕ ਪਹੁੰਚਾਉਣ ਦੀ ਪੇਸ਼ਕਸ਼ ਕੀਤੀ। ਜਦੋਂ ਪ੍ਰਨੀਤ ਕੌਰ ਨੇ ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਦੀ ਕਾਰ ਨੂੰ ਖੇਤਾਂ ਵਿੱਚ ਉਲਟਾ ਪਿਆ ਦੇਖ ਕੇ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਪਰਿਵਾਰ ਨੇ ਦੱਸਿਆ ਕਿ ਸੜਕ ਦੇ ਵਿਚਕਾਰ ਪਏ ਡੂੰਘੇ ਟੋਏ ਕਾਰਨ ਕਾਰ ਬੇਕਾਬੂ ਹੋ ਕੇ ਪਲਟ ਗਈ। ਹਾਲਾਂਕਿ ਕਾਰ ਨੂੰ ਕਾਫੀ ਨੁਕਸਾਨ ਪਹੁੰਚਿਆ ਪਰ ਕਾਰ ਵਿਚ ਸਵਾਰ ਮਹਿਲਾ ਸਮੇਤ ਚਾਰੇ ਵਿਅਕਤੀ ਪੂਰੀ ਤਰ੍ਹਾਂ ਸੁਰੱਖਿਅਤ ਬੱਚ ਗਏ॥ ਪ੍ਰਨੀਤ ਕੌਰ ਨੇ ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਨੂੰ ਹਸਪਤਾਲ ਲਿਜਾਣ ਦੀ ਹੀ ਪੇਸ਼ਕਸ਼ ਕੀਤੀ, ਪਰ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ, ਪਰ ਉਹ ਕਾਰ ਨੂੰ ਲਿਜਾਣ ਲਈ ਰਿਕਵਰੀ ਵੈਨ ਦੀ ਉਡੀਕ ਕਰ ਰਹੇ ਸਨ।

ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਵਾਲੇ ਇਸ ਗੱਲ ਤੋਂ ਹੈਰਾਨ ਸੀ ਕਿ ਚੋਣ ਪ੍ਰਚਾਰ ’ਚ ਰੁੱਝੇ ਸਾਬਕਾ ਵਿਦੇਸ਼ ਰਾਜ ਮੰਤਰੀ ਨੇ ਆਪਣੀ ਚੋਣ ਪ੍ਰਚਾਰ ਦੀ ਪ੍ਰਵਾਹ ਕੀਤੇ ਬਿਨਾਂ ਤੁਰੰਤ ਹੀ ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਦੀ ਮਦਦ ਨੂੰ ਜ਼ਰੂਰੀ ਸਮਝਿਆ। ਹਾਦਸੇ ਵਾਲੀ ਥਾਂ ’ਤੇ ਇਕੱਠੇ ਹੋਏ ਲੋਕਾਂ ਨੇ ਪ੍ਰਨੀਤ ਕੌਰ ਦੇ ਪਿਆਰ ਅਤੇ ਦਿਆਲੂ ਸੁਭਾਅ ਨੂੰ ਦੇਖ ਕੇ ਉਹਨਾਂ ਦੀ ਭਰਪੂਰ ਸ਼ਲਾਘਾ ਕੀਤੀ।

## ਵਧੀਕ ਮੁੱਖ ਚੋਣ ਅ.ਫਸਰ ਵੱਲੋਂ ਗਿਣਤੀ ਕੇਂਦਰ ਦਾ ਜਾਇਜ਼ਾ

# ਵੋਟਾਂ ਦੀ ਗਿਣਤੀ ਲਈ ਤਾਇਨਾਤ ਅਮਲੇ ਨੂੰ ਦਿੱਤੀ ਜਾਵੇਗੀ ਪੂਰਨ ਸਿਖਲਾਈ: ਸ਼ੌਕਤ ਅਹਿਮਦ ਪਰੇ




ਵਧੀਕ ਮੁੱਖ ਚੋਣ ਅ.ਫਸਰ ਹਰੀਸ਼ ਨਈਅਰ ਥਾਪਰ ਯੂਨੀਵਰਸਿਟੀ ਵਿਖੇ ਪਟਿਆਲਾ ਦਿਹਾਤੀ ਹਲਕੇ ਲਈ ਬਣਾਏ ਜਾਣ ਵਾਲੇ ਗਿਣਤੀ ਕੇਂਦਰ ਦਾ ਜਾਇਜ਼ਾ ਲੈਂਦੇ ਹੋਏ। ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਹੋਰ ਅਧਿਕਾਰੀ ਵੀ ਨਜ਼ਰ ਆ ਰਹੇ ਹਨ।

**ਪਟਿਆਲਾ, 29 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਧੀਕ ਮੁੱਖ ਚੋਣ ਅ.ਫਸਰ ਹਰੀਸ਼ ਨਈਅਰ ਨੇ ਲੋਕ ਸਭਾ ਚੋਣਾਂ ਲਈ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਦੀ 4 ਜੂਨ ਨੂੰ ਹੋਣ ਵਾਲੀ ਗਿਣਤੀ ਦੇ ਮੱਦੇਨਜ਼ਰ ਪਟਿਆਲਾ ਦਿਹਾਤੀ ਹਲਕੇ ਦੀਆਂ ਵੋਟਾਂ ਦੀ ਗਿਣਤੀ ਲਈ ਥਾਪਰ ਯੂਨੀਵਰਸਿਟੀ ਵਿਖੇ ਬਣਾਏ ਜਾ ਰਹੇ ਗਿਣਤੀ ਕੇਂਦਰ ਦਾ ਦੌਰਾ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਚੋਣ ਅ.ਫਸਰ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਐਸ.ਪੀ. ਸਿਟੀ ਸਰਫ਼ਰਾਜ ਆਲਮ, ਏ.ਡੀ.ਸੀ.-ਕਮ-ਸਹਾਇਕ ਰਿਟਰਨਿੰਗ ਅ.ਫਸਰ ਨਵਰੀਤ ਕੌਰ ਸੇਖੋਂ ਵੀ ਮੌਜੂਦ ਸਨ।

ਵਧੀਕ ਮੁੱਖ ਚੋਣ ਅ.ਫਸਰ ਹਰੀਸ਼ ਨਈਅਰ ਨੇ ਪਟਿਆਲਾ ਦਿਹਾਤੀ ਹਲਕੇ ਦੀਆਂ ਵੋਟਾਂ ਦੀ ਗਿਣਤੀ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਅਤੇ ਬਾਕੀ ਅਧਿਕਾਰੀਆਂ ਨਾਲ ਬੈਠਕ ਵੀ ਕੀਤੀ। ਉਨ੍ਹਾਂ ਨੇ ਸਟਰੌਂਗ ਰੂਮ ਸਮੇਤ ਪੋਸਟਲ ਬੈਲੇਟ ਪੇਪਰ ਦੀ ਗਿਣਤੀ ਕਮਰੇ ਅਤੇ ਈ.ਟੀ.ਪੀ.ਬੀ.ਸੀ. ਦੀ ਪ੍ਰੀ-ਕਾਊਂਟਿੰਗ ਦੇ ਹਾਲ ਦਾ ਨਿਰੀਖਣ ਵੀ ਕੀਤਾ। ਉਨ੍ਹਾਂ ਨੇ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾਂ ਯਕੀਨੀ ਬਣਾਉਣ ਲਈ ਆਖਿਆ।

ਪਟਿਆਲਾ ਜ਼ਿਲ੍ਹੇ ’ਚ ਗਿਣਤੀ ਕੇਂਦਰਾਂ ਵਿਖੇ ਕੀਤੇ ਜਾਣ ਵਾਲੇ ਪ੍ਰਬੰਧਾ ਦੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ 1 ਜੂਨ ਨੂੰ ਮਤਦਾਨ ਤੋਂ ਬਾਅਦ 4 ਜੂਨ ਨੂੰ ਵੋਟਾਂ ਦੀ ਗਿਣਤੀ ਦੇ ਕਾਰਜ ਨੂੰ ਨਿਰਵਿਘਨਤਾ ਸਹਿਤ ਨੇਪਰੇ ਚਾੜ੍ਹਨ ਲਈ ਸਾਰੇ ਗਿਣਤੀਕਾਰਾਂ ਨੂੰ ਵਿਸ਼ੇਸ਼ ਸਿਖਲਾਈ ਕਰਵਾਈ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਮੁਕੰਮਲ ਰੂਪ ’ਚ ਪਾਲਣਾ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਔਰਤਾਂ ਨੂੰ ਹਰ ਮਹੀਨੇ 1 ਹਜ਼ਾਰ ਦੀ ਬਜਾਏ 1100 ਰੁਪਏ ਦੇਵਾਂਗੇ : ਭਗਵੰਤ ਮਾਨ

**ਸੰਗਰੂਰ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਚੋਣ ਪ੍ਰਚਾਰ ਲਈ ਸੰਗਰੂਰ ਪਹੁੰਚੇ ਹੋਏ ਹਨ। ਇਸ ਦੌਰਾਨ ਉਨ੍ਹਾਂ ਧੂਰੀ ਵਿਖੇ ਲੋਕ ਮਿਲਣੀ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ’ਚ ਉਨ੍ਹਾਂ ਔਰਤਾਂ ਨੂੰ ਹਜ਼ਾਰ-ਹਜ਼ਾਰ ਰੁਪਏ ਪ੍ਰਤੀ ਮਹੀਨੇ ਦੇਣ ਦੇ ਵਾਅਦੇ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਇਸ ’ਤੇ ਕੰਮ ਕਰ ਰਹੇ ਹਨ ਤੇ ਛੇਤੀ ਹੀ ਆਪਣਾ ਵਾਅਦਾ ਪੂਰਾ ਕਰਨ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖੇਤਾਂ ਵਿਚ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ। ਇਸ ਨਾਲ ਟਿਊਬਵੈੱਲ ਬੰਦ ਕਰ ਕੇ ਧਰਤੀ ਹੇਠਲਾ ਪਾਣੀ ਬਚਾਉਣ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਅਸੀਂ 70 ਫ਼ੀਸਦੀ ਨਹਿਰੀ ਪਾਣੀ ਖੇਤਾਂ



ਤਕ ਪਹੁੰਚਾਉਣ ਦਾ ਟੀਚਾ ਮਿੱਥਿਆ ਹੋਇਆ ਹੈ। ਅਜਿਹਾ ਹੋਣ ’ਤੇ ਪੰਜਾਬ ਵਿਚ ਸਾਢੇ 14 ਲੱਖ ਟਿਊਬਵੈੱਲਾਂ ਵਿਚੋਂ ਤਕਰੀਬਨ 5 ਲੱਖ ਟਿਊਬਵੈੱਲ ਬੰਦ ਹੋ ਜਾਣਗੇ। ਸਰਕਾਰ ਕਿਸਾਨਾਂ ਨੂੰ ਝੋਨੇ ਦੇ ਬਿਜਲੀ ਦੀ ਸਬਸਿਡੀ ਲਈ 18 ਹਜ਼ਾਰ ਕਰੋੜ ਰੁਪਏ ਦੀ ਦਿੰਦੀ ਹੈ। ਜੇ 5 ਲੱਖ ਟਿਊਬਵੈੱਲ ਬੰਦ ਹੋ ਗਿਆ ਤਾਂ ਇਸ ਵਿਚੋਂ 6-7 ਹਜ਼ਾਰ ਕਰੋੜ ਰੁਪਏ ਬੱਚ ਜਾਣਗੇ। ਇਸ ਵਿਚੋਂ ਹੁਣ ਮਾਵਾਂ ਭੈਣਾਂ ਨੂੰ ਜਿਹੜਾ ਹਜ਼ਾਰ-ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਉਹ ਪੂਰਾ ਕੀਤਾ ਜਾਵੇਗਾ ਤੇ ਹੁਣ ਹਜ਼ਾਰ ਰੁਪਏ ਦੀ ਬਜਾਏ 1100 ਰੁਪਏ ਦੇਵਾਂਗੇ।

ਮਾਨ ਨੇ ਕਿਹਾ ਕਿ ਜੇ ਇਕ ਵਾਰ ਪੈਸਾ ਖਾਤੇ ਵਿਚ ਆਉਣਾ ਸ਼ੁਰੂ ਹੋ ਗਿਆ ਤਾਂ ਕਦੇ ਬੰਦ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜੇ ਅਸੀਂ ਬੱਲੇ-ਬੱਲੇ ਹੀ ਕਰਵਾਉਣੀ ਹੁੰਦੀ ਤਾਂ ਚੋਣਾਂ ਤੋਂ 2 ਮਹੀਨੇ ਪਹਿਲਾਂ ਇਹ ਸਕੀਮ ਸ਼ੁਰੂ ਕਰ ਸਕਦੇ ਸੀ ਤੇ ਚੋਣਾਂ ਤੋਂ ਬਾਅਦ ਬੰਦ ਕਰ ਦਿੰਦੇ, ਜਿਵੇਂ ਪਹਿਲੀਆਂ ਸਰਕਾਰਾਂ ਕਰਦੀਆਂ ਰਹੀਆਂ ਹਨ। ਪਰ ਜੇ ਅਸੀਂ ਇਕ ਵਾਰ ਇਹ ਸਕੀਮ ਸ਼ੁਰੂ ਕਰਾਂਗੇ ਤਾਂ ਬੰਦ ਨਹੀਂ ਹੋਵੇਗੀ।

# ਹੀਟ ਸਟਰੋਕ ਤੋਂ ਬਚਣ ਲਈ ਭਾਰੀ ਕੰਮ ਅਤੇ ਜ਼ਿਆਦਾ ਸ਼ਰੀਰਕ ਕਸਰਤ ਨਾ ਕਰੋ : ਡਾ. ਦਲਜੀਤ ਕੌਰ

**ਸ੍ਰੀ ਕੀਰਤਪੁਰ ਸਾਹਿਬ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਦਲਜੀਤ ਕੌਰ ਦੀ ਅਗਵਾਈ ਹੇਠ ਸਿਹਤ ਸੰਸਥਾ ਕੀਰਤਪੁਰ ਸਾਹਿਬ ਵਿਖੇ ਵੋਟਾਂ ਦੌਰਾਨ ਪੋਲਿੰਗ ਸਟਾਫ ਅਤੇ ਆਮ ਜਨਤਾ ਨੂੰ ਹੀਟ ਸਟਰੋਕ ਤੋਂ ਬਚਾਅ ਲਈ ਸਮੂਹ ਸਿਹਤ



ਕਰਮਚਾਰੀਆਂ, ਸੈਕਟਰ ਅਫਸਰਾਂ ਦੀ ਹੀਟ ਸ੍ਰਰੋਕ ਸਬੰਧੀ ਮੁਕੰਮਲ ਟ੍ਰੇਨਿੰਗ ਹੋ ਚੁੱਕੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਦਲਜੀਤ ਕੌਰ ਨੇ ਦੱਸਿਆ ਕਿ ਸੂਬੇ ਵਿੱਚ ਇਸ ਗਰਮੀ ਦੇ ਮੌਸਮ ਦੌਰਾਨ ਦਿਨ ਦਾ ਤਾਪਮਾਨ ਦਿਨੋ-ਦਿਨ ਵੱਧ ਰਿਹਾ ਹੈ। ਇਸ ਗਰਮੀ ਦੇ ਮੌਸਮ ਵਿੱਚ ਸੱਭ ਤੋਂ ਵੱਡੀ ਸਮੱਸਿਆ ਹੈ ਗਰਮੀ ਦੀ ਲਹਿਰ ਕਾਰਣ ਹੋਣ ਵਾਲੀਆਂ ਬਿਮਾਰੀਆਂ। ਜੂਨ ਮਹੀਨੇ ਵਿੱਚ ਵੋਟਾਂ ਦੇ ਦੌਰਾਨ ਗਰਮੀ ਆਪਣੇ ਸ਼ਿਖਰ ਤੇ ਹੋਵੇਗੀ ਤੇ ਇਸ ਦੌਰਾਨ ਲੂ ਲੱਗਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਸਾਵਧਾਨੀਆਂ ਵਰਤ ਕੇ ਗਰਮੀ ਤੋਂ ਹੋਣ ਵਾਲੀਆਂ ਬਿਮਾਰੀਆਂ ਅਤੇ ਇਸ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਤਾਪਮਾਨ ਸਰੀਰ ਦੇ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦਾ ਹੈ ਅਤੇ ਗਰਮੀ ਨਾਲ ਸਬੰਧਤ ਬਿਮਾਰੀਆਂ ਦਾ ਕਾਰਨ ਬਣਦਾ ਹੈ। ਲੂ ਲੱਗਣ ਨਾਲ ਸ਼ਰੀਰ ਗਰਮ ਲਾਲ ਅਤੇ ਚਮੜੀ ਖੁਸ਼ਕ ਹੋ ਜਾਂਦੀ ਹੈ।

ਇਸ ਤੋਂ ਇਲਾਵਾ ਮਾਨਸਿਕ ਸੰਤੁਲਨ ਵਿਗੜਨਾ, ਬਹੁਤ ਸਿਰ ਦਰਦ ਹੋਣਾ, ਚੱਕਰ ਆਉਣਾ, ਬੇਹੋਸ਼ੀ ਹੋਣਾ, ਮਾਸਪੇਸ਼ੀਆਂ ਦੀ ਕਮਜੋਰੀ, ਉਲਟੀਆਂ ਲੱਗਣਾ, ਦਿਲ ਦੀ ਧੜਕਨ ਤੇਜ਼ ਹੋਣਾ, ਸਾਹ ਦਾ ਫੁੱਲਣਾ, ਲੱਛਣ ਗਿਣੇ ਗਏ ਹਨ। ਜੇਕਰ ਕਿਸੇ ਨੂੰ ਇਕਦਮ ਲੂ ਲੱਗਦੀ ਹੈ ਤਾਂ ਉਸਨੂੰ ਤੁਰੰਤ ਠੰਡੀ ਜਗ੍ਹਾ ਤੇ ਲੈ ਕੇ ਜਾਇਆ ਜਾਵੇ ਅਤੇ ਐਂਬੂਲੈਂਸ ਬੁਲਾਈ ਜਾਵੇ। ਉਸ ਦੇ ਕੱਪੜੇ ਢਿੱਲੇ ਕੀਤੇ ਜਾਣ, ਪਾਣੀ ਪਿਲਾਇਆ ਜਾਵੇ ਅਤੇ ਉਸ ਦੇ ਉਪਰ ਠੰਡਾ ਪਾਣੀ ਪਾਇਆ ਜਾਵੇ ਅਤੇ ਪੱਖੇ ਲਾਇਆ ਜਾਵੇ, ਹੋ ਸਕੇ ਤਾਂ ਉਸ ਦੀ ਗਰਦਨ, ਕੱਛ, ਲੱਕ ਉੱਤੇ ਬਰਫ ਰੱਖੀ ਜਾਵੇ ਅਤੇ ਹਸਪਤਾਲ ਲਿਜਾਇਆ ਜਾਵੇ।

## ਜਿਲ੍ਹਾ ਸਿਹਤ ਵਿਭਾਗ ਵਲੋਂ ਮਾਹਵਾਰੀ ਸ.ਫਾਈ ਦਿਵਸ ਮਨਾਇਆ

**ਫਾਜ਼ਿਲਕਾ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਾਜਿਲਕਾ ਦੀ ਦੇਖ ਰੇਖ ਵਿੱਚ ਜਿਲ੍ਹੇ ਦੀਆਂ ਸਿਹਤ ਸੰਸਥਾਵਾਂ ਅਤੇ ਹੋਰ ਜਨਤਕ ਥਾਵਾਂ ਤੇ ਮਾਹਵਾਰੀ ਸਫਾਈ ਦਿਵਸ ਸਬੰਧੀ ਜਾਗਰੂਕਤਾ ਸਮਾਗਮ ਕੀਤੇ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ ਚੰਦਰ ਸ਼ੇਖਰ ਨੇ ਦੱਸਿਆ ਕਿ ਹਰੇਕ ਸਾਲ ਦੁਨੀਆਂ ਭਰ ਵਿੱਚ 29 ਮਈ ਨੂੰ ਮਾਹਵਾਰੀ ਸਫਾਈ ਦਿਵਸ ਮਨਾਇਆ ਜਾਂਦਾ ਹੈ। ਜਿਸ ਦਾ ਮਕਸਦ ਔਰਤਾਂ ਨੂੰ ਸੁਰੱਖਿਅਤ ਪੀਰੀਅਡਸ ਦੇ ਫਾਇਦਿਆਂ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਇਸ ਬਾਰੇ ਖੁੱਲ੍ਹ ਕੇ ਗੱਲ ਕਰਨ ਲਈ ਉਤਸ਼ਾਹਿਤ ਕਰਨਾ ਵੀ ਹੈ।

ਉਹਨਾਂ ਦੱਸਿਆ ਕਿ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਅੱਜ ਵੀ ਪੀਰੀਅਡਜ਼ ਬਾਰੇ ਲੋਕਾਂ ਦੀ ਸੋਚ ਨਹੀਂ ਬਦਲੀ ਹੈ। ਇਸ ਕਾਰਨ ਅੱਜ ਵੀ ਔਰਤਾਂ ਇਸ ਤੇ ਖੁੱਲ੍ਹ ਕੇ ਗੱਲ ਨਹੀਂ ਕਰ ਪਾਉਂਦੀਆਂ। ਲੋਕਾਂ ਦੀ ਸੋਚ ਬਦਲਣ ਲਈ ਹੀ ਹਰ ਸਾਲ ਮਾਹਵਾਰੀ ਸ.ਫਾਈ ਦਿਵਸ ਮਨਾਇਆ ਜਾਂਦਾ ਹੈ।

# ਭਾਜਪਾਈ ਅਕਾਲੀ ਹੋਣ ਭਾਂਵੇ ਆਪ ਤੇ ਕਾਂਗਰਸੀ ਇਕੋ ਹੀ ਥਾਲੀ ਦੇ ਚੱਟੇ ਬੱਟੇ : ਪਵਨ ਗੁਪਤਾ

## ਭਾਜਪਾ ਵਿਕਾਸ, ਰੋਜਗਾਰ, ਕਿਸਾਨਾਂ ਅਤੇ ਵਪਾਰੀਆਂ ਦੇ ਮੁੱਦੇ ’ਤੇ ਕਿਉਂ ਨਹੀਂ ਕਰਦੀ ਗੱਲ : ਡਾ. ਭਾਈ ਪਰਮਜੀਤ ਸਿੰਘ

**ਪਟਿਆਲਾ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ ਜਿਵੇਂ ਪ੍ਰਚਾਰ ਖਤਮ ਹੋਣ ਦਾ ਸਮਾਂ ਨੇੜੇ ਆ ਰਿਹਾ ਹੈ ਤਿਵੇਂ ਹੀ ਹਰ ਪਾਰਟੀ ਆਪਣਾ ਚੋਣ ਪ੍ਰਚਾਰ ਤਿੱਖਾ ਕਰਦੀ ਜਾ ਰਹੀ ਹੈ। ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਕੌਮੀ ਪ੍ਰਧਾਨ ਪਵਨ ਗੁਪਤਾ ਨੇ ਨਾਭਾ ਭਾਦਸੋਂ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਆਪਣੇ ਉਮੀਦਵਾਰ ਕ੍ਰਿਸ਼ਨ ਕੁਮਾਰ ਗਾਬਾ ਦਾ ਪ੍ਰਚਾਰ ਕਰਦਿਆਂ ਵਿਰੋਧੀ ਪਾਰਟੀ ’ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾਈ ਅਕਾਲੀ ਹੋਣ ਭਾਂਵੇ ਆਪ ਤੇ ਕਾਂਗਰਸੀ ਸਭ ਇਕੋ ਹੀ ਥਾਲੀ ਦੇ ਚੱਟੇ ਬੱਟੇ ਹਨ। ਸੱਤਾ ਵਿੱਚ ਆਉਂਦੇ ਹਨ ਤਾਂ ਮਲਾਈ ਖਾਂਦੇ ਹਨ ਜੇ ਵਿਰੋਧੀ ਪਾਰਟੀ ਵਿੱਚ ਆ ਜਾਣ ਤਾਂ ਦਲ ਬਦਲ ਕੇ ਨੇਤਾ ਸੱਤਾਧਾਰੀ ਪਾਰਟੀ ਦੀ ਗੋਦੀ ਵਿੱਚ ਜਾ ਕੇ ਬਹਿ ਜਾਂਦੇ ਹਨ। ਇਹਨਾਂ ਨੇਤਾਵਾਂ ਨੂੰ ਸਿਰਫ ਆਪਣੀਆਂ ਜੇਬਾਂ ਤੱਕ ਮਤਲਬ ਹੈ ਲੋਕਾਂ ਦੇ ਮਸਲੇ ਹੱਲ ਕਰਵਾਉਣ ਤੱਕ ਇਹਨਾਂ ਨੂੰ ਕੋਈ ਲੈਣਾ ਦੇਣਾ ਨਹੀਂ।





ਇਸ ਮੌਕੇ ਤੇ ਸੀਨੀਅਰ ਆਰ ਐਸ ਐਸ ਅਤੇ ਭਾਜਪਾ ਆਗੂ ਪਰਮਜੀਤ ਸਿੰਘ ਨੇ ਕਿਹਾ ਕਿ ਅੱਜ ਪਾਰਟੀਆਂ ਅਤੇ ਨੇਤਾ ਆਪਣੇ ਨਿੱਜੀ ਸਵਾਰਥ ਲਈ ਲੋਕਾਂ ਦੇ ਮਸਲਿਆਂ ਤੋਂ ਮੂੰਹ ਮੋੜ ਲੈਂਦੇ ਹਨ। ਉਹਨਾਂ ਨੇ 40 ਸਾਲ ਆਰ ਐਸ ਐਸ ਦੀ ਸੇਵਾ ਕੀਤੀ ਪਰ ਅੱਜ ਉਹਨਾਂ ਦੇ ਰਾਜਨੀਤਿਕ ਵਿੰਗ ਭਾਜਪਾ ਨਾ ਤਾਂ ਵਿਕਾਸ ਦੀ ਗੱਲ ਕਰਦੀ ਹੈ ਅਤੇ ਨਾ ਹੀ ਰੋਜਗਾਰ ਦੀ!

ਇਥੋਂ ਤੱਕ ਕਿ ਕਿਸਾਨਾਂ ਅਤੇ ਵਪਾਰੀਆਂ ਦੇ ਮੁੱਦੇ *ਤੇ ਭਾਜਪਾ ਨੇਤਾ ਗੱਲ ਨਹੀਂ ਕਰਦੇ ਜਿਸ ਕਾਰਨ ਉਹ ਸ਼ਿਵ ਸੈਨਾ ਹਿੰਦੂਸਤਾਨ ਦਾ ਸਮਰਥਨ ਕਰ ਰਹੇ ਹਨ ਤਾਂ ਜੋ ਲੋਕਾਂ ਦੇ ਮਸਲੇ ਹੱਲ ਹੋ ਸਕਣ।

ਇਸ ਮੌਕੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਹਲਕਾ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ ਕ੍ਰਿਸ਼ਨ ਕੁਮਾਰ ਗਾਬਾ ਨੇ ਕਿਹਾ ਕਿ ਕਰੋਨਾ ਕਾਲ ਸਮੇਂ ਵੀ ਅਸੀਂ ਲੋਕਾਂ ਦੇ ਕੰਮ ਆਏ ਅਤੇ ਹੜਾਂ ਸਮੇਂ ਵੀ ਪਰ ਸਰਕਾਰਾਂ ਨੇ ਅਖਬਾਰਾਂ ਵਿੱਚ ਸੁਰਖੀਆਂ ਲਗਵਾਉਣ ਤੋਂ ਇਲਾਵਾ ਕੁਝ ਨਹੀਂ ਕੀਤਾ ਅਜਿਹੇ ਸਮੇਂ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਜਾਤ-ਧਰਮ ਤੋਂ ਉਪਰ ਉੱਠ ਕੇ ਗਰੀਬਾਂ ਅਤੇ ਜਰੂਰਤਮੰਦਾਂ ਦੀ ਮਦਦ ਕੀਤੀ। ਪਿੰਡਾਂ ਵਿੱਚ ਦੂਰ ਦੁਰਾਡੇ ਟ੍ਰੈਕਟਰ ਟਰਾਲੀਆਂ ਵਿੱਚ ਰਾਸ਼ਨ ਭਰ ਭਰ ਕੇ ਲੋਕਾਂ ਤੱਕ ਪਹੁੰਚਾਏ ਤਾਂ ਕਿ ਕੋਈ ਵੀ ਭੁੱਖਾ ਨਾ ਸੌਂਵੇ।

ਇਸ ਮੌਕੇ ਸ਼ਿਵ ਸੈਨਾ ਹਿੰਦੁਸਤਾਨ ਦੇ ਪਟਿਆਲਾ ਨਾਲ ਸਬੰਧਤ ਸਾਰੇ ਸੀਨੀਅਰ ਆਗੂ ਰਵਿੰਦਰ ਸਿੰਗਲਾ ਚੇਅਰਮੈਨ ਪੰਜਾਬ, ਕ੍ਰਿਸ਼ਨ ਕੁਮਾਰ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਹਿਤੇਸ਼ ਰਿੰਕੂ ਪੰਜਾਬ ਪ੍ਰਧਾਨ ਆਈ ਟੀ ਸੈਨਾ ਪੰਜਾਬ, ਐਡਵੋਕੇਟ ਪੰਕਜ ਗੌੜ ਪੰਜਾਬ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਐਡਵੋਕੇਟ ਲੀਗਲ ਸੈਨਾ, ਨੰਦ ਲਾਲ ਜਿਲਾ ਵਾਇਸ ਪ੍ਰਧਾਨ ਪਟਿਆਲਾ, ਗੁਰਪ੍ਰੀਤ ਬੱਗੀ, ਰਿੰਕੂ ਸ਼ਰਮਾ, ਹਰਪ੍ਰੀਤ ਸ਼ਰਮਾ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਤਰੁਣ ਸਿੰਘ ਕੋਹਲੀ ਜਿਲ੍ਹਾ ਮੀਡੀਆ ਇੰਚਾਰਜ ਪਟਿਆਲਾ, ਹਰਸ਼ ਬਜਾਜ ਜਿਲ੍ਹਾ ਪ੍ਰਧਾਨ ਹਿੰਦੁਸਤਾਨ ਮਹਿਲਾ ਸੈਨਾ ਪਟਿਆਲਾ, ਰਾਕੇਸ਼ ਕੁਮਾਰ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਬੰਸ਼ੀ ਲਾਲ ਸ਼ਮਸ਼ੇਰ ਸਿੰਘ, ਪਰਮਜੀਤ ਸ਼ਰਮਾ, ਸੀਮਾ ਗਰਗ, ਅਨੀਤਾ ਗਰਗ, ਸੁਰੇਸ਼ ਜਿੰਦਲ ਅਤੇ ਹੋਰ ਸੀਨੀਅਰ ਵਰਕਰ ਆਗੂ ਹਾਜ਼ਰ ਸਨ।

# ਵੱਧ ਵੋਟਰ ਪ੍ਰਤੀਸ਼ਤਤਾ ਨੂੰ ਯਕੀਨੀ ਬਣਾਉਣ ਲਈ ਵੋਟਰਾਂ ਨੂੰ ਕੀਤਾ ਜਾਗਰੂਕ

**ਫਾਜ਼ਿਲਕਾ, 29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

-ਲੋਕ ਸਭਾ ਚੋਣਾਂ 2024 ਦੇ ਮਦੇਨਜਰ ਜ਼ਿਲ੍ਹਾ ਚੋਣ ਅਫਸਰ ਫਾਜ਼ਿਲਕਾ ਕਮ ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂ ਦੁੱਗਲ, ਏ ਡੀ ਸੀ ਸ਼੍ਰੀ ਰਾਕੇਸ਼ ਕੁਮਾਰ ਪੋਪਲੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਜਲਾਲਾਬਾਦ - 079 ਚੋਣ ਅਧਿਕਾਰੀ ਕਮ ਉਪ ਮੰਡਲ ਮਜਿਸਟ੍ਰੇਟ ਸਰਦਾਰ ਬਲਕਰਨ ਸਿੰਘ ਦੀ ਯੋਗ ਅਗਵਾਈ ਹੇਠ ਵੱਧ ਵੋਟਰ ਪ੍ਰਤੀਸ਼ਤਤਾ ਨੂੰ ਯਕੀਨੀ ਬਣਾਉਣ ਲਈ ਸਵੀਪ ਪ੍ਰੋਜੈਕਟ ਅਧੀਨ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।

ਵੋਟਰ ਜਾਗਰੂਕਤਾ ਲਈ ਜਲਾਲਾਬਾਦ ਦੀ ਟੀਮ ਸਵੀਪ ਦੁਆਰਾ ਲੋਕਸਭਾ ਚੋਣਾਂ 2024 ਲਈ ਵੋਟਰ ਜਾਗਰੁਕਤਾ ਕੈਂਪਾਂ ਦਾ ਆਯੋਜਨ ਡੋਰ ਟੂ ਡੋਰ ਵੱਖ-ਵੱਖ ਦੁਕਾਨਾਂ, ਗਲੀ ਮੁਹੱਲਿਆਂ ਅਤੇ ਵੱਖ ਵੱਖ ਸਿਨੇਮਾ ਘਰਾਂ ਵਿਖੇ ਜਾ ਕੇ ਵੋਟਰਾਂ ਨੂੰ ਵੱਧ ਤੋਂ ਵੱਧ



ਵੋਟਾਂ ਪੋਲ ਕਰਨ ਲਈ ਜਾਗਰੂਕ ਕੀਤਾ ਗਿਆ। ਕੈਂਪ ਦਾ ਆਯੋਜਨ ਟੀਮ ਇੰਚਾਰਜ ਸ਼੍ਰੀ ਅਮਰਦੀਪ ਬਾਲੀ ਹੈੱਡਮਾਸਟਰ ਦੀ ਅਗਵਾਈ ਹੇਠ ਸ਼੍ਰੀ ਹੁਸ਼ਿਆਰ ਸਿੰਘ ਦਰਗਨ, ਸ਼੍ਰੀ ਸਤਨਾਮ ਸਿੰਘ, ਸ਼੍ਰੀ ਰਮਨਦੀਪ ਸਿੰਘ ਦੇ ਸਹਿਯੋਗ ਨਾਲ ਕੀਤਾ ਗਿਆ।

ਚੋਣ ਸੈੱਲ ਸੁਖਵਿੰਦਰ ਸਿੰਘ, ਸੁਰਿੰਦਰ ਛਿੰਦਾ ਅਤੇ ਰੂਬੀ ਮੈਡਮ ਦਾ ਪੂਰਾ ਸਹਿਯੋਗ ਰਿਹਾ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਜ਼ਿਲ੍ਹਾ ਖੰਨਾ ਵੱਲੋਂ ਮਾਛੀਵਾੜਾ ਵਿਖੇ ਕੱਢਿਆ ਗਿਆ ਫਲੈਗ ਮਾਰਚ

**ਮਾਛੀਵਾੜਾ ਸਾਹਿਬ-29 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਪੁਲਿਸ ਜਿਲਾ ਖੰਨਾ ਪੂਰੀ ਤਰਹਾਂ ਅਲਰਟ ਹੈ। ਤੇ ਹਲਕੇ ਵਿੱਚ ਕਿਸੇ ਵੀ ਕਿਸਮ ਦੀ ਕੋਈ ਗੈਰ ਕਾਨੂੰਨੀ ਘਟਨਾ ਨਹੀਂ ਹੋਣ ਦਿੱਤੀ ਜਾਵੇਗੀ। ਪੰਜਾਬ ਪੁਲਿਸ ਖੰਨਾ ਤੇ ਵੱਖ-ਵੱਖ ਆਰਮੀ ਟੀਮਾਂ ਨਾਲ ਅੱਜ ਮਾਛੀਵਾੜਾ ਸਾਹਿਬ ਵਿਖੇ ਫਲੈਗ ਮਾਰਚ ਕੱਢਦਿਆਂ ਐਸ.ਪੀ.ਡੀ. ਸੌਰਵ ਜਿੰਦਲ ਨੇ ਦੱਸਿਆ ਕਿ ਫਲੈਗ ਮਾਰਚ ਦਾ ਮੁੱਖ ਮਕਸਦ ਇਲਾਕੇ ਵਿੱਚ ਮਾਹੌਲ ਸ਼ਾਂਤਮਈ ਬਣਾਉਣਾ ਅਤੇ ਸ਼ਰਾਰਤੀ ਅਨਸਰਾਂ ਨੂੰ ਸਖਤ ਤਾੜਨਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਹਰਕਤ ਨਾ ਕਰਨ ਨਹੀਂ ਤਾਂ ਉਹਨਾਂ ਨੂੰ ਕਿਸੇ ਕਿਸਮ ਦੇ ਉੱਤੇ ਬਖਸ਼ਿਆ ਨਹੀਂ ਜਾਵੇਗਾ ਕਿਉਂਕਿ ਪੰਜਾਬ ਪੁਲਿਸ ਹਰ ਤਰ੍ਹਾਂ ਦੇ ਹਾਲਾਤਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਹਨਾਂ ਕਿਹਾ ਕਿ ਹਲਕਾ ਫਤਿਹਗੜ੍ਹ ਸਾਹਿਬ ਦੇ ਪੁਲਿਸ ਜ਼ਿਲ੍ਹਾ ਖੰਨਾ ਅਧੀਨ ਆਉਂਦੇ ਸਾਰੇ ਪੋਲਿੰਗ ਸਟੇਸ਼ਨਾਂ ਵਿੱਚ ਪ੍ਰਬੰਧ ਪੂਰੀ ਤਰ੍ਹਾਂ ਕੀਤੇ ਜਾ ਚੁੱਕੇ ਹਨ। ਪੰਜਾਬ ਪੁਲਿਸ ਨਾਲ ਆਰਮੀ ਦੀਆਂ ਵੱਖ-ਵੱਖ ਟੀਮਾਂ ਹਰ ਵਕਤ ਨਿਗਰਾਨੀ ਕਰ ਰਹੀਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ ਤੇ ਕੈਮਰਿਆਂ ਰਾਹੀਂ ਵੀ ਨਜ਼ਰ ਰੱਖੀ ਜਾ ਰਹੀ ਹੈ। ਮਾਛੀਵਾੜਾ ਸਾਹਿਬ ਵਿਖੇ ਐਸ.ਪੀ. ਡੀ. ਸੌਰਵ ਜਿੰਦਲ ਦੀ ਅਗਵਾਈ ਵਿੱਚ ਸਮੁੱਚੀ ਟੀਮ ਨੇ ਗਨੀ ਖਾਂ ਨਬੀ ਖਾਂ ਗੇਟਾਂ ਤੋਂ ਫਲੈਗ ਮਾਰਚ ਸ਼ੁਰੂ ਕਰ ਮਾਛੀਵਾੜਾ ਸਾਹਿਬ ਦੇ ਵੱਖ-ਵੱਖ ਹਿੱਸਿਆਂ ਵਿੱਚ ਫਲੈਗ ਮਾਰਚ ਕੱਢਿਆ ਗਿਆ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕੇ ਦੇ ਹਰ ਪੋਲਿੰਗ ਸਟੇਸ਼ਨ ਉੱਤੇ ਖਾਸ ਨਜ਼ਰ ਰੱਖੀ ਜਾ ਰਹੀ ਹੈ। ਖਾਸ ਤੌਰ ਤੇ ਮਾਛੀਵਾੜਾ ਸਾਹਿਬ ਵਿੱਚ ਕੁਝ ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਉੱਤੇ ਪੰਜਾਬ ਪੁਲਿਸ ਦੀ ਖਾਸ ਤੌਰ ਤੇ ਨਿਗਰਾਨੀ ਰਹੇਗੀ। ਡੀ.ਐੱਸ.ਪੀ. ਐੱਚ. ਖੰਨਾ ਪਲਵਿੰਦਰ ਸਿੰਘ, ਡੀ.ਐਸ.ਪੀ. ਖੰਨਾ ਕਰਮਵੀਰ ਸਿੰਘ ,ਡੀ.ਐੱਸ.ਪੀ.ਖੰਨਾ ਰਵਿੰਦਰ ਸਿੰਘ ਰੰਧਾਵਾ ,ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ, ਐੱਸ.ਐੱਚ. ਓ. ਮਾਛੀਵਾੜਾ ਭਿੰਦਰ ਸਿੰਘ ਖੰਗੂੜਾ, ਐੱਸ.ਐੱਚ.ਓ. ਸਮਰਾਲਾ ਰਾਓ ਵਰਿੰਦਰ ਸਿੰਘ ਆਪਣੀਆਂ ਟੀਮਾਂ ਸਮੇਤ ਹਾਜ਼ਰ ਸਨ।

# ਵਸੀਅਤ ਬਾਰੇ ਜਾਣਕਾਰੀ

**-ਜੇਕਰ ਖਾਨਗੀ ਵਸੀਅਤ ਹੋਵੇ ਤਾਂ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਨ ਉਸ ਵਸੀਅਤ ਨੂੰ ਰਜਿਸਟਰਡ ਵੀ ਕਰਵਾ ਸਕਦੇ ਹਨ। ਇਹ ਸਾਰੇ ਕਾਗਜ਼ ਅਤੇ ਅਰਜ਼ੀ ਲਿਖ ਕੇ ਉਸਦੇ ਨਾਲ ਵਸੀਅਤ ਦੀ ਕਾਪੀ ਅਤੇ ਮੌਤ ਦਾ ਸਰਟਿਫਿਕੇਟ ਲਗਾ ਕੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਦੇਣੀ ਹੁੰਦੀ ਹੈ ਅਤੇ ਫਿਰ ਸਬ-ਰਜਿਸਟਰਾਰ ਅਖਬਾਰ ਵਿਚ ਦੇਕੇ 45 ਦਿਨਾਂ ਦਾ ਨੋਟਿਸ ਆਮ ਜਨਤਾ ਨੂੰ ਵਸੀਅਤ ਜਮਾ ਕਰਵਾਉਣ ਸੰਬੰਧੀ ਇਤਰਾਜ਼ ਫਾਇਲ ਕਰਨ ਲਈ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਮਿੱਥੇ ਸਮੇਂ ਤੱਕ ਫਾਇਲ ਕਰਨ।**



ਦੋਸਤੋ ਆਪਣੇ ਇਸ ਲੇਖ ਰਾਹੀਂ ਮੈਂ ਸੀ.ਆਰ.ਆਈ ਦੇ ਜਰੀਏ ਤੁਹਾਨੂੰ ਕਾਨੂੰਨ ਨਾਲ ਸੰਬੰਧਤ ਵਿਸ਼ੇ ਵਸੀਅਤ ਯਾਨੀ will ਬਾਰੇ ਜਾਣਕਾਰੀ ਦੇਣ ਜਾ ਰਿਹਾ ਹਾਂ। ਆਪਣੇ ਇਸ ਲੇਖ ਰਾਹੀਂ ਮੈਂ ਇਸ ਗੱਲ ਤੇ ਰੋਸ਼ਨੀ ਪਾਉਣ ਜਾ ਰਿਹਾ ਹਾਂ ਕਿ ਆਖਿਰ ਵਿਚ ਵਸੀਅਤ ਕੌਣ ਕਰ ਸਕਦਾ ਹੈ, ਵਸੀਅਤ ਕਿਸ ਤਰਾਂ ਕੀਤੀ ਜਾ ਸਕਦੀ ਹੈ ਅਤੇ ਵਸੀਅਤ ਕਰਨ ਦੇ ਕਿ ਫਾਇਦੇ ਹਨ।

-ਅਕਸਰ ਅਸੀਂ ਵੇਖਤੇ ਹਾਂ ਕਿ ਜਦੋਂ ਪਰਿਵਾਰ ਵਿਚ ਕਿਸੇ ਦੀ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਜਮੀਨ ਜਾਦਿਾਦ, ਚਲ-ਅਚਲ ਸੰਪਤੀ ਨੂੰ ਲੈਕੇ ਵਾਰਿਸਾਂ ਜਾ ਰਿਸ਼ਤੇਦਾਰਾਂ ਵਿਚ ਲੜਾਈ ਝਗੜਾ ਹੋ ਜਾਂਦਾ ਹੈ। ਇਹ ਲੜਾਈ ਝਗੜੇ ਕਈ ਵਾਰ ਇਸ ਹੱਦ ਤੱਕ ਪਹੁੰਚ ਜਾਂਦੇ ਹਨ ਕਿ ਰਿਸ਼ਤਿਆਂ ਵਿਚਕਾਰ ਤਰੇੜਾਂ ਪੈ ਜਾਂਦੀਆਂ ਹਨ ਅਤੇ ਕਈ ਵਾਰ ਇਨਾਂ ਤਰੇੜਾਂ ਕਾਰਨ ਰਿਸ਼ਤੇ ਟੁੱਟ ਵੀ ਜਾਂਦੇ ਹਨ।

-ਕਿਸੇ ਵੀ ਵਿਅਕਤੀ ਦੇ ਕਾਨੂੰਨੀ ਤੌਰ ਤੇ ਵਾਰਸਾਨ ਚਲ-ਅਚਲ ਜਾਇਦਾਦ ਵਿਚ ਬਰਾਬਰ ਦੇ ਹੱਕਦਾਰ ਹੁੰਦੇ ਹਨ। ਪਰ ਜੇ ਕੋਈ ਵਿਅਕਤੀ ਆਪਣੀ ਚਲ-ਅਚਲ ਜਾਇਦਾਦ ਵਿਚ ਸੱਭ ਨੂੰ ਬਰਾਬਰ ਦਾ ਹੱਕ ਨ ਦੇ ਕੇ ਘੱਟ-ਵੱਧ ਜਾਂ ਕਿਸੇ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰਨਾ ਚਾਹੁੰਦਾ ਹੋਵੇ ਤਾਂ ਉਸ ਵੇਲੇ ਉਹ ਵਿਅਕਤੀ ਵਸੀਅਤ ਰਾਹੀਂ ਆਪਣੀ ਜਾਇਦਾਦ ਦਾ ਬਟਵਾਰਾ ਕਰ ਸਕਦਾ ਹੈ ਭਾਵ ਵਸੀਅਤ ਕਾਨੂਨੀ ਤੌਰ ਤੇ ਵਾਰਸਾਨ ਦੇ ਹੱਕਾਂ ਵਿਚ ਦਖਲ-ਅੰਦਾਜੀ ਤੋਂ ਉਪਜਦੀ ਹੈ।

- ਵਸੀਅਤ ਯਾਨੀ will ਕੋਈ ਵੀ ਵਿਅਕਤੀ ਖੁਦ ਖਰੀਦੀ ਹੋਈ ਚਲ-ਅਚਲ ਜਾਇਦਾਦ ਦੀ ਕਰ ਸਕਦਾ ਹੈ ਬੇਸ਼ਰਤੇ ਵਸੀਅਤ ਕਰਨ ਵੇਲੇ ਉਹ ਤੰਦਰੁਸਤ ਹੋਵੇ, ਚੰਗਾ-ਮਾੜਾ ਸਮਝਣ ਦੀ ਸੋਝੀ ਰੱਖਦਾ ਹੋਵੇ, ਹੋਸ਼-ਹਵਾਸ ਵਿਚ ਹੋਵੇ ਅਤੇ ਮਾਨਸਿਕ ਸਥਿਤੀ ਸੰਤੁਲਿਤ ਹੋਵੇ। ਆਪਣੀ ਮਰਜ਼ੀ ਮੁਤਾਬਿਕ ਅਤੇ ਬਿਨਾ ਕਿਸੇ ਪ੍ਰਕਾਰ ਦਾ ਦਬਾਅ, ਡਰ ਜਾਂ ਭੈਅ ਨ ਹੋਵੇ ਉਹ ਵਿਅਕਤੀ ਵਸੀਅਤ ਕਰ ਸਕਦਾ ਹੈ।

-ਵਸੀਅਤ ਇਕ ਸਾਦੇ ਕਾਗਜ਼ ਤੇ ਹੱਥ-ਲਿਖਤ ਵੀ ਹੋ ਸਕਦੀ ਹੈ ਜਾਂ ਫਿਰ ਇਸ ਨੂੰ ਟਾਇਪ ਵੀ ਕਰਵਾਇਆ ਜਾ ਸਕਦਾ ਹੈ। ਵਸੀਅਤ ਲਈ ਕਿਸੇ ਸਟੈਂਪ ਪੇਪਰ ਦੀ ਲੋੜ ਨਹੀਂ ਹੁੰਦੀ। ਵਸੀਅਤ ਲਿਖਣ ਵੇਲੇ ਵਸੀਅਤ ਕਰਨ ਵਾਲਾ ਵਿਅਕਤੀ ਆਪਣੇ ਆਪ ਆਪਣੀ ਮਰਜ਼ੀ ਮੁਤਾਬਿਕ ਬਿਨਾਂ ਡਰ-ਦਬਾਅ ਅਤੇ ਭੈਅ ਤੋਂ ਆਪਣੇ ਮੂੰਹੋਂ ਬੋਲ ਕੇ ਲਿਖਵਾਉਂਦਾ ਹੈ। ਲਿਖਣ ਤੋਂ ਬਾਅਤ ਉਸਨੂੰ ਪੜ ਕੇ ਸੁਣ ਕੇ ਅਤੇ ਸਹੀ ਮੰਨ ਕੇ, ਵਸੀਅਤ ਪਰ ਗਵਾਹਾਂ ਦੀ ਹਾਜਰੀ ਵਿਚ ਆਪਣੇ ਦਸਖਤ ਜਾਂ ਅੰਗੂਠਾ ਲਗਾਉਂਦਾ ਹੈ। ਵਸੀਅਤ ਲਈ ਘੱਟੋਂ-ਘੱਟ ਦੋ ਗਵਾਹ ਹੋਣੇ ਜ਼ਰੂਰੀ ਹਨ ਜੋ ਲਿਖਤ ਸਮੇਂ ਮੌਜੂਦ ਹੋਣ ਅਤੇ ਗਵਾਹ ਆਪਣਾ ਨਾਮ, ਪਿਤਾ ਦਾ ਨਾਮ ਅਤੇ ਪੂਰਾ ਪਤਾ ਲਿਖਾਵੇ ਅਤੇ ਵਸੀਅਤ ਤੇ ਅੰਗੂਠਾ ਜਾਂ ਦਸਖਤ ਕਰਦੇ ਹੋਏ ਇਹ ਤਸਦੀਕ ਕਰਦੇ ਹਨ ਕਿ ਇਹ ਵਸੀਅਤ ਵਸੀਅਤ ਕਰਤਾ ਨੇ ਆਪਣੇ ਮੁਤਾਬਿਕ ਸਾਡੀ ਹਾਜ਼ਰੀ ਵਿਚ ਲਿਖਵਾਈ ਹੈ।

-ਹਾਲੇ ਵੀ ਸਾਡੇ ਪੇਂਡੂ ਖੇਤਰਾਂ ਵਿਚ ਲੋਕ ਘਰ ਬੈਠ ਕੇ ਹੀ ਸਾਦੇ ਕਾਗਜ਼ਾਂ ਤੇ ਵਸੀਅਤ ਲਿਖ ਲੈਂਦੇ ਹਨ ਜਿਸ ਨੂੰ ਆਮ ਭਾਸ਼ਾਂ ਵਿਚ ਅਨ-ਰਜਿਸਟਰਡ ਵਸੀਅਤ ਕਹਿੰਦੇ ਹਨ। ਪਰ ਕੁਝ ਲੋਕ ਵਸੀਅਤ ਤਹਰੀਰ ਕਰਵਾ ਕੇ ਬਕਾਇਦਾ ਤੌਰ ਤੇ ਸਬ-ਰਜਿਸਟਰਾਰ ਦੇ ਦਫ਼ਤਰ




ਵਿਚ ਵਸੀਅਤ ਕਰਤਾ ਅਤੇ ਗਵਾਹ ਸਮੇਤ ਸਬ-ਰਜਿਸਟਰਾਰ ਦੇ ਸਾਹਮਣੇ ਪੇਸ਼ ਹੋਕੇ ਵਸੀਅਤ ਨੂੰ ਰਜਿਸਟਰਡ ਕਰਵਾਉਂਦੇ ਹਨ। ਕਾਨੂੰਨ ਪੱਖੋਂ ਖਾਨਗੀ ਵਸੀਅਤ ਅਤੇ ਰਜਿਸਟਰਡ ਵਸੀਅਤ ਵਿਚ ਕੋਈ ਫ਼ਰਕ ਨਹੀਂ ਹੁੰਦਾ ਕਿਉਂਕਿ ਵਸੀਅਤ ਤਾਂ ਵਸੀਅਤ ਹੀ ਹੈ। ਰਜਿਸਟਰਡ ਵਸੀਅਤ ਨੂੰ ਸਾਰਥਕ ਦਸਤਾਵੇਜ ਇਸ ਲਈ ਮੰਨਿਆ ਜਾਂਦਾ ਹੈ ਕਿਉਂਕਿ ਇਹ ਦਸਤਾਵੇਜ਼ ਸਬ-ਰਜਿਸਟਰਾਰ ਦੇ ਪੇਸ਼ ਹੋ ਕੇ ਰਜਿਸਟਰਡ ਹੁੰਦਾ ਹੈ।

-ਵਸੀਅਤ ਕਰਨ ਵੇਲੇ ਵਸੀਅਤ ਕਰਤਾ ਨੂੰ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਇਸ ਵਸੀਅਤ ਨੂੰ ਤਹਰੀਰ ਕਰਵਾਉਣ ਤੋਂ ਪਹਿਲਾਂ ਉਸ ਨੇ ਹੋਰ ਕੋਈ ਵਸੀਅਤ ਤਾਂ ਨਹੀਂ ਕਰਵਾਈ ਅਤੇ ਇਹ ਉਸਦੀ ਪਹਿਲੀ ਅਤੇ ਆਖਿਰੀ ਵਸੀਅਤ ਹੈ। ਪਰ ਜੇ ਕਰ ਉਸ ਵੱਲੋਂ ਪਹਿਲਾਂ ਕੋਈ ਵਸੀਅਤ ਕਰੀ ਹੋਵੇ ਤਾਂ ਉਸ ਵਸੀਅਤ ਨੂੰ ਕੈਂਸਲ ਕਰਵਾ ਕੇ ਨਵੀਂ ਤਹਰੀਰ ਕੀਤੀ ਵਸੀਅਤ ਵਿਚ ਉਸਦਾ ਵੇਰਵਾ ਦੇਣਾ ਜ਼ਰੂਰੀ ਹੁੰਦਾ ਹੈ। ਜੇਕਰ ਵਸੀਅਤ ਕਰਤਾ ਕਿਸੇ ਕਾਰਨ ਵਸ਼ ਆਪਣੇ ਕਿਸੇ ਵਾਰਸਾਨ ਨੂੰ ਆਪਣੀ ਚਲ-ਅਚੱਲ ਸੰਪੱਤੀ ਵਿਚੋਂ ਕੁਝ ਨ ਦੇਣਾ ਚਾਹੁੰਦਾ ਹੋਵੇ ਤਾਂ ਉਸਦਾ ਕਾਰਨ ਆਪਣੀ ਵਸੀਅਤ ਵਿਚ ਦਰਜ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਵਸੀਅਤ ਕਰਤਾ ਕਿਸੇ ਵੀ ਵਕਤ ਜੇ ਉਸਨੂੰ ਕੋਈ ਮੁਤਲਕਾ ਲੱਗੇ ਤਾਂ ਕੀਤੀ ਵਸੀਅਤ ਨੂੰ ਰੱਦ ਕਰਕੇ ਨਵੀਂ ਵਸੀਅਤ ਤਹਰੀਰ ਕਰਵਾ ਸਕਦਾ ਹੈ।

-ਵਸੀਅਤ ਕਰਤਾ ਨੂੰ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਵਸੀਅਤ ਕਰਨ ਵੇਲੇ ਵਸੀਅਤ ਦੇ ਲਾਭ-ਪਾਤਰਾਂ ਨੂੰ ਕਿਸੇ ਗੱਲ ਦਾ ਪਤਾ ਨ ਲੱਗੇ ਅਤੇ ਨ ਹੀ ਕੋਈ ਲਾਭ-ਪਾਤਰ ਉਸ ਵਸੀਅਤ ਦੇ ਗਵਾਹ ਵੱਜੋਂ ਅਤੇ ਵਸੀਅਤ ਤਹਰੀਰ ਕਰਨ ਵੇਲੇ ਹਾਜ਼ਰ ਹੋਵੇ ਕਿਉਂਕਿ ਵਸੀਅਤ ਕਰਤਾ ਵਸੀਅਤ ਕਰਨ ਵੇਲੇ ਆਪਣੇ ਅੰਤਰਮਣ ਨਾਲ ਰਿਸ਼ਤਿਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਵਸੀਅਤ ਤਹਰੀਰ ਕਰਵਾਉਂਦਾ ਹੈ।

-ਵਸੀਅਤ ਹਮੇਸ਼ਾ ਸਾਦੀ



ਅਤੇ ਆਮ ਸਮਝਣ ਵਾਲੀ ਭਾਸ਼ਾ ਵਿਚ ਲਿਖੀ ਹੋਵੇ ਤਾਂ ਚੰਗੀ ਹੁੰਦੀ ਹੈ। ਉਸ ਦੇ ਹਰ ਅੱਖਰ ਸਾਫ਼-ਸਾਫ਼ ਹੋਣ ਤਾਂ ਜੋ ਵੇਲੇ ਸਿਰ ਪੜਣ ਸਮੇਂ ਕੋਈ ਸਮੱਸਿਆ ਨ ਆਵੇ। ਵਸੀਅਤ ਲਿਖਣ ਵੇਲੇ ਚੰਗਾ ਹੋਵੇ ਕਿ ਉਹ ਆਪਣੀ ਚਲ-ਅਚਲ ਜਾਇਦਾਦ ਦਾ ਪੂਰਾ ਵੇਰਵਾ ਵਸੀਅਤ ਵਿਚ ਇੰਦਰਾਜ਼ ਕਰਵਾਏ। ਜ਼ਮੀਨ ਕਿੰਨੀ ਹੈ ਕਿਸ ਪਿੰਡ ਵਿਚ ਹੈ। ਇਸੇ ਤਰਾਂ ਆਪਣੇ ਬੈਂਕ ਬੈਲੇਂਸ ਅਤੇ ਸ਼ੇਅਰ ਆਦਿ ਬਾਰੇ ਵੀ ਜਾਣਕਾਰੀ ਦਵੇ ਤਾਂ ਚੰਗਾ ਹੁੰਦਾ ਹੈ। ਵਸੀਅਤ ਕਰਨ ਦਾ ਸੱਭ ਤੋਂ ਵੱਡਾ ਫਾਇਦਾ ਇਹ ਹੁਦਾ ਹੈ ਕਿ ਉਸ ਵਿਅਕਤੀ ਦੀ ਮੌਤ ਤੋਂ ਪਿੱਛੋਂ ਕਿਸੇ ਵੀ ਵਾਰਸ ਨੂੰ ਉਸ ਦੀ ਚੱਲ ਅਤੇ ਅਚੱਲ ਜਾਇਦਾਦ ਨੂੰ ਲੈਕੇ ਕਿਸੇ ਵੀ ਵਾਰਸ ਨੂੰ ਕੋਈ ਵੀ ਭਰਮ ਨ ਹੋਵੇ ਅਤੇ ਕੋਈ ਵੀ ਝਗੜਾ ਨ ਹੋਵੇ। ਵਸੀਅਤ ਲਿਖਣ ਤੋਂ ਬਾਅਦ ਚੰਗਾ ਹੋਵੇ ਕਿ ਵਸੀਅਤ ਕਰਨ ਵਾਲਾ ਆਪਣੇ ਖਾਸ ਅਤੇ ਜਿਸ ਤੇ ਉਸਨੂੰ ਭਰੋਸਾ ਹੋਵੇ ਉਸਦੇ ਹਵਾਲੇ ਕਰ ਦੇਵੇ ਜਾਂ ਉਸਨੂੰ ਦੱਸ ਦੇਵੇ ਜਾਂ ਆਪਣੇ ਕਬਜ਼ੇ ਵਿਚ ਕਿਸੇ ਖਾਸ ਥਾਂ ਤੇ ਰੱਖੇ ਤਾਂ ਜੋ ਉਸ ਦੀ ਮੌਤ ਤੋਂ ਬਾਅਦ ਉਸਦੀ ਵਸੀਅਤ ਉਸਦੇ ਵਾਰਸਾਨ ਤੱਕ ਪਹੁੰਚ ਸਕੇ।

-ਵਸੀਅਤ ਕਰਤਾ ਨੂੰ ਲੱਗੇ ਕਿ ਜੇਕਰ ਵਾਰਸਾਨ ਉਸਦੀ ਜਾਇਦਾਦ ਦੀ ਦੇਖਭਾਲ ਕਰਨ ਵਿਚ ਅਸਮੱਰਥ ਹਨ ਜਾਂ ਕਾਬਿਲ ਨਹੀਂ ਹਨ ਤਾਂ ਅਜਿਹੀ ਸੂਰਤ ਵਿਚ ਵਸੀਅਤ ਕਰਤਾ ਕਿਸੇ ਵੀ ਹੋਰ ਵਿਅਕਤੀ ਜਿਸ ਨੂੰ ਉਹ ਕਾਬਿਲ ਸਮਝਦਾ ਹੋਵੇ ਅਤੇ ਉਸ ਨਾਲ ਪਿਆਰ ਅਤੇ ਸਨੇਹ ਹੋਵੇ ਉਸਦੇ ਨਾਂ ਜਾਂ ਫਿਰ ਆਪਣੀ ਜਾਇਦਾਦ ਦੀ ਵਸੀਅਤ ਕਿਸੇ ਧਾਰਮਿਕ ਚੈਰੀਟੇਬਲ ਟਰੱਸਟ ਜਾਂ ਵਿਦਿਅਕ ਅਦਾਰੇ ਦੇ ਨਾਂ ਵੀ ਕਰਵਾ ਸਕਦਾ ਹੈ।

-ਜੇਕਰ ਖਾਨਗੀ ਵਸੀਅਤ ਹੋਵੇ ਤਾਂ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਨ ਉਸ ਵਸੀਅਤ ਨੂੰ ਰਜਿਸਟਰਡ ਵੀ ਕਰਵਾ ਸਕਦੇ ਹਨ। ਇਹ ਸਾਰੇ ਕਾਗਜ਼ ਅਤੇ ਅਰਜ਼ੀ ਲਿਖ ਕੇ ਉਸਦੇ ਨਾਲ ਵਸੀਅਤ ਦੀ ਕਾਪੀ ਅਤੇ ਮੌਤ ਦਾ ਸਰਟਿਫਿਕੇਟ ਲਗਾ ਕੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਦੇਣੀ ਹੁੰਦੀ ਹੈ ਅਤੇ ਫਿਰ ਸਬ-ਰਜਿਸਟਰਾਰ ਅਖਬਾਰ ਵਿਚ ਦੇਕੇ 45 ਦਿਨਾਂ ਦਾ ਨੋਟਿਸ ਆਮ ਜਨਤਾ ਨੂੰ ਵਸੀਅਤ ਜਮਾ ਕਰਵਾਉਣ ਸੰਬੰਧੀ ਇਤਰਾਜ਼ ਫਾਇਲ ਕਰਨ ਲਈ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਮਿੱਥੇ ਸਮੇਂ ਤੱਕ ਫਾਇਲ ਕਰਨ। ਜੇਕਰ ਕੋਈ ਇਤਰਾਜ਼ ਨਹੀਂ ਆਉਂਦੇ ਤਾਂ ਸਬ-ਰਜਿਸਟਰਾਰ ਉਸ ਖਾਨਗੀ ਵਸੀਅਤ ਨੂੰ ਰਜਿਸਟਰਡ ਕਰਵਾਉਣ ਦਾ ਪਾਬੰਦ ਹੁੰਦਾ ਹੈ। ਆਖਿਰ ਵਿਚ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਤਹਰੀਰ ਕੀਤੀ ਹੋਈ ਵਸੀਅਤ ਭਾਵੇਂ ਖਾਨਗੀ ਹੋਵੇ ਜਾਂ ਰਜਿਸਟਰਡ ਹੋਵੇ ਕੋਈ ਵੀ ਕਾਨੂਨੀ ਵਾਰਸਾਣ ਕਿਸੇ ਵੀ ਵੇਲੇ ਸਿਵਲ ਕੋਰਟ ਵਿਚ ਉਸ ਵਸੀਅਤ ਨੂੰ ਚੈਲੈਂਜ ਕਰ ਸਕਦਾ ਹੈ ਅਤੇ ਸਿਵਲ ਕੋਰਟ ਸਬੂਤਾਂ ਦੇ ਆਧਾਰ ਤੇ ਉਸ ਦਾ ਫੈਸਲਾ ਕਰਦੀ ਹੈ ਜੋ ਧਿਰਾਂ ਤੇ ਪਾਬੰਦ ਹੁੰਦੀ ਹੈ।

## ਜੇ ਬਚਪਨ ਹੀ ਹੋਵ ਭੁਖਾ ?

ਕਿਸੇ ਵੀ ਇਮਾਰਤ ਦੀ ਮਜਬੂਤੀ ਉਸ ਇਮਾਰਦ ਦੀ ਨੀਂਹ 'ਤੇ ਟਿਕੀ ਹੁੰਦੀ ਹੈ ਅਤੇ ਜੇ ਨੀਂਹ ਹੀ ਕਮਜ਼ੋਰ ਹੋਵੇਗੀ ਤਾਂ ਇਮਾਰਤ ਕਦੇ ਵੀ ਗਿਰ ਸਕਦੀ ਹੈ। ਅਜਿਹੀ ਸਥਿਤੀ ਸਾਡੇ ਦੇਸ਼ ਵਿਚ ਆਉਣ ਵਾਲੀ ਪੀੜ੍ਹੀ ਦੀ ਹੋ ਗਈ ਹੈ ਜਿਸਦੀ ਨੀਂਹ ਭਾਵ ਆਉਣ ਵਾਲੀ ਯੁਵਾ ਪੀੜ੍ਹੀ ਦਾ ਬਚਪਨ ਇਹਨਾ ਜ਼ਿਆਦਾ ਭਿਆਨਕ ਅਤੇ ਦਰਦ ਭਰਿਆ ਹੈ ਕਿ ਜੇ ਸਮਾਂ ਰਹਿੰਦੇ ਇਸਨੂੰ ਨ ਸੰਭਾਲਿਆ ਗਿਆ ਤਾਂ ਅੰਜਾਮ ਬਹੁਤ ਹੀ ਮਾੜਾ ਹੋ ਸਕਦਾ ਹੈ। ਮਹਾ ਸੰਯੋਜਕ ਜਨ-ਗਣਨਾ ਕਮੀਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ 2014-15 ਵਿਚ ਦੇਸ਼ ਦੀ ਕੁੱਲ ਅਬਾਦੀ 132 ਕਰੋੜ 61 ਲੱਖ 55 ਹਜ਼ਾਰ ਤੱਕ ਪਹੁੰਚ ਚੁੱਕੀ ਹੈ। ਦੇਸ਼ ਦੇ 5 ਲੱਖ ਦੇ ਕਰੀਬ ਪਿੰਡਾਂ ਦੀ ਜਨ-ਗਣਨਾ ਦੇ ਅਨੁਪਾਤ ਤੋਂ ਲਗਭਗ ਦੋ-ਤਿਹਾਈ ਭਾਰਤ ਅਜੇ ਵੀ ਪਿੰਡਾਂ ਵਿਚ ਵਸਦਾ ਹੈ ਅਤੇ ਵਿਸ਼ਵ ਦੇ 120 ਕਰੋੜ ਅਤਿ ਗ਼ਰੀਬ ਲੋਕਾਂ ਦਾ ਤੀਸਰਾ ਹਿਸਾ ਭਾਰਤ ਵਿਚ ਹੈ। ਰਾਸ਼ਟਰੀ ਨਿਊਟਰੀਸ਼ਨ ਮਾਨੀਟਰਿੰਗ ਬਿਊਰੋ ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ ਲਗਭਗ 84 ਕਰੋੜ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਜ਼ਰੂਰਤ ਤੋਂ ਘੱਟ ਭੋਜਨ ਅਤੇ ਦੁੱਧ ਮਿਲਦਾ ਹੈ। ਸਿਹਤ ਮਾਹਿਰਾਂ ਅਨੁਸਾਰ 3 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ 300 ਮਿ.ਲੀ ਦੁੱਧ ਰੋਜ਼ਾਨਾ ਦੀ ਜ਼ਰੂਰਤ ਹੈ, ਪਰ ਪਿੰਡਾਂ ਦੀ ਸਥਿਤੀ ਇਸ ਮਾਮਲੇ ਵਿਚ ਚਿੰਤਾਜਨਕ ਹੈ ਜਿੱਥੇ ਇਸ ਉਮਰ ਦੇ ਬੱਚਿਆਂ ਨੂੰ ਕੇਵਲ 80 ਮਿ.ਲੀਟਰ ਦੁੱਧ ਹੀ ਨਸੀਬ ਹੁੰਦਾ ਹੈ। ਇਸ ਸਰਵੇ ਅਨੁਸਾਰ ਪਿੰਡਾਂ ਦੀਆਂ ਔਰਤਾਂ ਦੀ ਸਥਿਤੀ ਸ਼ਹਿਰੀ ਔਰਤਾਂ ਦੇ ਮੁਕਾਬਲੇ ਹੋਰ ਵੀ ਭਿਆਨਕ ਹੈ। ਸਰਵੇ ਦੌਰਾਨ ਸਾਹਮਣੇ ਆਇਆ ਹੈ ਕਿ ਗ੍ਰਾਮੀਣ ਭਾਰਤ ਦੀ 35 ਪ੍ਰਤੀਸ਼ਤ ਮਹਿਲਾਵਾਂ ਕਮਜ਼ੋਰੀ ਦੀ ਸ਼ਿਕਾਰ ਹਨ ਜਿਸ ਦੇ ਕਾਰਨ 46 ਪ੍ਰਤੀਸ਼ਤ ਨਵਜਾਤਾਂ ਨੂੰ ਪਹਿਲੇ 6 ਮਹੀਨੇ ਤੱਕ ਮਾਂ ਦਾ ਦੁੱਧ ਨਸੀਬ ਨਹੀਂ ਹੁੰਦਾ। ਭਾਰਤੀ ਬਾਲ ਸਿਹਤ ਅਕਾਦਮੀ ਅਨੁਸਾਰ ਦੇਸ਼ ਵਿਚ ਹਰ ਸਾਲ ਪੈਦਾ ਹੋਣ ਵਾਲੇ 2.71 ਕਰੋੜ ਬੱਚਿਆਂ ਵਿਚੋਂ 28 ਪ੍ਰਤੀਸ਼ਤ ਬੱਚਿਆਂ ਦਾ ਵਜ਼ਨ ਆਮ ਬੱਚਿਆਂ ਨਾਲੋਂ ਬਹੁਤ ਘੱਟ ਹੈ। ਕੇਵਲ 47 ਪ੍ਰਤੀਸ਼ਤ ਬੱਚੇ ਅਸਪਤਾਲ ਵਿਚ ਜਨਮ ਲੈਂਦੇ ਹਨ ਅਤੇ ਕੇਵਲ 41 ਪ੍ਰਤੀਸ਼ਤ ਨਵਜਾਤਾਂ ਨੂੰ ਹੀ ਪੈਦਾ ਹੋਣ ਤੋਂ ਬਾਅਦ ਮਾਂ ਦਾ ਦੁੱਧ ਮਿਲਦਾ ਹੈ। ਭਾਰਤ ਵਿਚ ਹਰ ਰੋਜ਼ 6400 ਬੱਚਿਆਂ ਦੀ ਮੌਤ ਕੁਪੋਸ਼ਨ ਕਾਰਨ ਹੁੰਦੀ ਹੈ। ਅੱਜ ਭਾਰਤ ਵਿਸ਼ਵ ਵਿਚ ਕੁਪੋਸ਼ਿਤ ਬੱਚਿਆਂ ਦੀ ਸਭ ਤੋਂ ਵੱਧ ਅਬਾਦੀ ਵਾਲਾ ਮੁਲਕ ਬਣ ਗਿਆ ਹੈ। ਜਦਕਿ ਬ੍ਰਾਜੀਲ ਅਤੇ ਚੀਨ ਦੂਸਰੇ ਤੇ ਤੀਸਰੇ ਨੰਬਰ 'ਤੇ ਹੈ। 'ਸੇਵ ਦ ਚਿਲਡਰਨ' ਦੀ ਤਾਜ਼ਾ ਰਿਪੋਰਟ ਮੁਤਾਬਿਕ ਭਾਰਤ ਵਿਚ 10 ਲੱਖ ਬੱਚੇ ਆਪਣੇ ਜੀਵਨ ਦਾ ਦੂਜਾ ਦਿਨ ਨਹੀਂ ਦੇਖ ਪਾਉਂਦੇ। ਰਿਪੋਰਟ ਅਨੁਸਾਰ ਭਾਰਤ ਵਿਚ ਨਵਜਾਤ ਬੱਚਿਆਂ ਦੀ ਮੌਤ ਦਰ ਦੇ ਮਾਮਲਿਆਂ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਰੈਂਕਿੰਗ 46 ਆਂਕੀ ਗਈ ਹੈ।

# ਕੁਦਰਤੀ ਜਲ ਸੋਮਿਆਂ ਨੂੰ ਬਚਾਉਣਾ ਸਮੇਂ ਦੀ ਲੋੜ...

ਮੁਢਲੀਆਂ ਜ਼ਰੂਰੀ ਵਸਤਾਂ ਵਿਚੋਂ ਪਾਣੀ ਤੋਂ ਬਿਨਾਂ ਮਨੁੱਖੀ ਜੀਵਨ ਤਾਂ ਕਿ ਬਨਸਪਤੀ ਦੀ ਵੀ ਕਲਪਨਾ ਨਹੀਂ ਕੀਤੀ ਜਾ ਸਕਦੀ। ਦੁਨੀਆਂ ਭਰ ਵਿਚ ਵਿਕਾਸ ਦੀ ਤੇਜ਼ ਹੋ ਰਹੀ ਰਫ਼ਤਾਰ ਨੇ ਸਭ ਤੋਂ ਵੱਧ ਵਿਕਾਸ ਕੁਦਰਤ ਵੱਲੋਂ ਦਿੱਤੇ ਪਾਣੀ ਨੇ ਕੀਤਾ ਹੈ। ਦਿਨੋਂ ਦਿਨ ਵੱਧ ਰਿਹਾ ਸਨਅਤੀਕਰਨ ਤੇ ਇਸ ਦੇ ਅਮਲ ਵਿਚੋਂ ਨਿਕਲਣ ਵਾਲੇ ਕੈਮਿਕਲਾਂ ਨੇ ਪਾਣੀ ਵਿਚ ਮਿਲ ਕੇ ਇਸ ਨੂੰ ਦੂਸ਼ਿਤ ਕਨ ਵਿਚ ਕੋਈ ਕਸਰ ਨਹੀਂ ਛੱਡੀ ਹੈ। ਅਜੋਕਾ ਇਨਸਾਮ ਬ੍ਰਹਿਮੰਡ ਸੰਬੰਧੀ ਛੋਟੀ ਚੋਂ ਛੋਟੀ ਜਾਣਕਾਰੀ ਹਾਸਲ ਕਰਨ ਵਿਚ ਲੱਗਾ ਹੋਇਆ ਹੈ। ਪਰ ਵਿਗਿਆਨ ਸਮਝਦੇ ਬਾਵਜੂਦ ਜਿੰਨਾਂ ਨੁਕਸਾਨ ਕੁਦਰਤੀ ਸੋਮਿਆਂ ਦਾ ਹੋ ਰਿਹਾ ਹੈ ਉਨਾਂ ਸ਼ਾਇਦ ਹੋਰ ਵਸਤ ਦਾ ਹੋ ਰਿਹਾ ਹੋਵੇ। ਸ਼ੁੱਧ ਅਤੇ ਸਾਫ਼ ਸੁਥਰੇ ਪਾਣੀ ਤੋਂ ਬਿਨਾਂ ਧਰਤੀ ਉੱਤੇ ਉੱਤੇ ਜੀਵਨ ਅਸੰਭਵ ਹੈ। ਜਲ ਜੀਵਾਂ ਤੋਂ ਬਿਨਾਂ ਧਰਤੀ ਉੱਤੇ ਰਹਿਣ ਵਾਲੇ ਜੀਵ ਵੀ ਪਾਣੀ ਉੱਤੇ ਨਿਰਭਰ ਕਰਦੇ ਹਨ। ਜੀਵ ਜੰਤੂਆਂ ਤੋਂ ਖਾਣ ਵਾਲੇ ਸਭ ਤਰਾਂ ਦੇ ਭੋਜਨ ਲਈ ਪਾਣੀ ਸਭ ਤੋਂ ਜ਼ਰੂਰੀ ਚੀਜ਼ ਹੈ ਤੇ ਇਕ ਜੀਵ ਦੇ ਪੁੰਗਰਣ ਤੋਂ ਲੈਕੇ ਪੌਧਾ ਬਣਨ ਤੇ ਉਸ ਤੋਂ ਅਨਾਜ ਬਣਨ ਤੱਕ ਲਈ ਪਾਣੀ ਦੀ ਜ਼ਰੂਰਤ ਪੈਂਦੀ ਹੈ। ਅੱਜ ਸਮਾਂ ਅਜਿਹਾ ਆ ਗਿਆ ਹੈ ਕਿ ਸੱਭ ਕੁਝ ਜਾਣਦੇ ਹੋਏ ਵੀ ਅਸੀਂ ਅਸਲੀਅਤ ਤੋਂ ਅੱਖਾਂ ਬੰਦ ਕਰੀ ਬੈਠੇ ਹਾਂ। ਪਾਣੀ ਦਾ ਪ੍ਰਦੂਸ਼ਿਤ ਹੋਣਾ ਤਾਂ ਇਕ ਸਮੱਸਿਆ ਹੈ ਹੀ, ਇਸ ਦੀ ਸਰੇਆਮ ਫ਼ਿਜ਼ੂਲ ਵਰਤੋਂ ਹੋਣਾ ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਸਾਡੇ ਵਿਗਿਆਨੀ ਸਮੇਂ-ਸਮੇਂ ਉੱਤੇ ਪਾਣੀ ਨੂੰ ਲੈਕੇ ਕੇ ਆਉਣ ਵਾਲੇ ਸਮੇਂ ਵਿਚ ਪੈਦਾ ਹੋਣ ਵਾਲੇ ਹਾਲਾਤਾਂ ਬਾਰੇ ਲਗਾਤਾਰ ਚੇਤਾਵਨੀਆਂ ਦੇ ਰਹੇ ਹਨ ਪਰ ਕਿਸੇ ਦਾ ਇਸ ਪਾਸੇ ਕੋਈ ਧਿਆਨ ਨਹੀਂ। ਖੇਤੀ ਵਿਗਿਆਨੀ ਧਰਤੀ ਹੇਠਲੇਂ ਪਾਣੀ ਨੂੰ ਬਚਾਉਣ ਲਈ ਫ਼ਸਲਾਂ ਦੀ ਅਦਲਾ-ਬਦਲੀ ਲਈ ਹਾਏ-ਦੁਹਾਈ ਕਰ ਰਹੇ ਹਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਮੰਨਿਆ ਜਾਂਦਾ ਹੈ। ਪਰ ਨਹਿਰੀ ਪਾਣੀ ਦੀ ਵਿਵਸਥਾ ਵੱਲ ਸਰਕਾਰ ਨੇ ਕਦੀ ਵੀ ਬਣਦੀ ਤਵੱਜੋ ਨਹੀਂ ਦਿੱਤੀ। ਜਿਸ ਕਾਰਨ ਜ਼ਮੀਨ ਹੇਠ ਪਾਣੀ ਦਾ ਪੱਧਰ ਲਗਾਤਾਰ ਹੇਠਾ ਜਾ ਰਿਹਾ ਹੈ। ਵੋਟਾਂ ਦੀ ਰਾਜਨੀਤੀ ਕਾਰਨ ਇਸ ਸਾਮਾਜਿਕ ਮੁੱਦੇ ਦਾ ਹੱਲ ਕਰਨ ਦੀ ਬਜਾਏ ਸਿਆਸੀ ਧਿਰਾਂ ਆਪਣੀਆਂ ਵੋਟਾਂ ਪੱਕੀਆਂ ਕਰਨ ਤੱਕ ਸੀਮਿਤ ਹਨ। ਪਾਣੀ ਦੇ ਡਿੱਗਦੇ ਪੱਧਰ ਦੇ ਨਾਲ-ਨਾਲ ਨਦੀਆਂ ਨਾਲਿਆਂ ਤੇ ਛੱਪੜਾਂ ਦੇ ਪਾਣੀ ਦਾ ਪ੍ਰਦੂਸ਼ਿਤ ਹੋਣਾ ਚਿੰਤਾ ਦਾ ਵਿਸ਼ਾ ਹੈ। ਇਨਾਂ ਕੁਦਰਤੀ ਸਰੋਤਾਂ ਵਿਚ ਬਹਿ ਰਿਹਾ ਗੰਦਾ ਪਾਣੀ ਖ਼ਤਰੇ ਦੀ ਘੰਟੀ ਬਣਦਾ ਜਾ ਰਿਹਾ ਹੈ।

ਸਰਕਾਰਾਂ ਦੀ ਕਮਜ਼ੋਰੀ ਕਰਕੇ ਸ਼ਹਿਰਾਂ ਦੇ ਸੀਵਰੇਜ਼ ਤੇ ਫੈਕਟਰੀਆਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਪਵਿੱਤਰ ਨਦੀਆਂ, ਨਾਲਿਆਂ ਤੇ ਦਰਿਆਵਾਂ ਨੂੰ ਗੰਧਲਾ ਕਰ ਰਿਹਾ ਹੈ। ਜਿਸ ਕਾਰਨ ਜਿੱਥੇ ਇਕ ਪਾਸੇ ਜਲ-ਜੀਵਾਂ ਦਾ ਜੀਵਨ ਖ਼ਤਮ ਹੁੰਦਾ ਜਾ ਰਿਹਾ ਹੈ ਉੱਥੇ ਇਨਾਂ ਦੇ ਕਿਨਾਰਿਆਂ ਨੇੜੇ ਰਹਿਣ ਵਾਲੇ ਲੋਕ ਅਤੇ ਜਾਨਵਰ ਜਾਨ ਲੇਵਾ ਬੀਮਾਰੀਆਂ ਤੋਂ ਪੀੜਤ ਹੋ ਰਹੇ ਹਨ।

ਗੱਲ ਕਰੀਏ ਤਾਂ ਧਰਤੀ ਦਾ ਦੋ-ਤਿਹਾਈ ਹਿੱਸਾ ਪਾਣੀ ਹੈ ਪਰ ਇਸ ਵਿੱਚੋਂ 72% ਭਾਗ ਖਾਰੇ ਪਾਣੀ ਦਾ ਹੈ ਜੋ ਸਮੁੰਦਰ ਦੇ ਰੂਪ ਵਿਚ ਹੈ। ਇਸ ਨੂੰ ਮਨੁੱਖੀ ਲੋੜਾਂ ਲਈ ਵਰਤਿਆ ਜਾ ਸਕਣ ਦੇ ਨਾਮ ਉੱਤੇ ਹਾਕਮ ਧਿਰਾਂ ਵੱਲੋਂ ਵਿਸ਼ਵ ਬੈਂਕ ਦੀਆਂ ਹਦਾਇਤਾਂ ਅਨੁਸਾਰ ਦੇਸ਼ੀ ਅਤੇ ਵਿਦੇਸ਼ੀ ਸਰਮਾਏਦਾਰਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਕਈ ਮਲਟੀਨੈਸ਼ਨਲ ਕੰਪਨੀਆਂ ਦੀ ਨਜ਼ਰ ਪਾਣੀ ਉੱਤੇ ਆਪਣਾ ਏਕਾਧਿਕਾਰ ਸਥਾਪਤ ਕਰਨ ਦੀ ਹੈ। ਕਰੀਬ ਦੋ ਢਾਈ ਸਾਲ ਪਹਿਲਾਂ ਮਹਾਂਰਾਸ਼ਟਰ ਵਿੱਚ ਪੀਣ ਵਾਲੇ ਪਾਣੀ ਦੀ ਸਾਹਮਣੇ ਆਈ ਕਮੀ ਨੇ ਅੰਤਰ-ਰਾਸ਼ਟਰੀ ਪੱਧਰ ਤੇ ਹਲਚਲ ਮਚਾ ਕੇ ਰੱਖ ਦਿੱਤੀ ਸੀ।

ਜਦੋਂ ਕੇਂਦਰ ਸਰਕਾਰ ਨੂੰ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਰੇਲ-ਗੱਡੀਆਂ ਰਾਹੀਂ ਪਾਣੀ ਭੇਜਣਾ ਪਿਆ ਸੀ। ਇਸ ਨੂੰ ਆਉਣ ਵਾਲੇ ਸਮੇਂ ਲਈ ਸੰਕੇਤ ਸਮਝਣਾ ਚਾਹੀਦਾ ਹੈ ਕਿਉਂਕਿ ਵਿਗਿਆਨੀ ਪਹਿਲਾਂ ਹੀ




ਭਵਿੱਖ ਵਾਣੀ ਕਰ ਚੁੱਕੇ ਹਨ ਕਿ ਜਦੋਂ ਵੀ ਕੋਈ ਅਗਲੀ ਸੰਸਾਰ ਜੰਗ ਲੱਗੀ ਤਾਂ ਕੋਈ ਹੱਰ ਮੁੱਦੇ ਭਾਵ ਨ ਹੋਣ ਪਰ ਪਾਣੀ ਇਸ ਜੰਗ ਦਾ ਅਹਿਮ ਮੁੱਦਾ ਹੋਵੇਗਾ। ਮਨੁੱਖੀ ਜੀਵਨ ਨੂੰ ਆਪਣੇ ਹੱਥੀਂ ਤਬਾਹ ਕਰਨ ਵੱਲ ਵੱਧ ਰਹੇ ਮਨੁੱਖ ਨੂੰ ਪਾਣੀ ਦੀ ਬੂੰਦ-ਬੂੰਦ ਬਚਾਉਣ ਵੱਲ ਧਿਆਨ ਦੇਣਾ ਪਵੇਗਾ। ਅਜਿਹਾ ਕਰਨ ਲਈ ਵਿਅਕਤੀਗਤ ਪੱਧਰ ਉੱਤੇ ਪਾਣੀ ਦੀ ਬਚਤ ਕਰਨ ਦੇ ਨਾਲ-ਨਾਲ ਕੁਦਰਤੀ ਜਲ ਸੋਮਿਆਂ, ਛੱਪੜਾਂ, ਨਦੀਆਂ, ਨਾਲਿਆਂ ਅਤੇ ਦਰਿਆਵਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਸਰਕਾਰਾਂ ਨੂੰ ਵੋਟ ਦੀ ਰਾਜਨੀਤੀ ਤਿਆਗ ਕੇ ਸਾਰਥਕ ਕਦਮ ਚੁੱਕਣੇ ਪੈਣਗੇ।

# ਸਾਡੀਆਂ ਆਦਤਾਂ, ਸਾਡੇ ਸੁਭਾਅ-ਈਰਖਾ !

ਈਰਖਾ ਇਕ ਰੋਗ ਹੈ, ਬਹੁਤ ਭੈੜਾ ਅਤੇ ਬਹੁਤ ਭਿਆਨਕ ਰੋਗ। ਇਸ ਰੋਗ ਨੂੰ ਲਾਉਣਾ ਸੌਖਾ ਹੈ ਪਰ ਇਸ ਤੋਂ ਛੁਟਕਾਰਾ ਪਾਉਣਾ ਬਹੁਤ ਹੀ ਔਖਾ ਹੈ। ਅਸਲ ਵਿਚ ਈਰਖਾ ਕਰਨ ਵਾਲਾ ਇਨਸਾਨ ਬਹੁਤ ਹੀ ਬਦਕਿਸਮਤ ਹੁੰਦਾ ਹੈ ਕਿਉਂਕਿ ਉਹ ਆਪਣਾ ਸਮਾਂ ਚੰਗੇ ਕੰਮ ਕਰਨ ਦੀ ਬਜਾਏ ਇਹ ਸੋਚਣ 'ਤੇ ਜ਼ਾਇਆ ਕਰਦਾ ਹੈ ਕਿ ਦੂਜਿਆਂ ਦੇ ਵਿਰੁੱਧ ਅਗਲੀ ਘਟੀਆ ਹਰਕਤ ਕਿਹੜੀ ਕਰਨੀ ਹੈ। ਈਰਖਾ ਦੇ ਮਾਰੇ ਇਨਸਾਨ ਬਹੁਤ ਬਦਕਿਸਮਤ ਹਨ ਕਿਉਂਕਿ ਉਹ ਹਰ ਵੇਲੇ ਇਹੋ ਸੋਚਦੇ ਰਹਿੰਦੇ ਹਨ ਕਿ ਦੂਜਿਆਂ ਨੂੰ ਕਿਵੇਂ ਥੱਲੇ ਲਾਉਣਾ ਹੈ; ਕਿਸੇ ਦਾ ਕਿਵੇਂ ਨੁਕਸਾਨ ਕਰਨਾ ਹੈ; ਕਿਸੇ ਦੀ ਚਲਦੀ ਗੱਡੀ ਨੂੰ ਕਿਵੇਂ ਲੀਹੋਂ ਲਾਹੁਣਾ ਹੈ; ਕਿਸੇ ਦੇ ਚੰਗੇ ਦਿਨਾਂ ਨੂੰ ਮਾੜੇ ਦਿਨਾਂ ਵਿਚ ਕਿਵੇਂ ਬਦਲਣਾ ਹੈ; ਕਿਸੇ ਉੱਪਰ ਚੜ੍ਹਦੇ ਨੂੰ ਥੱਲੇ ਕਿਵੇਂ ਡੇਗਣਾ ਹੈ; ਕਿਸੇ ਤੰਦਰੁਸਤ ਨੂੰ ਬਿਮਾਰ ਕਿਵੇਂ ਕਰਨਾ ਹੈ; ਕਿਸੇ ਦੀ ਲੱਤ ਬਾਂਹ ਕਿਵੇਂ ਭੰਨਣੀ ਹੈ; ਕਿਸੇ ਦਾ ਸਿਰ ਕਿਵੇਂ ਪਾੜਨਾ ਹੈ; ਕਿਸੇ ਨੂੰ ਚੰਗੇ ਕੰਮਾਂ ਤੋਂ ਹਟਾ ਕੇ ਮਾੜੇ ਕੰਮਾਂ ਵੱਲ ਕਿਵੇਂ ਲਾਉਣਾ ਹੈ; ਕਿਸੇ ਖੁਸ਼ੀ ਵਿਚ ਵੱਸਦੇ ਨੂੰ ਕਿਵੇਂ ਖ਼ਤਮ ਕਰਨਾ ਹੈ; ਲੁੱਕ ਛੁੱਪ ਕੇ ਕਿਸੇ ਦੀ ਇੱਜ਼ਤ ਨੂੰ ਮਿੱਟੀ ਵਿਚ ਕਿਵੇਂ ਰਲਾਉਣਾ ਹੈ; ਖੁਸ਼ੀ ਵਿਚ ਵਸਦੇ ਘਰਾਂ ਵਿਚ ਲੜਾਈ-ਝਗੜਾ ਕਿਵੇਂ ਪਾਉਣਾ ਹੈ।

ਈਰਖਾਲੂ ਇਨਸਾਨ ਕਦੇ ਵੀ ਕਿਸੇ ਦੇ ਸਾਹਮਣੇ ਆ ਕੇ ਵਾਰ ਨਹੀਂ ਕਰਦਾ ਸਗੋਂ ਹਰ ਵਾਰ ਛੁਪ ਕੇ ਡਰਪੋਕਾਂ ਵਾਂਗ ਹੀ ਵਾਰ ਕਰਦਾ ਹੈ। ਸਗੋਂ ਕਈ ਵਾਰੀ ਤਾਂ ਉਹ ਤੁਹਾਨੂੰ ਆਪਣਾ ਸਨੇਹੀ, ਦੋਸਤ, ਭਰਾ, ਭੈਣ, ਹਮਦਰਦ ਜਾਂ ਸ਼ੁਭਚਿੰਤਕ ਹੀ ਆਖ਼ਦਾ ਹੈ। ਉਪਰੋਂ-ਉਪਰੋਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਨੂੰ ਭਿਣਕ ਤੱਕ ਨਾ ਪਵੇ, ਪਰ ਈਰਖਾ ਕਦੋਂ ਕੁ



ਤੱਕ ਕੋਈ ਲੁਕਾ ਕੇ ਰੱਖ ਸਕਦਾ ਹੈ? ਜਿਵੇਂ ਇਕ ਨ ਇਕ ਦਿਨ ਚੋਰ ਫੜਿਆ ਹੀ ਜਾਂਦਾ ਹੈ ਅਤੇ ਇਕ ਨ ਇਕ ਦਿਨ ਬੇਈਮਾਨ ਇਨਸਾਨ ਨੰਗਾ ਹੋ ਹੀ ਜਾਂਦਾ ਹੈ, ਇਸੇ ਤਰ੍ਹਾਂ ਇਕ ਨਾ ਇਕ ਦਿਨ ਈਰਖਾਲੂ ਇਨਸਾਨ ਦੀਆਂ ਕੋਝੀਆਂ ਕਰਤੂਤਾਂ ਤੋਂ ਵੀ ਪੜ੍ਹਦਾ ਉੱਠ ਹੀ ਜਾਂਦਾ ਹੈ ਭਾਵੇਂ ਉਹ ਇਨ੍ਹਾਂ ਨੂੰ ਲੁਕਾਉਣ ਦੀਆਂ ਲੱਖ ਕੋਸ਼ਿਸ਼ਾਂ ਕਰ ਲਵੇ। ਵੈਸੇ ਕੋਈ ਵੀ ਇਨਸਾਨ ਈਰਖਾ ਤੋਂ ਬਿਲਕੁਲ ਰਹਿਤ ਨਹੀਂ ਹੋ ਸਕਦਾ। ਥੋੜ੍ਹੀ ਬਹੁਤ ਈਰਖਾ ਕਦੇ ਨਾ ਕਦੇ ਸਾਲ-ਛਿਮਾਹੀਂ ਹਰ ਇਕ ਦੇ ਮਨ ਵਿਚ ਆ ਜਾਂਦੀ ਹੈ। ਜੇ ਮੈਂ ਕਹਾਂ ਕਿ ਮੈਨੂੰ ਕਦੇ ਵੀ ਕਿਸੇ ਨਾਲ ਈਰਖਾ ਨਹੀਂ ਹੋਈ ਤਾਂ ਮੈਂ ਝੂਠ ਬੋਲਦਾ ਹੋਵਾਂਗਾ। ਪਰ ਈਰਖਾ ਕਦੇ-ਕਦਾਈਂ ਆ ਜਾਣੀ ਹੋਰ ਗੱਲ ਹੈ ਅਤੇ ਇਸ ਬੀਮਾਰੀ ਦਾ ਸਦਾ ਲਈ ਰੋਗੀ ਬਣਨਾ ਹੋਰ ਗੱਲ ਹੈ। ਈਰਖਾ ਕਦੇ-ਕਦਾਈਂ ਮਹਿਸੂਸ ਕਰਨੀ ਹੋਰ ਗੱਲ ਹੈ ਅਤੇ ਈਰਖਾ ਨਾਲ ਭਰ ਕੇ ਕਿਸੇ ਦੇ ਵਿਰੁੱਧ ਉਸਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਰੋਗ ਵੀ ਹੈ ਅਤੇ ਕਮੀਨਾਪਣ ਵੀ। ਅਸੀਂ ਇਨਸਾਨ ਹਾਂ ਰੱਬ ਨਹੀਂ। ਇਨਸਾਨ ਹੋ ਕੇ ਕਦੇ-ਕਦਾਈਂ ਵਰ੍ਹੇ ਕਦੀ ਵੀ ਕਰੋਧ, ਲੋਭ ਜਾਂ ਈਰਖਾ ਦੀ ਗਲੀ ਵਿਚੋਂ ਲੰਘਣਾ ਸੁਭਾਵਕ ਹੈ। ਪਰ ਇਨ੍ਹਾਂ ਰੋਗਾਂ ਦੇ ਗ਼ੁਲਾਮ ਬਣਨਾ ਅਤੇ ਇਨ੍ਹਾਂ ਦੀ ਪੂਜਾ ਕਰਨੀ ਗ਼ਲਤ ਹੈ। ਈਰਖਾ ਦੀਆਂ ਕੁਝ ਉਦਾਹਰਣਾਂ ਹਨ:

ਛੋਟੇ ਮੁਲਾਜ਼ਮਾਂ ਦਾ ਵੱਡੇ ਮੁਲਾਜ਼ਮਾਂ ਜਾਂ ਅਫ਼ਸਰਾਂ ਨਾਲ ਖ਼ਾਰ ਖਾਣਾ। "ਇਹ ਸਾਲਾ ਵਜ਼ੀਰ ਦੀ ਸਿਫ਼ਾਰਸ਼ ਨਾਲ ਅਫ਼ਸਰ ਬਣ ਗਿਆ, ਆਉਂਦਾ ਊਂਦਾ ਕੁਝ ਵੀ ਨਹੀਂ। ਜੀਅ ਕਰਦਾ ਹਰਾਮੀ ਨੂੰ ਕਤਲ ਕਰ ਦਿਆਂ।"

- ਛੋਟੇ ਲੇਖਕ ਦਾ ਵੱਡੇ ਲੇਖਕ ਨੂੰ ਪਸੰਦ ਨਾ ਕਰਨਾ। "ਸ਼ਿਵ ਵੀ ਕੋਈ ਕਵੀ ਐ! ਐਵੇਂ ਸਾਰੀ ਉਮਰ ਰੋਂਦਾ ਰਿਹਾ।"

- ਕਿਸੇ ਦੋਸਤ ਨੂੰ ਆਪਣੇ ਨਾਲੋਂ ਉੱਚੀ ਸਥਿਤੀ 'ਤੇ ਪਹੁੰਚਿਆ ਦੇਖ ਕੇ ਨਾ ਜਰਨਾ, ਜਾਂ ਕਿਸੇ ਨੂੰ ਤਰੱਕੀ ਕਰਦਾ ਦੇਖ ਕੇ ਉਸਦੀ ਲੱਤ ਖਿੱਚੀ ਜਾਣੀ।

- ਕਿਸੇ ਦੂਜੇ ਦੀ ਸਫ਼ਲਤਾ ਬਿਲਕੁਲ ਝੱਲੀ ਨਾ ਜਾਣੀ।

- ਕਿਸੇ ਹੋਰ ਦੇ ਵਧੀਆ ਘਰ ਬਣਾ ਲੈਣ ਜਾਂ ਵਧੀਆ ਕਾਰ ਲੈਣ ਤੇ ਐਵੇਂ ਈਰਖਾ ਨਾਲ ਜਲੀ ਜਾਣਾ।

- ਕਿਸੇ ਨੂੰ ਆਪਣੇ ਤੋਂ ਜ਼ਿਆਦਾ ਲਾਇਕ ਦੇਖ ਕੇ ਖਿਝੀ ਜਾਣਾ।

- ਛੋਟੇ ਗੀਤਕਾਰ ਦਾ ਆਪਣੇ ਤੋਂ ਵਧੀਆ ਗੀਤਕਾਰ ਨੂੰ ਭੰਡਣਾ।

- ਕਿਸੇ ਕਿਸਾਨ ਦਾ ਦੂਸਰੇ ਕਿਸਾਨ ਦੀ ਵਧੀਆ ਫ਼ਸਲ ਦੇਖ ਕੇ ਦੁਖੀ ਹੋਈ ਜਾਣਾ।

- ਕਿਸੇ ਦੋਸਤ ਦਾ ਖ਼ੂਬਸੂਰਤ ਲੜਕੀ ਨਾਲ ਜਾਂ ਸਹੇਲੀ ਦਾ ਚੰਗੇ ਅਮੀਰ ਲੜਕੇ ਨਾਲ ਵਿਆਹ ਹੋਇਆ ਦੇਖ ਕੇ ਨਾ ਜਰਨਾ ਅਤੇ ਐਵੇਂ ਕਿੜੀ ਜਾਣਾ।

ਇਹ ਸਭ ਈਰਖਾ ਭਰੀਆਂ ਗੱਲਾਂ ਅਸੀਂ ਆਪਣੇ ਆਪ ਨੂੰ ਦੂਜਿਆਂ ਸਾਹਮਣੇ ਵਧੀਆ ਹੋਣ ਦਾ ਝੂਠਾ ਧਰਵਾਸ ਦੇਣ ਲਈ ਹੀ ਕਰਦੇ ਹਾਂ। ਕਈ ਵਾਰੀ ਅਸੀਂ ਈਰਖਾ ਦੀ ਅੱਗ ਵਿਚ ਇੰਨੇ ਭੱਖ ਰਹੇ ਹੁੰਦੇ ਹਾਂ ਕਿ ਅਸੀਂ ਅਜਿਹੀਆਂ ਭੱਦੀਆਂ ਹਰਕਤਾਂ ਕਰ ਜਾਂਦੇ ਹਾਂ ਜਿਨ੍ਹਾਂ ਬਾਰੇ ਆਮ ਤੌਰ 'ਤੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ।

ਈਰਖਾ ਵਜੋਂ ਕੀਤੀਆਂ ਗਈਆਂ ਘਿਨੌਣੀਆਂ ਹਰਕਤਾਂ ਨਾਲ ਇਤਿਹਾਸ ਭਰਿਆ ਪਿਆ ਹੈ। ਕੁਝ ਸਮਾਂ ਪਹਿਲਾਂ ਇੰਗਲੈਂਡ ਵਿਚ ਰਹਿੰਦੀ ਪੰਜਾਬੀ ਮੂਲ ਦੀ ਲੜਕੀ ਨੂੰ ਬਹੁਤ ਲੰਬੀ ਉਮਰ ਕੈਦ ਹੋਈ ਹੈ ਇਸ ਲਈ ਕਿ ਉਸਨੇ ਈਰਖਾ ਕਾਰਨ ਆਪਣੇ ਆਸ਼ਕ ਲੜਕੇ ਦੀ ਪਹਿਲੀ ਪਤਨੀ ਦਾ ਬਹੁਤ ਹੀ ਬੇਦਰਦੀ ਨਾਲ 40 ਤੋਂ ਵੱਧ ਵਾਰੀ ਚਾਕੂ ਮਾਰ ਕੇ ਖ਼ੂਨ ਕੀਤਾ ਸੀ। ਟਾਨੀਆ ਹਾਰਡਿੰਗ ਅਤੇ ਨੈਂਸੀ ਕੈਰੀਗਨ ਕੁਝ ਸਾਲ ਪਹਿਲਾਂ ਅਮਰੀਕਾ ਦੀਆਂ ਮਸ਼ਹੂਰ ਫਿਗਰ ਸਕੇਟਰਜ਼ ਸਨ। ਨੈਂਸੀ ਜ਼ਿਆਦਾ ਵਧੀਆ ਸਕੇਟਰ ਸੀ ਜਿਸਨੇ ਕਈ ਤਗਮੇ ਜਿੱਤੇ ਸਨ। ਨੈਂਸੀ ਦੇ ਹੁੰਦਿਆਂ ਟਾਨੀਆ ਨੂੰ ਆਪਣੇ ਜਿੱਤਣ ਦੀ ਆਸ ਨਹੀਂ ਸੀ। 1994 ਵਿਚ ਕਿਸੇ ਨੇ ਪ੍ਰੈਕਟਿਸ ਕਰਦੀ ਨੈਂਸੀ ਦੇ ਗੋਡਿਆਂ ਵਿਚ ਕੁਝ ਮਾਰ ਕੇ ਉਸਨੂੰ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਅਮਰੀਕਾ ਦੀ ਉਸ ਸਾਲ ਹੋਈ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕਦੀ ਅਤੇ ਟਾਨੀਆ ਨੇ ਉਹ ਚੈਂਪੀਅਨਸ਼ਿਪ ਜਿੱਤ ਲਈ। ਪਿੱਛੋਂ ਪੁਲਿਸ ਦੀ ਜਾਂਚ-ਪੜਤਾਲ ਨੇ ਇਹ ਲੱਭਿਆ ਕਿ ਜੋ ਹਮਲਾ ਨੈਂਸੀ 'ਤੇ ਕੀਤਾ ਗਿਆ ਸੀ ਉਹ ਟਾਨੀਆ ਨੇ ਹੀ ਈਰਖਾ ਕਾਰਨ ਆਪਣੇ ਦੋਸਤ ਤੋਂ ਕਰਵਾਇਆ ਸੀ ਤਾਂ ਜੋ ਨੈਂਸੀ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕੇ ਅਤੇ ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਜਾਵੇ। ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਵੀ ਗਈ ਸੀ। ਪਰ ਬਾਅਦ ਵਿਚ ਇਸ ਜ਼ੁਰਮ ਵਿਚ ਫਸ ਕੇ ਟਾਨੀਆ ਸਭ ਕੁਝ ਗੁਆ ਬੈਠੀ। ਉਸਨੂੰ ਜੇਲ੍ਹ ਵਿਚ



ਵੀ ਜਾਣਾ ਪਿਆ ਅਤੇ ਉਸ ਉੱਤੇ ਅਮਰੀਕਾ ਵਿਚ ਫਿੱਗਰ ਸਕੇਟਿੰਗ ਵਿਚ ਹਿੱਸਾ ਲੈਣ ਤੋਂ ਹਮੇਸ਼ਾ ਲਈ ਪਾਬੰਦੀ ਲਾ ਦਿੱਤੀ ਗਈ ਸੀ। ਹਿੰਦੁਸਤਾਨ ਵਿਚ ਕਈ ਲੋਕ ਦੂਜਿਆਂ ਨਾਲ ਈਰਖਾ ਕਰਕੇ ਉਨ੍ਹਾਂ ਦੇ ਕੰਮ ਵਿਗਾੜਨ ਲਈ ਉਨ੍ਹਾਂ ਵਿਰੁੱਧ ਜਾਦੂ-ਟੂਣੇ ਵੀ ਕਰਦੇ ਹਨ। ਕਈ ਵਾਰ ਲੋਕ ਈਰਖਾ ਦਾ ਸ਼ਿਕਾਰ ਹੋ ਕੇ ਦੂਸਰਿਆਂ ਨੂੰ ਜ਼ਹਿਰ ਦੇਣ ਤੱਕ ਵੀ ਚਲੇ ਜਾਂਦੇ ਹਨ।

ਹਿੰਦੁਸਤਾਨ ਵਿਚ ਮਤਰੇਈਆਂ ਮਾਵਾਂ ਦੇ ਆਪਣੇ ਮਤਰੇਵੇਂ ਪੁੱਤਾਂ ਧੀਆਂ ਨਾਲ ਕੀਤੇ ਸਲੂਕਾਂ ਦੀਆਂ ਕਹਾਣੀਆਂ ਸਭ ਨੂੰ ਹੀ ਪਤਾ ਹਨ। ਪੰਜਾਬ ਵਿਚ ਕਈ ਵਾਰੀ ਲੋਕ ਈਰਖਾ ਕਾਰਨ ਚੰਗੇ ਘਰਾਂ ਦੇ ਲੜਕਿਆਂ ਨੂੰ ਨਸ਼ਿਆਂ ਵਿਚ ਲਾ ਦਿੰਦੇ ਹਨ ਜਾਂ ਉਨ੍ਹਾਂ ਨੂੰ ਹੋਰ ਬੁਰੇ ਕੰਮਾਂ ਵਿਚ ਪਾ ਕੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਪੰਜਾਬੀ ਲੋਕ ਤਾਂ ਈਰਖਾ ਲਈ ਬਹੁਤ ਮੰਨੇ ਹੋਏ ਹਨ। ਈਰਖਾ ਨਾਲ ਅਸੀਂ ਜਦੋਂ ਦੂਸਰਿਆਂ ਵਿਰੁੱਧ ਉਨ੍ਹਾਂ ਨੂੰ ਥੱਲੇ ਲਾਉਣ ਲਈ ਮਾੜੇ ਕੰਮ ਕਰਦੇ ਹਾਂ, ਤਾਂ ਫਿਰ ਅਸੀਂ ਇਨ੍ਹਾਂ ਹਰਕਤਾਂ ਨੂੰ ਲੁਕਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ, ਝੂਠ ਬੋਲਦੇ ਹਾਂ, ਕੁਫ਼ਰ ਤੋਲਦੇ ਹਾਂ ਭਾਵੇਂ ਕੋਈ ਸਾਡੇ 'ਤੇ ਇਤਬਾਰ ਕਰੇ ਜਾਂ ਨਾ ਕਰੇ। ਆਪਣਾ ਕਸੂਰ ਮੰਨ ਕੇ ਪਛਤਾਵਾ ਕਰਨ ਦੀ ਬਜਾਏ ਅਸੀਂ ਇਸ ਤਰ੍ਹਾਂ ਸਫ਼ਾਈਆਂ ਪੇਸ਼ ਕਰਕੇ ਸਗੋਂ ਆਪਣੀ ਹੋਰ ਬੇਇੱਜ਼ਤੀ ਕਰਾਉਂਦੇ ਹਾਂ। ਉਪਰੋਂ ਭਾਵੇਂ ਸਾਨੂੰ ਕੋਈ ਕੁਝ ਨਾ ਕਹੇ ਪਰ ਅੰਦਰੋਂ ਸਾਰੇ ਹੀ ਸਾਨੂੰ ਲਾਹਨਤਾਂ ਪਾਉਂਦੇ ਹਨ ਅਤੇ ਸਾਡੇ ਤੋਂ ਪਰੇ ਹਟਦੇ ਜਾਂਦੇ ਹਨ। ਈਰਖਾ ਇਕ ਅਜਿਹਾ ਰੋਗ ਹੈ ਜਿਸ ਤੋਂ ਜਿੰਨਾ ਵੀ ਪਰਹੇਜ਼ ਕੀਤਾ ਜਾਵੇ ਚੰਗਾ ਹੈ।

# ਅਧਿਆਪਕ ਕਸ਼ਮੀਰ ਸਿੰਘ ਦਾ ਦੂਜਾ ਵੋਟਰ ਗੀਤ 'ਆਪਣੀ ਵੋਟ' ਹੋਇਆ ਰਿਲੀਜ਼



ਅੰਮ੍ਰਿਤਸਰ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸਰਕਾਰੀ ਅਧਿਆਪਕ ਕਸ਼ਮੀਰ ਸਿੰਘ ਗਿੱਲ ਦਾ ਵੋਟਰ ਜਾਗਰੂਕਤਾ ਪੈਦਾ ਕਰਨ ਵਾਲਾ ਦੂਜਾ ਗੀਤ 'ਆਪਣੀ ਵੋਟ' ਅੱਜ ਰਿਲੀਜ਼ ਕੀਤਾ ਗਿਆ।ਜ਼ਿਲ੍ਹੇ ਵਿੱਚ ਵੋਟਰ ਜਾਗਰੂਕਤਾ ਗਤੀਵਿਧੀਆਂ ਦੀ ਕਮੇਟੀ ਦੇ ਮੁੱਖੀ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ਼੍ਰੀ ਨਿਕਾਸ ਕੁਮਾਰ ਨੇ ਗੀਤ ਰਿਲੀਜ਼ ਕਰਨ ਮੌਕੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਭਾਰਤ ਵਿੱਚ ਚੋਣਾਂ ਨੂੰ ਇੱਕ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ ਅਤੇ ਇਸ ਵਿੱਚ ਸਮਾਜ ਦੇ ਹਰ ਵਰਗ ਦੀ ਸ਼ਮੂਲੀਅਤ ਜ਼ਰੂਰੀ ਹੈ।ਉਹਨਾਂ ਅਧਿਆਪਕ ਕਸ਼ਮੀਰ ਸਿੰਘ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ਼੍ਰੀ ਕਸ਼ਮੀਰ ਸਿੰਘ ਵਰਗੇ ਅਧਿਆਪਕ ਸਾਡੇ ਸਮਾਜ ਲਈ ਚਾਨਣ-ਮੁਨਾਰਾ ਹਨ, ਜੋ ਅਧਿਆਪਨ ਦੇ ਨਾਲ-ਨਾਲ ਸਮਾਜ ਲਈ ਨਿਵੇਕਲੀਆਂ ਕੋਸ਼ਸ਼ਾਂ ਕਰਦੇ ਰਹਿੰਦੇ ਹਨ।ਉਹਨਾਂ ਕਿਹਾ ਕਿ ਇਸ ਗੀਤ ਨੂੰ ਵੱਧ ਤੋਂ ਵੱਧ ਸੋਸ਼ਲ ਮੀਡੀਆ ਉੱਪਰ ਸ਼ੇਅਰ ਕੀਤਾ ਜਾਵੇ।ਇਸ ਮੌਕੇ ਅਧਿਆਪਕ ਕਸ਼ਮੀਰ ਸਿੰਘ ਨੇ ਕਿਹਾ ਕਿ ਇਹ ਗੀਤ ਉਹਨਾਂ ਦੀ ਆਪਣੀ ਰਚਨਾ ਹੈ ਅਤੇ ਉਹਨਾਂ ਇਸਨੂੰ ਵਿਸ਼ੇਸ਼ ਤੌਰ ਤੇ ਵੋਟਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਹੈ।

ਜਿਕਰਯੋਗ ਹੈ ਕਿ ਕਸ਼ਮੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗਤਪੁਰਾ ਵਿਖੇ ਅਰਥ-ਸ਼ਾਸ਼ਤਰ ਦੇ ਅਧਿਆਪਕ ਹਨ ਅਤੇ ਸਿੱਖਿਆ ਵਿਭਾਗ ਵਿੱਚ ਪਿਛਲੇ 20 ਸਾਲਾਂ ਤੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

ਉਹ ਸਿੱਖਿਆ ਵਿਭਾਗ ਲਈ ਵੀ ਕਈ ਅਹਿਮ ਪ੍ਰੋਜੈਕਟਾਂ ਤੇ ਕੰਮ ਕਰ ਚੁੱਕੇ ਹਨ ਅਤੇ ਸੋਸ਼ਲ ਮੀਡੀਆ ਤੇ ਅਕਸਰ ਵਿਦਿਆਰਥੀਆਂ ਲਈ ਸਿੱਖਿਆ ਦਾਇਕ ਵੀਡੀਓਜ਼ ਬਣਾਉਂਦੇ ਰਹਿੰਦੇ ਹਨ।ਇਸ ਮੌਕੇ ਸੁਪਰਟੈਂਡੈਂਟ ਸ਼੍ਰੀ ਦਿਨੇਸ਼ ਸੂਰੀ,ਵਿਨੋਦ ਲੂਥਰਾ, ਮੈਡਮ ਸੁਮਨ, ਵਿਨੀਤ ਕੁਮਾਰ, ਗਗਨਦੀਪ ਅਤੇ ਕਈ ਸੈਕਟਰ ਅਫ਼ਸਰ ਹਾਜ਼ਰ ਸਨ।

# ਵੋਟ ਅਧਿਕਾਰ ਦੀ ਵਰਤੋਂ ਬਾਰੇ ਵਿਦਿਆਰਥੀਆਂ ਲਈ ਜਾਗਰੂਕਤਾ ਲੈਕਚਰ ਕਰਵਾਇਆ

ਧੂਰੀ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਧੂਰੀ ਤਹਿਸੀਲ ਦੇ ਸਵੀਪ ਨੋਡਲ ਅਫ਼ਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਅਗਾਮੀ ਚੋਣਾਂ ਵਿੱਚ ਵੋਟ ਅਧਿਕਾਰ ਦੀ ਵਰਤੋਂ ਲਈ ਪ੍ਰੇਰਿਤ ਕੀਤਾ। ਐੱਨ.ਐੱਸ.ਐੱਸ. ਰੈਗੂਲਰ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਅਤੇ ਮੁੱਖ ਵਕਤਾ ਡਾ. ਅਸ਼ੋਕ ਕੁਮਾਰ ਨੇ ਕਿਹਾ ਕਿ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਨ ਦੇ ਨਾਲ ਨਾਲ ਆਪਣੇ ਪਰਿਵਾਰ ਨੂੰ ਵੀ ਵੋਟ ਪਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਵੋਟ ਦੀ ਵਰਤੋਂ ਕਰਕੇ ਹੀ ਭਵਿੱਖ ਲਈ ਸਰਕਾਰ ਬਣਾਉਣੀ ਹੈ।

ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਕਿਹਾ ਕਿ ਸਾਨੂੰ ਕੇਵਲ ਆਪਣੀ ਸੋਚ ਅਨੁਸਾਰ ਹੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਨ੍ਹਾਂ ਵੋਟਰਾਂ ਨੇ ਪਹਿਲੀ ਵਾਰ ਵੋਟ ਪਾਉਣੀ ਹੁੰਦੀ ਹੈ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਕਾਲਜ ਪ੍ਰਿੰਸੀਪਲ ਨੇ ਅਧਿਆਪਕਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਐੱਨ.ਐੱਸ.ਐੱਸ. ਸੈਲਫ ਫਾਈਨੈਂਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਊਸ਼ਾ ਰਾਣੀ, ਕਾਲਜ ਪੱਧਰ ਦੇ ਸਵੀਪ ਨੋਡਲ ਅਫ਼ਸਰ ਡਾ. ਕਰਮਜੀਤ ਸਿੰਘ, ਇੰਜ: ਵਰਿੰਦਰ ਕੁਮਾਰ ਸਿੰਗਲਾ, ਸ੍ਰ. ਮਹਿੰਦਰ ਸਿੰਘ ਅਤੇ ਸ੍ਰੀ. ਬਰਿੰਦਰ ਸਿੰਘ ਮੌਜੂਦ ਸਨ।

# ਕੇਹਰ ਭਰੀ ਗਰਮੀ ਨੇ ਲਈ ਨੌਜਵਾਨ ਦੀ ਜਾਨ

ਫਾਜ਼ਿਲਕਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ 'ਚ ਗਰਮੀ ਨੇ ਕਹਿਰ ਮਚਾਇਆ ਹੋਇਆ ਹੈ। ਫਾਜ਼ਿਲਕਾ 'ਚ ਸ਼ੁੱਕਰਵਾਰ ਨੂੰ ਗਰਮੀ ਕਾਰਨ ਮੌਤ ਦਾ ਦੂਜਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਪਿੰਡ ਝੋਟਿਆਂਵਾਲੀ ਦੇ 19 ਸਾਲਾ ਪਵਨ ਕੁਮਾਰ ਦੀ ਗਰਮੀ ਕਾਰਨ ਮੌਤ ਹੋ ਗਈ ਹੈ।

ਇੱਟਾਂ ਦੇ ਭੱਠੇ 'ਤੇ ਕੰਮ ਕਰਨ ਵਾਲਾ ਪਵਨ ਕੁਮਾਰ ਮੋਟਰਸਾਈਕਲ 'ਤੇ ਘਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਗਰਮੀ ਕਾਰਨ ਉਹ ਘਬਰਾ ਗਿਆ। ਇਸ ਦੌਰਾਨ ਉਹ ਪਾਣੀ ਪੀਣ ਲਈ ਛਾਉਣੀ ਵਿੱਚ ਦਾਖਲ ਹੋਇਆ। ਜਿੱਥੇ ਚੱਕਰ ਆਉਣ ਕਾਰਨ ਉਸ ਦੀ ਚਮੜੀ ਹੇਠਾਂ ਡਿੱਗ ਗਈ ਅਤੇ ਉਸ ਦੀ ਮੌਤ ਹੋ ਗਈ। ਮਾਮਲਾ ਪੁਲਿਸ ਕੋਲ ਪੁੱਜਾ ਤਾਂ ਧਾਰਾ 174 ਤਹਿਤ ਕਾਰਵਾਈ ਕੀਤੀ ਗਈ।

ਜਾਣਕਾਰੀ ਦਿੰਦਿਆਂ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਪਹੁੰਚੇ ਅਰਨੀਵਾਲਾ ਥਾਣੇ ਦੇ ਐੱਸਐੱਚਓ ਤਰਸੇਮ ਸ਼ਰਮਾ ਨੇ ਦੱਸਿਆ ਕਿ ਮ੍ਰਿਤਕ ਦਾ ਨਾਂ ਪਵਨ ਕੁਮਾਰ ਹੈ। ਜਿਸ ਦੀ ਉਮਰ ਕਰੀਬ 19 ਸਾਲ ਹੈ। ਜੋ ਇੱਟਾਂ ਦੇ ਭੱਠੇ 'ਤੇ ਕੰਮ ਕਰਦਾ ਹੈ। ਐਸਐਚਓ ਨੇ ਦੱਸਿਆ ਕਿ ਮ੍ਰਿਤਕ ਪਵਨ ਕੁਮਾਰ ਕੱਲ੍ਹ ਕੰਮ ਤੋਂ ਵਾਪਸ ਮੋਟਰਸਾਈਕਲ 'ਤੇ ਆਪਣੇ ਪਿੰਡ ਆ ਰਿਹਾ ਸੀ।

ਰਸਤੇ ਵਿੱਚ ਚੰਡੀਗੜ੍ਹ ਬਸਤੀ ਦੇ ਕੋਲ ਉਹ ਗਰਮੀ ਕਾਰਨ ਘਬਰਾ ਗਿਆ। ਇਸ ਤੋਂ ਬਾਅਦ ਉਸ ਨੇ ਪੀਣ ਲਈ ਪਾਣੀ ਦੀ ਤਲਾਸ਼ ਕੀਤੀ ਤਾਂ ਰਸਤੇ ਵਿੱਚ ਨੇੜਲੇ ਖਾਲੇ ਵਿੱਚ ਪਾਣੀ ਨਾ ਹੋਣ ਕਾਰਨ ਉਹ ਖਾਲੇ ਵਿੱਚ ਜਾ ਵੜਿਆ। ਇਸ ਤੋਂ ਬਾਅਦ ਚੱਕਰ ਆਉਣ ਕਾਰਨ ਉਹ ਹੇਠਾਂ ਡਿੱਗ ਗਿਆ। ਜਿਸ ਕਾਰਨ ਉਸ ਦੀ ਮੌਤ ਹੋ ਗਈ।

ਫਿਲਹਾਲ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ। ਪੁਲੀਸ ਅਧਿਕਾਰੀ ਅਨੁਸਾਰ ਇਸ ਮਾਮਲੇ ਵਿੱਚ ਧਾਰਾ 174 ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।

# ਟਰੱਕ ਨੇ ਮੋਟਰਸਾਈਕਲ ਨੂੰ ਮਾਰੀ ਫੇਟ, ਚਾਲਕ ਹਲਾਕ



ਡੇਰਾ ਬਸੀ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਚੰਡੀਗੜ੍ਹ ਅੰਬਾਲਾ ਕੌਮੀ ਸ਼ਾਹਰਾਹ 'ਤੇ ਸਥਿਤ ਭੂਸ਼ਨ ਫੈਕਟਰੀ ਦੇ ਸਾਹਮਣੇ ਇਕ ਸੜਕ ਹਾਦਸੇ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਨਵਤੇਜ ਸਿੰਘ (27) ਵਾਸੀ ਪਿੰਡ ਧੀਰੇ ਮਾਜਰਾ ਲਾਲੜੂ ਦੇ ਰੂਪ ਵਿੱਚ ਹੋਈ ਹੈ।

ਮਾਮਲੇ ਦੀ ਪੜਤਾਲੀਆ ਅਫਸਰ ਏ.ਐਸ.ਆਈ. ਅਮਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਪਿੰਡ ਕੁੜਾ ਵਾਲਾ ਸਥਿਤ ਇਕ ਕੈਮੀਕਲ ਫੈਕਟਰੀ ਵਿੱਚ ਕੰਮ ਕਰਦਾ ਸੀ।ਉਨ੍ਹਾਂ ਨੇ ਦੱਸਿਆ ਕਿ ਨਵਤੇਜ ਸਿੰਘ ਅੱਜ ਤੜਕੇ ਸਾਢੇ ਪੰਜ ਵਜੇ ਮੋਟਰਸਾਈਕਲ 'ਤੇ ਪਿੰਡ ਤੋਂ ਫੈਕਟਰੀ ਡਿਊਟੀ ਤੇ ਜਾ ਰਿਹਾ ਸੀ।ਇਸ ਦੌਰਾਨ ਜਦ ਉਹ ਭੂਸ਼ਨ ਫੈਕਟਰੀ ਕੋਲ ਪਹੁੰਚਿਆ ਤਾਂ ਪਿੱਛੋਂ ਆ ਰਹੇ ਇਕ ਟਰੱਕ ਨੇ ਉਸਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਉਹ ਹੇਠਾਂ ਡਿੱਗ ਕੇ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸਿਵਲ ਹਸਪਤਾਲ ਲੈ ਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਹਾਦਸੇ ਤੋਂ ਬਾਅਦ ਦੋਸ਼ੀ ਟਰੱਕ ਨੂੰ ਮੌਕੇ 'ਤੇ ਛੱਡ ਕੇ ਫ਼ਰਾਰ ਹੋ ਗਿਆ।ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਦੋਸ਼ੀ ਟਰੱਕ ਚਾਲਕ ਖ਼ਿਲਾਫ਼ ਕੇਸ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਆਪਣੇ ਪਿੱਛੇ ਵਿਧਵਾ ਪਤਨੀ ਅਤੇ ਇਕ ਬੱਚਾ ਛੱਡ ਗਿਆ ਹੈ।

# ਮਾਲਵਿੰਦਰ ਸਿੰਘ ਕੰਗ ਦੇ ਹੱਕ ਵਿੱਚ ਬਾਸੋਵਾਲ ਕਲੋਨੀ ( ਗੰਗੂਵਾਲ ) ਵਿਖੇ ਡੋਰ ਟੂ ਡੋਰ ਪ੍ਰਚਾਰ ਕੀਤਾ

ਸ੍ਰੀ ਅਨੰਦਪੁਰ ਸਾਹਿਬ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸਰਕਾਰ ਦੀਆਂ ਪ੍ਰਾਪਤੀਆਂ ਅਤੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀਆਂ ਦੂਰਅੰਦੇਸ਼ੀ ਨੀਤੀਆਂ ਅਤੇ ਲੋਕ - ਪੱਖੀ ਕਾਰਜਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਲੋਕਾਂ ਨੂੰ ਸ. ਮਾਲਵਿੰਦਰ ਸਿੰਘ ਕੰਗ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਲਈ ਅਪੀਲ ਵੀ ਕੀਤੀ ਗਈ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਕੈਲੰਡਰ ਅਤੇ ਪੋਸਟਰ ਵੰਡੇ ਗਏ। ਇਸ ਮੌਕੇ ਲੱਕੀ ਕਪਿਲਾ ਨੇ ਦੱਸਿਆ ਕਿ ਸਰਕਾਰ ਦੀਆਂ ਨੀਤੀਆਂ ਅਤੇ ਕੰਮਾਂ ਨੂੰ ਦੇਖਦੇ ਹੋਏ ਅਤੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਸੂਝਵਾਨ ਸੋਚ ਨੂੰ ਦੇਖਦੇ ਹੋਏ ਸਾਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਮਾਲਵਿੰਦਰ ਸਿੰਘ



ਕੰਗ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣਾ ਚਾਹੀਦਾ ਹੈ। ਉਹਨਾਂ ਨੇ ਭਰੋਸਾ ਦਿੱਤਾ ਕਿ ਬਾਸੋਵਾਲ ਕਲੋਨੀ ਗੰਗੂਵਾਲ ਤੋਂ ਵੱਧ ਤੋਂ ਵੱਧ ਵੋਟਾਂ ਪਾ ਕੇ ਅਤੇ ਇਲਾਕੇ ਵਿੱਚੋਂ ਜਿਤਾ ਕੇ ਸ. ਮਾਲਵਿੰਦਰ ਸਿੰਘ ਕੰਗ ਨੂੰ ਲੋਕ ਸਭਾ ਵਿੱਚ ਭੇਜਾਂਗੇ। ਇਸ ਮੌਕੇ ਬਬਲੂ ਪੰਡਿਤ ਬਾਸੋਵਾਲ , ਗੁਰਮੀਤ ਸਿੰਘ ਕਲੌਤਾ , ਜੈ ਪ੍ਰਕਾਸ਼ , ਅਮਿਤ ਬਾਵਾ , ਪ੍ਰਦੀਪ ਕੁਮਾਰ , ਰਵੀ ਕੁਮਾਰ , ਸ਼ਿਵ ਸਿੰਘ , ਸ਼ਿਵਾ ਟੇਲਰ , ਚਰਨ ਸਿੰਘ , ਸਮੀਰ ਕੁਮਾਰ , ਚਰਨ ਸਿੰਘ , ਗਗਨ ਗੱਗੂ , ਪਵਨ ਕੁਮਾਰ ਫੋਰਮੈਨ , ਪਵਨ ਕੁਮਾਰ ਚੀਟੂ , ਰਾਜੇਸ਼ ਚੰਦਰ ਭੋਲਾ , ਬਬਲੀ ਦੇਵੀ , ਅਨੀਤਾ ਦੇਵੀ , ਸੁਨੀਤਾ ਦੇਵੀ , ਬਬਿਤਾ ਦੇਵੀ , ਭੋਲੀ ਦੇਵੀ ਤੇ ਬਹੁਤ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਬਾਰ ਐਸੋਸੀਏਸ਼ਨ ਵਲੋਂ ਫਰੀ ਮੈਡੀਕਲ ਚੈਕਅੱਪ ਕੈਂਪ 27 ਨੂੰ ਚਬਰੇਵਾਲ

ਸ੍ਰੀ ਅਨੰਦਪੁਰ ਸਾਹਿਬ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਬਾਰ ਐਸੋਸੀਏਸ਼ਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ 29 ਮਈ ਦਿਨ ਸੋਮਵਾਰ ਨੂੰ ਬਾਰ ਰੂਮ (ਕੋਰਟ ਕੰਪਲੈਕਸ) ਸ੍ਰੀ ਅਨੰਦਪੁਰ ਸਾਹਿਬ ਵਿਖੇ ਫਰੀ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਰ ਐਸੋਸੀਏਸ਼ਨ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦੌਲਤ ਸਿੰਘ ਚਬਰੇਵਾਲ ਨੇ ਦੱਸਿਆ ਕਿ 29 ਮਈ ਨੂੰ ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਕੈਲਾਸ਼ ਮਲਟੀ ਸਪੈਸ਼ਲਿਟੀ ਹਸਪਤਾਲ ਲੋਦੀਪੁਰ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਇਸ ਮੈਡੀਕਲ ਕੈਂਪ ਵਿੱਚ ਮਾਹਿਰ ਡਾਕਟਰ ਲਕਸ਼ਮਣ ਜੋਹਰੀਆ (ਐਮ ਬੀ ਬੀ ਐਸ ਐਮਡੀ ਮੈਡੀਸਨ ਪੀਜੀਆਈ) ਮਰੀਜ਼ਾਂ



ਦਾ ਚੈੱਕ ਅਪ ਕਰਨਗੇ ਜਿਸ ਵਿੱਚ ਪੇਟ ਦੀਆਂ ਬਿਮਾਰੀਆਂ, ਸਾਹ ਦੇ ਰੋਗ, ਜੋੜਾਂ ਦਾ ਦਰਦ, ਔਰਤਾਂ ਦੇ ਰੋਗ ਅਤੇ ਹੋਰ ਬਿਮਾਰੀਆਂ ਦੀ ਜਾਂਚ ਕੀਤੀ ਜਾਵੇਗੀ ਉੱਥੇ ਹੀ ਫਿਜੀਓਥੈਰਪਿਸਟ ਦੇ ਮਾਹਿਰ ਡਾਕਟਰ ਰੀਤੂ ਕੌਸ਼ਲ (ਸੀਨੀਅਰ ਫਿਜ਼ਿਓਥਰੇਪਿਸਟ ਬੀ ਪੀ ਟੀ, ਐਮ ਆਈ ਏ ਪੀ) ਮਰੀਜ਼ਾਂ ਦਾ ਚੈੱਕ ਅਪ ਕਰਨਗੇ ਜਿਸ ਵਿੱਚ ਪਿੱਠ ਦਾ ਦਰਦ, ਅੱਡੀ ਦਾ ਦਰਦ, ਨੱਸ ਦਾ ਦੱਬ ਜਾਣਾ, ਸਰਵਾਈਕਲ, ਚੱਕਰ ਆਉਣੇ, ਮਣਕਿਆਂ ਦਾ ਹਿਲ ਜਾਣਾ, ਚੁੱਕ ਪੈ ਜਾਣੀ, ਹੱਥਾਂ ਪੈਰਾਂ ਦਾ ਸੁੰਨ ਅਤੇ ਕਮਜ਼ੋਰ ਹੋਣਾ, ਹੱਡੀਆਂ, ਮੋਢਿਆਂ, ਜੋੜਾਂ ਦਾ ਦਰਦ ਅਤੇ ਜਾਮ ਹੋਣਾ ਆਦਿ ਬਿਮਾਰੀਆਂ ਦਾ ਚੈੱਕਅਪ ਵੀ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਕੈਂਪ ਦਾ ਲਾਭ ਲੈਣ ਦੀ ਅਪੀਲ ਵੀ ਕੀਤੀ। ਇਸ ਮੌਕੇ ਉਹਨਾਂ ਨਾਲ ਸੈਕਟਰੀ ਜਸਵਿੰਦਰ ਸਿੰਘ ਗੋਹਲਣੀ, ਵਾਈਸ ਪ੍ਰਧਾਨ ਹਰਦੀਪ ਸਿੰਘ ਵਾਲੀਆ, ਐਡਵੋਕੇਟ ਜਗਦੀਪ ਸਿੰਘ ਮਿਨਹਾਸ ਵੀ ਹਾਜ਼ਰ ਸਨ।

# ਵੋਟਰ ਜਾਗਰੂਕਤਾ ਪੇਂਟਿੰਗ ਮੁਕਾਬਲੇ ਕਰਵਾਏ

ਅੰਮ੍ਰਿਤਸਰ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਹਾਥੀ ਗੇਟ ਦੀਆਂ ਐਨ ਸੀ ਸੀ ਵਿੰਗਾਂ ਵਲੋਂ ਵੋਟਰ ਜਾਗਰੂਕਤਾ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ।ਇਸ ਵਿੱਚ ਐਨ ਸੀ ਸੀ ਦੇ ਕੈਡੇਟਾਂ ਨੇ ਸਿੱਖਿਆਦਾਇਕ ਪੇਂਟਿੰਗਾਂ ਬਣਾ ਕੇ ਆਮ ਵੋਟਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਆਪਣੇ ਸੰਬੋਧਨ ਵਿੱਚ ਡੀ. ਏ.ਵੀ.ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਅਜੇ ਬੇਰੀ ਨੇ ਕਿਹਾ ਕਿ ਉਹਨਾਂ ਦੇ ਸਕੂਲ ਦੇ ਐਨ ਸੀ ਸੀ ਵਿੰਗ ਵਲੋਂ ਵੋਟਰ ਜਾਗਰੂਕਤਾ ਲਈ ਲਗਾਤਾਰ ਕੋਸ਼ਸ਼ਾਂ ਕੀਤੀਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਜ਼ਿਲ੍ਹਾ ਚੋਣ ਦਫ਼ਤਰ ਵਲੋਂ ਅਗਾਮੀ ਲੋਕਸਭਾ ਚੋਣਾਂ ਦੇ ਮੱਦੇਨਜ਼ਰ ਪੂਰੇ ਜ਼ਿਲ੍ਹੇ ਵਿੱਚ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ,ਜਿਸ ਕਰਕੇ ਲੋਕਾਂ ਦੀ ਵੋਟਾਂ ਪ੍ਰਤੀ ਰੁਚੀ ਵੱਧੀ ਹੈ।
ਉਹਨਾਂ ਕਿਹਾ ਕਿ ਚੋਣਾਂ ਵਿੱਚ ਸਮਾਜ ਦੇ ਸਾਰੇ ਵਰਗਾਂ ਦੀ ਭਾਗੇਦਾਰੀ ਜ਼ਰੂਰੀ ਹੈ ਅਤੇ ਇਸ ਗੱਲ ਨੂੰ ਸੁਨਿਸ਼ਚਿੱਤ ਕਰਨ ਲਈ ਲਗਾਤਾਰ ਕੋਸ਼ਸ ਕੀਤੀ ਜਾ ਰਹੀ ਹੈ।ਉਹਨਾਂ ਕਿਹਾ ਕਿ ਚੰਗੀ ਸਰਕਾਰ ਦੀ ਚੋਣ ਕਰਨਾ ਲੋਕਤੰਤਰ ਦੀ ਸ਼ਫ਼ਲਤਾ ਲਈ ਬੇਹੱਦ ਜ਼ਰੂਰੀ ਹੈ।ਉਹਨਾਂ ਦੱਸਿਆ ਕਿ ਵੋਟਿੰਗ ਵਾਲੇ ਦਿਨ ਬੀ.ਐਲ.ਓ. ਤੋਂ ਇਲਾਵਾ ਆਪਣੇ ਪੋਲਿੰਗ ਬੂਥ ਬਾਰੇ ਜਾਨਣ ਲਈ ਵੋਟਰ ਹੈਲਪਲਾਈਨ ਐਪ ਰਾਹੀਂ ਸਾਰੀ ਲੋੜੀਂਦੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਭਾਰਤ ਚੋਣ ਕਮਿਸ਼ਨ ਵਲੋਂ ਇਸ ਵਾਰ ਬਜ਼ੁਰਗ ਅਤੇ ਦਿੱਵਿਆਂਗ ਵੋਟਰਾਂ ਦੀ ਸਹਾਇਤਾ ਲਈ ਕਈ ਸਹੂਲਤਾਂ ਲਈ ਦਿੱਤੀਆਂ ਜਾ ਰਹੀਆਂ ਹਨ,ਜਿਸਦਾ ਲਾਭ ਦਿਵਿਆਂਗ ਵੋਟਰ ਸਕਸ਼ਮ ਐਪ ਤੇ ਰਜਿਸਟਰੇਸ਼ਨ ਕਰਵਾ ਕੇ ਲੈ ਸਕਦੇ ਹਨ।ਉਹਨਾਂ ਅਪੀਲ ਕਰਦੇ ਹੋਏ ਕਿਹਾ ਕਿ ਸਾਰੇ ਵੋਟਰ 1 ਜੂਨ ਨੂੰ ਹੋਣ ਵਾਲੀਆਂ ਲੋਕਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਨ।ਇਸ ਮੌਕੇ ਮੁਨੀਸ਼ ਗੁਪਤਾ, ਵਿਕਾਸ ਪਰਾਸ਼ਰ ਅਤੇ ਗੁਲਸ਼ਨ ਸਿਧਾਨਾ ਵੀ ਹਾਜ਼ਰ ਸਨ।

# ਵਿਧਾਇਕ ਕੁਲਜੀਤ ਰੰਧਾਵਾ ਨੇ ਹੰਡੇਸਰਾ, ਜੜੌਤ ਤੇ ਸਰਸੀਨੀ ਵਿਖੇ ਡਾ: ਬਲਬੀਰ ਸਿੰਘ ਦੇ ਹੱਕ ਵਿੱਚ ਕੀਤੀਆਂ ਮੀਟਿੰਗਾਂ

ਲਾਲੜੂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਨੂੰ ਤੇਜ਼ ਕਰਦੇ ਹੋਏ ਵਿਧਾਇਕ ਕੁਲਜੀਤ ਰੰਧਾਵਾ ਨੇ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਬਲਬੀਰ ਦੇ ਸਮਰਥਨ ਵਿੱਚ ਤਿੰਨ ਪਿੰਡਾਂ ਹੰਡੇਸਰਾ, ਜੜੌਤ ਅਤੇ ਸਰਸੀਨੀ ਵਿੱਚ ਚੋਣ ਮੀਟਿੰਗਾਂ ਕੀਤੀਆਂ। ਮੀਟਿੰਗਾਂ ਵਿੱਚ ਪਿੰਡ ਜਦੋਤ ਅਤੇ ਸਰਸੀਨੀ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਕਾਂਗਰਸ ਪਾਰਟੀ ਨੂੰ ਕਰਾਰਾ ਝਟਕਾ ਦਿੰਦਿਆਂ 'ਆਪ' ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਦੌਰਾਨ ਰੰਧਾਵਾ ਨੇ ਲੋਕਾਂ ਦੀ ਸੇਵਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੀ ਅਟੁੱਟ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਕਿਹਾ, ਲੋਕਾਂ ਨੇ ਉਨ੍ਹਾਂ ਨੂੰ ਵਿਧਾਇਕ ਚੁਣ ਕੇ ਲੋਕਾਂ ਦੀ ਬਿਹਤਰੀ ਲਈ ਕੰਮ ਕਰਨ ਦੇ ਯੋਗ ਬਣਾਇਆ ਹੈ, ਜਿਸ ਤੋਂ ਬਹੁਤ ਖੁਸ਼ੀ ਹਾਸਲ ਹੁੰਦੀ ਹੈ। ਲੋਕਾਂ ਦੀ ਸੇਵਾ ਕਰਨਾ ਮੇਰਾ ਫਰਜ਼ ਹੈ ਅਤੇ ਮੈਂ ਇਸ ਨੂੰ ਪੂਰੀ ਤਨਦੇਹੀ ਨਾਲ ਕਰਦਾ ਰਹਾਂਗਾ।÷ ਉਨ੍ਹਾਂ ਪਿੰਡ ਵਾਸੀਆਂ ਨੂੰ ਚੋਣਾਂ ਵਿੱਚ ਡਾ: ਬਲਬੀਰ ਸਿੰਘ ਦਾ ਸਾਥ



ਦੇਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਪਿੰਡ ਜੜੌਤ ਦੇ ਸਰਪੰਚ ਵਰਿੰਦਰ ਸਿੰਘ, ਪੰਚ ਮੰਗਤ ਰਾਮ ਸਮੇਤ ਸਮੁੱਚੇ ਪਿੰਡ ਵੱਲੋਂ ਆਮ ਆਦਮੀ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਪਿੰਡ ਵਾਸੀਆਂ ਦਾ ਸਮਰਥਨ ਇਸ ਗੱਲ ਦਾ ਸਬੂਤ ਹੈ ਕਿ ਇਲਾਕੇ ਵਿੱਚ ਆਮ ਆਦਮੀ ਪਾਰਟੀ ਦੀ ਲੋਕਪ੍ਰਿਅਤਾ ਵਧ ਰਹੀ ਹੈ। ਲੋਕਾਂ ਨੇ ਕਿਹਾ ਕਿ ਉਹ ਪਿਛਲੇ 50 ਸਾਲਾਂ ਤੋਂ ਬੁਨਿਆਦੀ ਢਾਂਚੇ ਅਤੇ ਸਿਹਤ ਸਹੂਲਤਾਂ ਦੀ ਘਾਟ ਵਰਗੀਆਂ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਉਹ ਆਮ ਆਦਮੀ ਪਾਰਟੀ ਨੂੰ ਹੀ ਉਮੀਦ ਦੀ ਕਿਰਨ ਵਜੋਂ ਦੇਖਦੇ ਹਨ।

ਲੋਕ ਸਭਾ ਚੋਣਾਂ ਨੇੜੇ ਆਉਂਦਿਆਂ ਆਮ ਆਦਮੀ ਪਾਰਟੀ ਪੰਜਾਬ ਵਿੱਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਜ਼ੋਰ ਫੜਦੀ ਜਾ ਰਹੀ ਹੈ।ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਪਾਰਟੀ ਦਾ ਧਿਆਨ ਪਿੰਡ ਵਾਸੀਆਂ ਨੂੰ ਦਿਲਾਂ ਚ ਘਰ ਕਰ ਗਿਆ ਹੈ।
ਜਿਉਂ-ਜਿਉਂ ਚੋਣਾਂ ਨੇੜੇ ਆ ਰਹੀਆਂ ਹਨ, ਆਮ ਆਦਮੀ ਪਾਰਟੀ ਡੇਰਾਬੱਸੀ ਨੂੰ ਵਿਧਾਨ ਸਭਾ ਵਿੱਚ ਮਜ਼ਬੂਤ ਪ੍ਰਦਰਸ਼ਨ ਦਾ ਭਰੋਸਾ ਹੈ ਅਤੇ ਸਰਕਾਰ ਦੇ ਆਉਣ ਵਾਲੇ 3 ਸਾਲਾਂ ਵਿੱਚ ਲੋਕਾਂ ਦੀ ਬਿਹਤਰੀ ਲਈ ਕੰਮ ਕਰਨ ਲਈ ਵਚਨਬੱਧ ਹੈ।

# ਕਾਗਜ਼ੀ ਆਗੂ ਬਣੇ 'ਆਪ' ਵਿਧਾਇਕ ਰੰਧਾਵਾ : ਧਰਮਿੰਦਰ ਸ਼ਰਮਾ

ਲਾਲੜੂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਡੇਰਾਬੱਸੀ ਹਲਕੇ ਦੇ ਲੋਕਾਂ ਨੇ ਪਿਛਲੀਆਂ ਚੋਣਾਂ ਵਿੱਚ ਅੱਖਾਂ ਬੰਦ ਕਰਕੇ ਆਮ ਆਦਮੀ ਪਾਰਟੀ ਨੂੰ ਵੋਟਾਂ ਦਿੱਤੀਆਂ, ਪਰ ਢਾਈ ਸਾਲਾਂ ਵਿੱਚ ਹੀ ਲੋਕ 'ਆਪ' ਦੀ ਕਾਰਜਸ਼ੈਲੀ ਤੋਂ ਤੰਗ ਆ ਚੁੱਕੇ ਹਨ। ਉਪਰੋਕਤ ਵਿਚਾਰਾਂ ਦਾ



ਪ੍ਰਗਟਾਵਾ ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ.ਸ਼ਰਮਾ ਦੇ ਭਰਾ ਧਰਮਿੰਦਰ ਸ਼ਰਮਾ ਨੇ ਅੱਜ ਚੋਣ ਪ੍ਰਚਾਰ ਦੌਰਾਨ ਲਾਲੜੂ ਹਲਕੇ ਦੇ ਪਿੰਡ ਸਿਤਾਰਪੁਰ, ਕੁਰਲੀ, ਹੰਬੜਾ, ਰਾਜੋਮਾਜਰਾ, ਹੰਸਾਲਾ, ਧੀਰੇਮਾਜਰਾ, ਮਲਕਪੁਰ ਆਦਿ ਦਾ ਦੌਰਾ ਕਰਨ ਉਪਰੰਤ ਕੀਤਾ।

ਉਨ੍ਹਾਂ ਕਿਹਾ ਕਿ ਡੇਰਾਬੱਸੀ ਦੇ ਲੋਕ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਝੂਠੇ ਲਾਰਿਆਂ ਤੋਂ ਤੰਗ ਆ ਚੁੱਕੇ ਹਨ। ਢਾਈ ਸਾਲਾਂ ਦੀ ਕਾਰਜਸ਼ੈਲੀ ਦੌਰਾਨ ਆਪ ਵਿਧਾਇਕ ਕਾਗਜ਼ੀ ਆਗੂ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਅੱਜ ਵਿਕਾਸ ਦੀ ਗੱਲ ਕਰਨ ਤੋਂ ਭੱਜ ਰਹੇ ਹਨ। ਹਾਲਾਤ ਇਹ ਹਨ ਕਿ ਪਿਛਲੇ ਢਾਈ ਸਾਲਾਂ ਤੋਂ ਨਗਰ ਕੌਂਸਲ ਨੂੰ ਕੋਈ ਗ੍ਰਾਂਟ ਨਹੀਂ ਮਿਲ ਰਹੀ ਹੈ। ਇਲਾਕੇ ਦੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਡੇਰਾਬੱਸੀ ਇਲਾਕੇ ਦੇ ਲੋਕ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ।ਅਕਾਲੀ ਦਲ ਦੀ ਸਰਕਾਰ ਸਮੇਂ ਕਰੋੜਾਂ ਰੁਪਏ ਖਰਚ ਕਰਕੇ ਸ਼ਹਿਰ ਵਾਸੀਆਂ ਨੂੰ ਨੇਚਰ ਪਾਰਕ ਦੀ ਸਹੂਲਤ ਪ੍ਰਦਾਨ ਕੀਤੀ ਗਈ ਸੀ। ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਨਾਕਾਮੀ ਕਾਰਨ ਅੱਜ ਇਹ ਪਾਰਕ ਖ਼ਤਮ ਹੋ ਚੁੱਕੇ ਹਨ।ਆਪਣੀ ਸਿਆਸੀ ਜ਼ਮੀਨ ਖਿਸਕਦੀ ਦੇਖ ਕੇ ਵਿਧਾਇਕ ਗਲਤ ਬਿਆਨਬਾਜ਼ੀ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।
ਇਸ ਮੌਕੇ ਅਕਾਲੀ ਆਗੂ ਬਹਾਦਰ ਸਿੰਘ ਝਰਮੜੀ, ਸ਼ਿਵਦੇਵ ਸਿੰਘ ਕੁਰਲੀ, ਟਿੰਮੀ ਪੂਨੀਆ, ਹਰਦਮ ਜਾਸਧਨਾ, ਸੋਹਣ ਰਾਣਾ, ਮਨਜੀਤ ਸੈਣੀ, ਗੁਰਜੀਤ ਕੁਰਲੀ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਮੁਬਾਰਿਕਪੁਰ ਤੋਂ ਸਮੁੱਚੀ ਭਾਟ ਬਰਾਦਰੀ ਨੇ ਛੱਡਿਆ ਅਕਾਲੀ ਦਲ



ਡੇਰਾ ਬਸੀ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਮੁਬਾਰਿਕਪੁਰ ਵਿਚ ਰਹਿੰਦਾ ਸਮੁੱਚਾ ਭਾਟ ਸਮਾਜ ਸ਼ ?ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ। ਭਾਜਪਾ ਦੇ ਹਲਕਾ ਚੋਣ ਇੰਚਾਰਜ ਐੱਸਐੱਮਐੱਸ ਸੰਧੂ ਨੇ ਸਾਰੀ ਬਰਾਦਰੀ ਦਾ ਭਾਜਪਾ ਵਿੱਚ ਆਉਣ ਤੇ ਨਿੱਘਾ ਸਵਾਗਤ ਕੀਤਾ। ਸ਼ਾਮਲ ਹੋਣ ਉਪਰੰਤ ਬਿਰਾਦਰੀ ਨੇ ਭਾਜਪਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਨੂੰ ਵਿਕਾਸ ਦੀ ਦੇਵੀ ਕਹਿ ਕੇ ਸਨਮਾਨ ਦਿੱਤਾ ।ਇਸ ਮੌਕੇ ਐੱਸਐੱਮਐੱਸ ਸੰਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਲਕਾ ਡੇਰਾਬੱਸੀ ਮਹਾਰਾਣੀ ਸਾਹਿਬਾ ਦਾ ਪਰਿਵਾਰ ਹੈ ਅਤੇ ਜਦੋਂ ਵੀ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਹਮੇਸ਼ਾ ਨਾਲ ਖੜਦੇ ਹਨ। ਉਹਨਾਂ ਕਿਹਾ ਕਿ ਇਹ ਕਲੀਅਰ ਹੈ ਕਿ ਦੇਸ਼ ਵਿਚ ਤੀਜੀ ਵਾਰ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣਨ ਜਾ ਰਹੀ ਹੈ ਅਤੇ ਪਟਿਆਲਾ ਸੀਟ ਮਹਾਰਾਣੀ ਪ੍ਰਨੀਤ ਕੌਰ ਜਿੱਤ ਰਹੇ ਹਨ।ਉਹਨਾਂ ਕਿਹਾ ਕਿ ਇਹਨਾਂ ਇਤਿਹਾਸਕ ਪਲਾਂ ਵਿਚ ਹਰੇਕ ਨੂੰ ਵੋਟ ਰਾਹੀਂ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ। ਕਿਓਂਕਿ ਦੇਸ਼ ਦੀ ਭਲਾਈ ਸਿਰ ?ਫ ਭਾਜਪਾ ਸਰਕਾਰ ਹੀ ਕਰ ਸਕਦੀ ਹੈ। ਪਾਰਟੀ ਬਾਰੇ ਗੱਲ ਕਰਦੇ ਹੋਏ ਸੰਧੂ ਨੇ ਅੱਗੇ ਕਿਹਾ, ÷ਭਾਜਪਾ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਭਾਰਤ ਵਿਕਾਸ ਅਤੇ ਤਰੱਕੀ ਦੇ ਰਾਹ 'ਤੇ ਅੱਗੇ ਵਧੇ ਅਤੇ 140 ਕਰੋੜ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਪਿਛਲੇ 10 ਸਾਲਾਂ 'ਚ ਭਾਰਤ ਦੀਆਂ ਵਧ ਰਹੀਆਂ ਸਫਲਤਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ।

ਉਨ੍ਹਾਂ ਨੇ ਅੱਗੇ ਕਿਹਾ, ÷ਮੋਦੀ ਸਰਕਾਰ ਦੇ 10 ਸਾਲ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹਨ ਕਿ ਕਿਵੇਂ ਇੱਕ ਲੋਕ ਕੇਂਦਰਿਤ ਸਰਕਾਰ ਚਲਾਈ ਜਾਂਦੀ ਹੈ। ਮੋਦੀ ਜੀ ਨੇ ਬਹੁਤ ਸਾਰੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਜੋ ਦੇਸ਼ ਭਰ ਦੇ ਕਰੋੜਾਂ ਲੋਕਾਂ ਨੂੰ ਸਿੱਧਾ ਲਾਭ ਪਹੁੰਚਾ ਰਹੀਆਂ ਹਨ। 'ਅਬਕੀ ਬਾਰ 400' ਪਾਰ ਦਾ ਨਾਅਰਾ ਆਉਣ ਵਾਲੀ 4 ਜੂਨ ਨੂੰ ਜ਼ਰੂਰ ਸੱਚ ਹੋਣ ਜਾ ਰਿਹਾ ਹੈ। ਇਸ ਵਾਰ ਪੰਜਾਬ ਦੇ ਲੋਕ ਵੀ ਲੋਕ ਸਭਾ ਚੋਣਾਂ ਵਿੱਚ ਵੱਡੀ ਭੂਮਿਕਾ ਨਿਭਾਉਣ ਜਾ ਰਹੇ ਹਨ ਅਤੇ ਮੈਨੂੰ ਯਕੀਨ ਹੈ ਕਿ ਉਹ ਸੂਬੇ ਭਰ ਵਿੱਚ ਭਾਜਪਾ ਦੇ ਨੁਮਾਇੰਦਿਆਂ ਨੂੰ ਵੋਟ ਪਾਉਣਗੇ।÷
ਉਹਨਾਂ ਕਿਹਾ ਕਿ ਅਸੀਂ ਮਹਾਰਾਣੀ ਪ੍ਰਨੀਤ ਕੌਰ ਨੂੰ ਚੋਣ ਜਿਤਾ ਕੇ ਕੇਂਦਰ ਵਿੱਚ ਮੰਤਰੀ ਬਣਾਉਣਾ ਹੈ ਕਿਉਂਕਿ ਇਸ ਦਾ ਸਿੱਧਾ ਲਾਭ ਸਾਨੂੰ ਹੀ ਮਿਲਣਾ ਹੈ। ਇਸ ਮੌਕੇ ਭਾਜਪਾ ਆਗੂ ਰਵਿੰਦਰ ਵੈਸ਼ਨਵ, ਸ਼ਰੂਤੀ ਭਾਰਦਵਾਜ, ਅਮਨ ਰਾਣਾ, ਸੁਖਦੇਵ ਰਾਣਾ, ਪੁਸ਼ਪਿੰਦਰ ਮਹਿਤਾ ਸਮੇਤ ਹੋਰ ਵੀ ਪਾਰਟੀ ਆਗੂ ਮੌਜੂਦ ਸਨ।

# ਝਾੜ ਸਾਹਿਬ ਦੇ ਨਜ਼ਦੀਕ ਵਾਪਰਿਆ ਹਾਦਸਾ



ਮਾਛੀਵਾੜਾ ਸਾਹਿਬ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸਵੇਰੇ ਕਰੀਬ 7 ਵਜੇ ਪਿੰਡ ਬਹਿਲੋਲਪੁਰ ਨੇੜੇ ਗੜ੍ਹੀ ਨਹਿਰ ਵਿੱਚ ਇੱਕ ਗੱਡੀ ਦੇ ਡਿੱਗਣ ਦੀ ਖਬਰ ਮਿਲੀ ਜੋ ਕਿ ਪਾਇਲ ਦੇ ਨਜ਼ਦੀਕ ਇੱਕ ਪਿੰਡ ਤੋਂ ਪਰਿਵਾਰ ਨਵੀਂ ਬਲੈਰੋ ਪਿਕਅਪ ਲੈ ਕੇ ਡੇਰਾ ਸਾਹਿਬ ਨਤਮਸਤਕ ਹੋਣ ਲਈ ਗਿਆ ਸੀ। ਡੇਰਾ ਸਾਹਿਬ ਤੋਂ ਨਤਮਸਤਕ ਹੋ ਕੇ ਵਾਪਸ ਆ ਰਹੇ ਬੁਲੈਰੋ ਪਿਕਅਪ 'ਚ ਸਵਾਰ ਸ਼ਰਧਾਲੂਆਂ ਦੀ ਗੱਡੀ ਦਾ ਬੈਲੈਂਸ ਵਿਗੜਨ ਕਾਰਨ ਪਿੰਡ ਬਹਿਲੋਲਪੁਰ ਨਜ਼ਦੀਕ ਸਰਹੰਦ ਨਹਿਰ 'ਚ ਜਾ ਡਿੱਗੀ। ਪ੍ਰਾਪਤ ਜਾਣਕਾਰੀ ਦੌਰਾਨ ਪਤਾ ਲੱਗਾ ਕਿ ਇਸ ਗੱਡੀ ਵਿੱਚ ਬੱਚਿਆਂ ਸਮੇਤ 15-16 ਦੇ ਕਰੀਬ ਸ਼ਰਧਾਲੂ ਸਨ, ਜੋ ਪਾਇਲ ਦੇ ਨਜ਼ਦੀਕ ਪਿੰਡ ਨਿਜ਼ਾਮਪੁਰ ਦੇ ਰਹਿਣ ਵਾਲੇ ਸਨ।

ਗੱਡੀ ਨਹਿਰ ਵਿੱਚ ਡਿੱਗਣ ਕਾਰਨ ਹੁਣ ਦੀ ਘੜੀ ਦੱਸਿਆ ਜਾ ਰਿਹਾ, ਕਿ ਤਿੰਨ ਬੱਚਿਆਂ ਦੀ ਮੌਤ ਹੋ ਚੁੱਕੀ ਹੈ ਅਤੇ ਇੱਕ ਬੱਚਾ ਜੋ ਪਾਣੀ ਵਿੱਚ ਰੁੜ ਗਿਆ, ਜਿਸ ਦੀ ਉਮਰ ਕਰੀਬ ਸੱਤ ਸਾਲ ਦੱਸੀ ਗਈ ਹੈ, ਉਸਨੂੰ ਲੱਭਣ ਦੀ ਕੋਸ਼ਿਸ਼ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲਗਾਤਾਰ ਜਾਰੀ ਹੈ।

# 'ਦੀ ਆਜ਼ਾਦ ਫਾਊਂਡੇਸ਼ਨ' (ਰਜਿ.) ਮਾਲੇਰਕੋਟਲਾ ਦੀ ਚੋਣ ਜ਼ਹੂਰ ਅਹਿਮਦ ਚੌਹਾਨ ਪ੍ਰਧਾਨ ਤੇ ਅਖਤਰ ਜੋਸ਼ ਜਨਰਲ ਸਕੱਤਰ ਬਣੇ



ਮਲੇਰਕੋਟਲਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸਮਾਜ ਸੇਵਾ ਦੇ ਕੰਮਾਂ ਦੇ ਨਾਲ ਨਾਲ ਸਾਹਿਤਕ ਸਰਗਰਮੀਆਂ ਲਈ ਯਤਨਸ਼ੀਲ ਸੰਸਥਾ 'ਦੀ ਆਜ਼ਾਦ ਫਾਊਂਡੇਸ਼ਨ' (ਰਜਿ.) ਮਾਲੇਰਕੋਟਲਾ ਦੀ ਜ਼ਰੂਰੀ ਮੀਟਿੰਗ ਫਾਊਂਡੇਸ਼ਨ ਦੇ ਪ੍ਰਧਾਨ ਨਾਸਿਰ ਅਜ਼ਾਦ ਦੀ ਪ੍ਰਧਾਨਗੀ ਹੇਠ ਹੋਈ।
ਇਸ ਦੌਰਾਨ ਸੰਸਥਾ ਦੇ ਜਨਰਲ ਸਕੱਤਰ ਸ਼ੋਇਬ ਮਲਿਕ ਵਲੋਂ ਸੰਸਥਾ ਦੇ ਸਮੂਹ ਮੈਂਬਰਾਂ ਨੂੰ ਜਿੱਥੇ ਪਿਛਲੇ ਇੱਕ ਸਾਲ ਦੌਰਾਨ ਕੀਤੇ ਸਮਾਜ ਸੇਵਾ ਦੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਉਥੇ ਹੀ ਆਉਣ ਵਾਲੇ ਸਮੇਂ 'ਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਸਮੂਹ ਮੈਂਬਰਾਂ ਵਲੋਂ ਸੰਸਥਾ ਦੀ ਨਵੀਂ ਸਾਲਾਨਾ ਚੋਣ ਵੀ ਸਰਵਸੰਮਤੀ ਨਾਲ ਕੀਤੀ ਗਈ, ਜਿਸ 'ਚ ਸ਼ ?ਰੀ ਸ਼ੋਕਤ ਅਲੀ, ਮਾਸਟਰ ਅਨਵਾਰ ਆਜ਼ਰ ਤੇ ਮਾਸਟਰ ਤਾਜ ਉਦ ਦੀਨ ਤਾਜ ਨੂੰ ਸਰਪ੍ਰਸਤ, ਜ਼ਹੂਰ ਅਹਿਮਦ ਚੌਹਾਨ ਨੂੰ ਪ੍ਰਧਾਨ, ਮੁਹੰਮਦ ਉਵੈਸ ਨੂੰ ਮੀਤ ਪ੍ਰਧਾਨ, ਅਖਤਰ ਜੋਸ਼ ਨੂੰ ਜਨਰਲ ਸਕੱਤਰ, ਉਮਰ ਫਾਰੂਕ ਨੂੰ ਜੁਆਇੰਟ ਸਕੱਤਰ, ਸ਼ੋਇਬ ਮਲਿਕ ਨੂੰ ਪ੍ਰੈੱਸ ਸਕੱਤਰ, ਨੂਰ ਮੁਹੰਮਦ ਨੂੰ ਖਜ਼ਾਨਚੀ ਚੁਣਿਆ ਗਿਆ। ਇਸ ਤੋਂ ਇਲਾਵਾ ਨਾਸਰ ਅਜ਼ਾਦ, ਸ਼ਹਿਬਾਜ਼ ਖਾਲਿਦ, ਸਲਾਹੁ ਦੀਨ ਪੈਸ਼ਾਵਰੀ, ਆਰਿਫ ਸੈਫੀ ਤੇ ਸ਼ਮਸ਼ਾਦ ਅਲੀ ਨੂੰ ਐਗਜੈਕਟਿਵ ਮੈਂਬਰ ਨਿਯੁਕਤ ਕੀਤਾ ਗਿਆ।'

ਦੀ ਆਜ਼ਾਦ ਫਾਊਂਡੇਸ਼ਨ' (ਰਜਿ.) ਮਾਲੇਰਕੋਟਲਾ ਦੇ ਪ੍ਰਧਾਨ ਬਣਾਏ ਜਾਣ 'ਤੇ ਸ਼ ?ਰੀ ਜ਼ਹੂਰ ਅਹਿਮਦ ਚੌਹਾਨ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ

# ਲੋਕ ਡਾਕਟਰ ਗਾਧੀ ਨੂੰ ਜਿਤਾਉਣ ਲਈ ਹੋਏ ਪੱਬਾਂ ਭਾਰ



ਨਾਭਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਲੋਕ ਸਭਾ ਚੋਣਾ ਨੂੰ ਲੈਕੇ ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਵਲੋਂ ਆਪੋ ਅਪਣੀਆ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆ ਹਨ ਮੀਟਿੰਗਾਂ ਰਾਹੀ ਵੋਟਰਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਜਿਸ ਨੂੰ ਲੈਕੇ ਕਾਂਗਰਸ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵਲੋਂ ਵੀ ਅਪਣੀ ਚੋਣ ਮੁਹਿੰਮ ਤੇਜ਼ ਕਰ ਦਿੱਤੀ ਹੈ ਉਨਾਂ ਵਲੋਂ 29 ਮਈ ਨੂੰ ਹਲਕਾ ਦਿਹਾਤੀ ਪਟਿਆਲ ਵਿਖੇ ਪਿੰਡ ਮੰਡੋਰ,ਘਮਰੋਦਾ,ਰੋਹਟੀ ਬਸਤਾ ਸਿੰਘ,ਰੋਹਟਾ,ਰੋਹਟੀ ਖਾਸ,ਹਿਆਣਾ ਕਲਾਂ,ਕੈਦੂਪੁਰ,ਪੇਧਨ,ਦੰਦਰਾਲ ਸਮੇਤ ਸ਼ਹਿਰ ਵਿੱਚ ਦੋ ਦਰਜਨਾਂ ਚੋਣ ਸਭਾਵਾ ਨੂੰ ਸੰਬੋਧਨ ਕੀਤਾ ਜਾਵੇਗਾ ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਯੂਥ ਕਾਂਗਰਸ ਪੰਜਾਬ ਅਤੇ ਇੰਚਾਰਜ ਹਲਕਾ ਦਿਹਾਤੀ ਪਟਿਆਲਾ ਸ੍ਰੀ ਮੋਹਿਤ ਮੋਹਿੰਦਰਾ ਨੇ ਕਿਹਾ ਕਿ 29 ਮਈ ਨੂੰ ਸਵੇਰੇ 8: 30 ਵਜੇ ਤੋਂ ਦੇਰ ਰਾਤ ਤੱਕ ਡਾਕਟਰ ਧਰਮਵੀਰ ਗਾਂਧੀ ਹਲਕੇ ਦੇ ਪਿੰਡਾ ਤੋਂ ਇਲਾਵਾ ਸ਼ਹਿਰ ਅੰਦਰ ਦਰਜਨਾ ਚੋਣ ਸਭਾਵਾਂ ਨੂੰ ਸੰਬੋਧਨ ਕਰਨਗੇ ਜਿਸ ਨੂੰ ਕਾਂਗਰਸੀ ਵਰਕਰਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਇਸ ਮੌਕੇ ਉਨਾ ਬਲਾਕ ਪ੍ਰਧਾਨ ਹਰਵੀਰ ਸਿੰਘ ਢੀਂਡਸਾ,ਜਿਲਾ ਜਨਰਲ ਸਕੱਤਰ ਅਜੈਬ ਸਿੰਘ ਰੋਹਟੀ,ਹਰਸਪਾਲ ਸਿੰਘ ਮੰਡੋਰ ਪ੍ਰਧਾਨ ਰਾਜੀਵ ਗਾਂਧੀ ਕਿਸਾਨ ਮੰਚ ਪਟਿਆਲਾ,ਐਡਵੋਕੇਟ ਸ਼ੁਕਲਾ ਤੋਂ ਇਲਾਵਾ ਸੀਨੀਅਰ ਆਗੂ ਨਾਲ ਨਾਲ ਚੱਲਣਗੇ

# ਅਕਾਲੀ ਦਲ ਦੇ ਪੀ ਸੀ ਏ ਮੈਂਬਰ ਆਕਾਸ਼ ਸ਼ਰਮਾ ਬੋਕਸਰ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਲਈ ਡੋਰ ਟੂ ਡੋਰ ਕਰ ਰਹੇ ਹਨ ਪ੍ਰਚਾਰ

ਪਟਿਆਲਾ, 29 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-
ਪਟਿਆਲਾ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਅਕਾਸ਼ ਸ਼ਰਮਾ ਬੋਕਸਰ ਪੀ ਸੀ ਏ ਮੈਂਬਰ ਅਕਾਲੀ ਦਲ ਵਲੋਂ ਚੋਣ ਮੁਹਿੰਮ ਵਿੱਚ ਭਰਵਾਂ ਹੁਲਾਰਾ ਦਿੱਤਾ ਜਾ ਰਿਹਾ ਹੈ, ਅਕਾਸ਼ ਸ਼ਰਮਾ ਬੋਕਸਰ ਵਲੋਂ ਪਟਿਆਲਾ ਸ਼ਹਿਰ ਵਿੱਚ ਅਕਾਲੀ ਉਮੀਦਵਾਰ ਦੇ ਹੱਕ ਵਿੱਚ ਸਬਜੀ ਮੰਡੀ,ਨੀਮ ਵਾਲਾ ਚੌਕ, ਪਿੱਪਲ ਵਾਲੀ ਗਲੀ,ਸਮਾਨੀਆ ਗੇਟ, ਇਲਾਕੇ ਵਿੱਚ ਡੋਰ ਟੂ ਡੋਰ ਕੰਪੇਨ ਚਲਾਈ ਜਾ ਰਹੀ



ਹੈ ਅਤੇ ਪਬਲਿਕ ਨੂੰ ਅਕਾਲੀ ਦਲ ਵਲੋਂ ਕੀਤੇ ਗਏ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ, ਉਹਨਾਂ ਕਿਹਾ ਕਿ ਮਾਨਯੋਗ ਸਾਬਕਾ ਮੁੱਖ ਮੰਤਰੀ ਸਵਰਗੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਹਿੱਤਾਂ ਲਈ ਹਮੇਸ਼ਾ ਲੜਾਈ ਲੜੀ ਅਤੇ ਅਨੇਕਾਂ ਵਾਰ ਜੇਲਾ ਕੱਟੀਆਂ ਉਹਨਾਂ ਕਿਹਾ ਕਿ ਅੱਜ ਵੀ ਪਬਲਿਕ ਅਕਾਲੀ ਦਲ ਵਲੋਂ ਕੀਤੇ ਗਏ ਵਿਕਾਸ ਕਾਰਜਾਂ ਨੂੰ ਯਾਦ ਕਰਦੇ ਹਨ, ਉਹਨਾਂ ਕਿਹਾ ਕਿ ਅਕਾਲੀ ਦਲ ਅਨੇਕਾਂ ਨੌਜਵਾਨਾ ਨੂੰ ਰੋਜ਼ਗਾਰ ਦਿੱਤਾ ਉਹਨਾਂ ਕਿਹਾ ਕਿ ਅੱਜ ਪੰਜਾਬ ਹਰ ਵਸਨੀਕ ਆਮ ਆਦਮੀ ਪਾਰਟੀ ਨੂੰ ਵੋਟ ਪਾ ਕੇ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ ਉਹਨਾਂ ਕਿਹਾ ਕਿ ਪੰਜਾਬ ਦੀ ਭਲਾਈ ਲਈ ਪਬਲਿਕ ਅਕਾਲੀ ਦਲ ਨੂੰ ਵੋਟਾਂ ਪਾਉਣ ਤਾ ਜੋ ਉਹਨਾਂ ਦੀ ਦੀ ਅਵਾਜ਼ ਪਰਾਲੀਮੈਂਟ ਵਿਚ ਚੁੱਕੀ ਜਾ ਸਕੇ

# ਕਾਂਗਰਸ, ਆਪ ਤੇ ਭਾਜਪਾ ਤਿੰਨੋਂ ਰਲ ਕੇ ਪੰਜਾਬ ਨੂੰ ਲੁੱਟਣ ਲਈ ਸਰਗਰਮ: ਐਨ ਕੇ ਸ਼ਰਮਾ



ਪਾਤੜਾਂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਪਾਰਲੀਮਾਨੀ ਹਲਕੇ ਤੋਂ ਉਮੀਦਵਾਰ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਕਾਂਗਰਸ, ਆਪ ਤੇ ਭਾਜਪਾ ਤਿੰਨੋਂ ਰਲ ਕੇ ਪੰਜਾਬ ਨੂੰ ਲੁੱਟਣ ਲਈ ਸਰਗਰਮ ਹਨ ਪਰ ਪੰਜਾਬੀਆਂ ਦੀ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਹਨਾਂ ਨੂੰ ਅਜਿਹਾ ਨਹੀਂ ਕਰਨ ਦੇਵੇਗੀ।

ਇਥੇ ਕਬੀਰ ਦਾਸ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ 'ਚ ਹੋਏ ਚੋਣ ਪ੍ਰੋਗਰਾਮਾਂ ਨੂੰ ਸੰਬੋਧਨ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਆਪ ਤੇ ਭਾਜਪਾ ਪੰਜਾਬ ਦੇ ਦਰਿਆਈ ਪਾਣੀ ਹਰਿਆਣਾ ਤੇ ਰਾਜਸਥਾਨ ਨੂੰ ਦੇਣ ਵਾਸਤੇ ਸਰਗਰਮ ਹਨ ਜਦੋਂ ਕਿ ਕਾਂਗਰਸ ਪਾਰਟੀ ਤੇ ਆਪ ਰਲ ਕੇ ਪੰਜਾਬ ਤੋਂ ਇਸਦਾ ਰਾਜਧਾਨੀ ਸ਼ਹਿਰ ਚੰਡੀਗੜ੍ਹ ਖੋਹਣਾ ਚਾਹੁੰਦੇ ਹਨ ਜਿਸਦਾ ਰਸਮੀ ਐਲਾਨ ਵੀ ਉਹਨਾਂ ਨੇ ਚੋਣ ਮਨੋਰਥ ਪੱਤਰ ਵਿਚ ਕੀਤਾ ਹੈ।

ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦਾ ਸਰਕਾਰੀ ਖ਼ਜ਼ਾਨਾ ਅਰਵਿੰਦ ਕੇਜਰੀਵਾਲ ਤੇ ਆਪ ਦੇ ਦੇਸ਼ ਭਰ ਵਿਚ ਪਸਾਰ 'ਤੇ ਖਰਚ ਕਰਕੇ ਪੰਜਾਬ ਸਿਰ ਦੋ ਸਾਲਾਂ ਵਿਚ ਇਕ ਲੱਖ ਕਰੋੜ ਰੁਪਏ ਦਾ ਨਵਾਂ ਕਰਜ਼ਾ ਚੜ੍ਹਾ ਦਿੱਤਾ ਹੈ। ਪੰਜਾਬ ਵਿਚ ਵਿਕਾਸ ਦਾ ਕੋਈ ਵੀ ਪ੍ਰਾਜੈਕਟ ਨਹੀਂ ਸ਼ੁਰੂ ਕੀਤਾ ਗਿਆ ਜਦੋਂ ਕਿ ਸਾਰਾ ਪੈਸਾ ਪ੍ਰਾਪੇਗੰਡਾ 'ਤੇ ਖਰਚ ਕੀਤਾ ਜਾ ਰਿਹਾ ਹੈ।

ਇਸ ਮੌਕੇ ਕਬੀਰ ਦਾਸ ਨੇ ਕਿਹਾ ਕਿ ਸਮੁੱਚੇ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਲਹਿਰ ਹੈ ਤੇ ਲੋਕ ਤਿੰਨਾਂ ਕੌਮੀ ਪਾਰਟੀਆਂ ਦੇ ਪੰਜਾਬ ਵਿਰੋਧੀ ਏਜੰਡੇ ਤੋਂ ਅੱਕ ਗਏ ਹਨ। ਇਸ ਵਾਰ ਪ ?ਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਜਿੱਤ ਤੈਅ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ ਲਾਲਵਾ, ਜਗਮੀਤ ਸਿੰਘ ਹਰਿਆਊ, ਗੋਬਿੰਦ ਸਿੰਘ ਵਿਰਦੀ, ਵਿਸ਼ਾਲ ਗੋਇਲ, ਲਖਵਿੰਦਰ ਸਿੰਘ ਲੱਖਾ, ਅਮਰੀਕ ਸਿੰਘ ਠੇਕੇਦਾਰ, ਕੁਲਦੀਪ ਸਿੰਘ ਰਿੰਟੂ ਸਾਬਕਾ ਐਮ ਸੀ ਤੇ ਹੋਰ ਪਤਵੰਤੇ ਹਾਜ਼ਰ ਸਨ।

# ਵਿਦੇਸ਼ ਗਏ ਪਰਿਵਾਰ ਦੇ ਘਰੋਂ ਸੋਨੇ ਦੇ ਗਹਿਣੇ ਚੋਰੀ

ਪਾਤੜਾਂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪਾਤੜਾਂ, ਸੁਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਮਤੌਲੀ ਥਾਣਾ ਪਾਤੜਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਮੇਰੇ ਤਾਏ ਦਾ ਲੜਕਾ ਅੰਗਰੇਜ਼ ਸਿੰਘ ਆਪਣੇ ਪਰਿਵਾਰ ਸਮੇਤ ਵਿਦੇਸ਼ ਗਿਆ ਹੋਇਆ ਹੈ। ਜਿਸ ਦੇ ਮਕਾਨ ਦੀ ਦੇਖਰੇਖ ਮੈਂ ਕਰਦਾ ਹਾਂ। ਮਿਤੀ 22-23/5/2024 ਦੀ ਦਰਮਿਆਨੀ ਰਾਤ ਨੂੰ ਕਿਸੇ ਨਾ ਮਾਲੂਮ ਵਿਅਕਤੀ/ ਵਿਅਕਤੀਆਂ ਨੇ ਕੋਠੀ ਵਿੱਚੋਂ ਸੋਨੇ ਦੇ ਗਹਿਣੇ ਚੋਰੀ ਕਰ ਲਏ ਹਨ ?। ਪੁਲਸ ਨੇ ਨਾ -ਮਾਲੂਮ ਵਿਅਕਤੀ/ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 112, ਮਿਤੀ 23/5/2024 , ਧਾਰਾ 457,380 ਆਈ ਪੀ ਸੀ ਤਹਿਤ ਕੇਸ ਦਰਜ ਕਰਕੇ ਚੋਰਾਂ ਦੀ ਭਾਲ ਸਰਗਰਮੀ ਨਾਲ ਸ਼ੁਰੂ ਕਰ ਦਿੱਤੀ ਹੈ।

# ਟੋਲ ਪਲਾਜ਼ਾ ਤੇ ਕੁੱਟਮਾਰ ਕੀਤੀ ਅਤੇ ਸੋਨੇ ਦੀ ਚੇਨੀ ਤੇ ਪੰਜਾਹ ਹਜ਼ਾਰ ਰੁਪਏ ਝਪਟੇ

ਪਾਤੜਾਂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪਾਤੜਾਂ, ਪੀੜਤ ਮਾਨਵ ਬਾਂਸਲ ਪੁੱਤਰ ਸੰਜੀਵ ਕੁਮਾਰ ਵਾਸੀ ਪਾਤੜਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਦੱਸਿਆ ਕਿ ਮਿਤੀ 23/5/2024 ਨੂੰ ਮੈਂ ਆਪਣੇ ਡਰਾਇਵਰ ਰਾਜਵਿੰਦਰ ਸਿੰਘ ਸਮੇਤ ਆਪਣੀ ਗੱਡੀ 'ਤੇ ਸਵਾਰ ਹੋ ਕੇ ਖਨੌਰੀ ਵੱਲ ਜਾ ਰਿਹਾ ਸੀ । ਜਦੋਂ ਮੈਂ ਪਿੰਡ ਪੈਂਦ ਨਜ਼ਦੀਕ ਪੁੱਜਾ ਤਾਂ ਟੋਲ ਪਲਾਜ਼ਾ ਲਾਈਨ ਵਿੱਚ ਕਾਫੀ ਸਮਾਂ ਖੜ੍ਹਨ ਤੋਂ ਬਾਅਦ ਮੈਂ ਟੋਲ ਪਲਾਜ਼ਾ ਵਾਲਿਆਂ ਨੂੰ ਗੱਡੀ ਸਾਈਡ 'ਤੇ ਲਗਵਾਉਣ ਲਈ ਕਿਹਾ ਤਾਂ ਅੱਗੋਂ ਉਨ੍ਹਾਂ ਮਿਲ ਕੇ ਮੇਰੀ ਕੁੱਟਮਾਰ ਕੀਤੀ ਅਤੇ ਮੇਰੇ ਗਲ ਵਿਚ ਪਾਈ ਸੋਨੇ ਦੀ ਚੈਨੀ ਤੇ ਪਜਾਹ ਹਜ਼ਾਰ ਰੁਪਏ ਝਪਟ ਮਾਰ ਕੇ ਖੋਹ ਲਏ । ਜਦੋਂ ਮੇਰਾ ਡਰਾਇਵਰ ਛੁਡਾਉਣ ਲਈ ਆਇਆ ਤਾਂ ਉਨ੍ਹਾਂ ਨੇ ਉਸ ਦੀ ਵੀ ਕੁੱਟਮਾਰ ਕੀਤੀ । ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਕਥਿੱਤ ਦੋਸ਼ੀ ਲਖਵਿੰਦਰ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਫਰੀਦਪੁਰ ਜ਼ਿਲ੍ਹਾ ਹਿਸਾਰ ਹਰਿਆਣਾ, ਰਾਜਿੰਦਰ ਸਿੰਘ ਪੁੱਤਰ ਜ਼ਿਲ੍ਹੇ ਸਿੰਘ ਵਾਸੀ ਪਿੰਡ ਹਰੀਪੁਰਾ ਜ਼ਿਲ੍ਹਾ ਕੈਂਥਲ ਹਰਿਆਣਾ, ਗੁਰਜੀਤ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਖਨੌਰੀ, ਵਿਕਰਮ ਸਿੰਘ ਪੁੱਤਰ ਕੇਸਾ ਰਾਮ ਵਾਸੀ ਪਿੰਡ ਗੜ੍ਹੀ ਜ਼ਿਲ੍ਹਾ ਜੀਂਦ ਹਰਿਆਣਾ ਅਤੇ ਸਤਨਾਮ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਹਰਿਆਊ ਕਲਾਂ ਖਿਲਾਫ ਮੁਕੱਦਮਾ ਨੰਬਰ 113, ਮਿਤੀ 23/5/2024, ਭਾਰਤੀ ਦੰਡਾਵਲੀ ਦੀ ਧਾਰਾ 341,323,379-ਬੀ 149 ਆਈ ਪੀ ਸੀ ਤਹਿਤ ਕੇਸ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੋਰ ਕਮੇਟੀ ਮੈਂਬਰ ਹਰਜੋਤ ਮਾਂਗਟ ਨੇ ਕੀਤੀ ਸੁਖਬੀਰ ਬਾਦਲ ਨਾਲ ਮੁਲਾਕਾਤ



ਮਾਛੀਵਾੜਾ ਸਾਹਿਬ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸ਼੍ਰੋਮਣੀ ਅਕਾਲੀ ਦਲ ਬਾਦਲ ਕੋਰ ਕਮੇਟੀ ਮੈਂਬਰ ਹਰਜੋਤ ਸਿੰਘ ਮਾਂਗਟ ਵੱਲੋਂ ਬੀਤੇ ਦਿਨੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰ ਵੱਖ ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਗਈ । ਬੀਤੇ ਕੱਲ੍ਹ ਸਰਦਾਰ ਸੁਖਬੀਰ ਸਿੰਘ ਬਾਦਲ ਨਾਲ ਉਹਨਾਂ ਮੁਲਾਕਾਤ ਕੀਤੀ ਜਿਸ ਵਿੱਚ ਵੋਟਾਂ ਦੇ ਸੰਬੰਧੀ ਖੁੱਲ੍ਹਕੇ ਵਿਚਾਰ ਚਰਚਾ ਹੋਈ।

ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਉਹਨਾਂ ਹਲਕਾ ਫਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਦੀ ਚੋਣ ਪ੍ਰਚਾਰ ਬਾਰੇ ਵੀ ਜਾਣਕਾਰੀ ਦਿੱਤੀ, ਜਿਸ ਦੌਰਾਨ ਉਹਨਾਂ ਕਿਹਾ ਕਿ ਫਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਪੂਰੀ ਸ਼ਾਨ ਨਾਲ ਜਿੱਤਣਗੇ ਕਿਉਂਕਿ ਮੌਜੂਦਾ ਪੰਜਾਬ ਸਰਕਾਰ ਦੇ ਫੋਕੇ ਵਾਅਦਿਆਂ ਤੇ ਲਾਰਿਆਂ ਤੋਂ ਪੰਜਾਬ ਦੀ ਜਨਤਾ ਪੂਰੀ ਤਰ੍ਹਾਂ ਚੁੱਕੀ ਹੈ। ਪਿੰਡਾਂ ਵਿੱਚ ਲੋਕ ਸ਼੍ਰੋਮਣੀ ਅਕਾਲੀ ਦਲ ਦੀਆਂ ਨੁੱਕੜ ਮੀਟਿੰਗਾਂ ਨੂੰ ਰੈਲੀਆਂ ਦੇ ਰੂਪ ਵਿੱਚ ਬਦਲ ਰਹੇ ਹਨ।

ਜਿਸ ਨਾਲ ਬੇਟ ਖੇਤਰ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਕੱਦ ਹੋਰ ਉੱਚਾ ਹੋ ਗਿਆ ਹੈ। ਮੌਜੂਦਾ ਸਰਕਾਰਾਂ ਦੇ ਲਾਰਿਆਂ ਤੋਂ ਤੰਗ ਆਏ ਲੋਕ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਵੱਡੀ ਗਿਣਤੀ ਵਿੱਚ ਆਪ ਮੁਹਾਰੇ ਜੁੜ ਰਹੇ ਹਨ। ਬਿਕਰਮਜੀਤ ਸਿੰਘ ਖਾਲਸਾ ਦਾ ਚੋਣ ਪ੍ਰਚਾਰ ਦੂਸਰਿਆਂ ਪਾਰਟੀਆਂ ਨਾਲੋਂ ਬੜੀ ਤੇਜ਼ੀ ਨਾਲ ਅੱਗੇ ਵਧਿਆ ਹੋਇਆ ਹੈ, ਜਿੱਥੇ ਸ਼ਹਿਰਾਂ ਦੇ ਵਿੱਚ ਹਰ ਘਰ ਦੇ ਵਿੱਚ ਅਕਾਲੀ ਦਲ ਦੇ ਵਰਕਰਾਂ ਵੱਲੋਂ ਪਹੁੰਚ ਕੀਤੀ ਜਾ ਰਹੀ ਹੈ ਉੱਥੇ ਹੀ ਪਿੰਡਾਂ ਵਿੱਚ ਵੀ ਕੋਰ ਕਮੇਟੀ ਮੈਂਬਰ ਹਰਜੋਤ ਸਿੰਘ ਮਾਂਗਟ ਅਤੇ ਜਨਰਲ ਕੌਂਸਲ ਮੈਂਬਰ ਹਰਜਿੰਦਰ ਸਿੰਘ ਖੇੜਾ ਹੋਰਾਂ ਦੀ ਟੀਮ ਘਰ ਘਰ ਜਾ ਕੇ ਚੋਣ ਪ੍ਰਚਾਰ ਕਰ ਰਹੀ ਹੈ ਤੇ ਅਕਾਲੀ ਦਲ ਦੀਆਂ ਨੀਤੀਆਂ ਦਾ ਪ੍ਰਚਾਰ ਕਰ ਰਹੀ ਹੈ। ਉਹਨਾਂ ਦੱਸਿਆ ਕਿ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਹੋਰਾਂ ਪੂਰੇ ਪੰਜਾਬ ਦੇ ਵਿੱਚ ਕੱਢੀ ਗਈ ਪੰਜਾਬ ਬਚਾਓ ਯਾਤਰਾ ਜਿੱਥੇ ਪੂਰੀ ਤਰ੍ਹਾਂ ਸਫਲ ਰਹੀ ਹੈ ਉੱਥੇ ਹੀ ਲੋਕ ਵੱਡੀ ਗਿਣਤੀ ਵਿੱਚ ਦੂਸਰੀਆਂ ਪਾਰਟੀਆਂ ਛੱਡ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ ਤੇ ਇਸੇ ਲਈ ਪੂਰੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿਮ ਪੂਰੀ ਤਰ੍ਹਾਂ ਭਖੀ ਹੋਈ ਹੈ, ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਆਪਣੇ ਵਿਰੋਧੀ ਉਮੀਦਵਾਰਾਂ ਨੂੰ ਪਛਾੜਦੇ ਨਜ਼ਰ ਆ ਰਹੇ ਹਨ। ਸੁਖਬੀਰ ਸਿੰਘ ਬਾਦਲ ਵੱਲੋਂ ਹਰਜੋਤ ਸਿੰਘ ਮਾਂਗਟ ਦੁਆਰਾ ਕੀਤੀ ਜਾ ਰਹੀ ਮਿਹਨਤ ਤੇ ਉਸ ਨੂੰ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਪਾਰਟੀ ਵਿੱਚ ਹਰ ਵਰਕਰ, ਹਰ ਆਗੂ ਦਾ ਪੂਰਾ ਮਾਣ ਸਤਿਕਾਰ ਰੱਖਿਆ ਜਾਂਦਾ ਹੈ ਤੇ ਰੱਖਿਆ ਜਾਂਦਾ ਰਹੇਗਾ ਤੇ ਮਿਹਨਤੀ ਆਗੂਆਂ ਨੂੰ ਆਉਣ ਵਾਲੇ ਸਮੇਂ ਵਿੱਚ ਵੀ ਉੱਚ ਅਹੁਦਿਆਂ ਨਾਲ ਨਿਵਾਜਿਆ ਜਾਵੇਗਾ ।

ਸੁਖਬੀਰ ਸਿੰਘ ਬਾਦਲ ਨੇ ਇਸ ਗੱਲ ਤੇ ਵੀ ਖੁਸ਼ੀ ਵਿਅਕਤ ਕੀਤੀ ਕਿ ਹਰਜੋਤ ਸਿੰਘ ਮਾਂਗਟ ਖਾਸ ਤੌਰ ਤੇ ਬੇਟ ਖੇਤਰ ਵਿੱਚ ਬੜੀ ਮਿਹਨਤ, ਇਮਾਨਦਾਰੀ ਅਤੇ ਵਫਾਦਾਰੀ ਨਾਲ ਪਾਰਟੀ ਦੁਆਰਾ ਦਿੱਤੀਆਂ ਗਈਆਂ ਸੇਵਾਵਾਂ ਨੂੰ ਨਿਭਾਉਂਦਿਆਂ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਜੋੜ ਰਹੇ ਹਨ।

# ਜੇਠ ਦੀ ਗਰਮੀ ਵਿੱਚ ਤਪਣ ਲੱਗਿਆ 'ਚੋਣ ਪਿੜ'



ਸੰਗਰੂਰ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਜੇਠ ਮਹੀਨੇ ਦੀ ਵਧ ਰਹੀ ਗਰਮੀ ਦੇ ਨਾਲ ਹੀ ਸਿਆਸੀ ਚੋਣ ਪਿੜ ਵੀ ਤਪਣ ਲੱਗਿਆ ਹੈ। ਜਿਉਂ-ਜਿਉਂ ਗਰਮੀ ਵਧ ਰਹੀ ਹੈ, ਤਿਉਂ-ਤਿਉਂ ਪਹਿਲੀ ਜੂਨ ਨੇੜੇ ਆਉਣ ਕਾਰਨ ਸਿਆਸੀ ਪਾਰਾ ਵੀ ਚੜ੍ਹ ਰਿਹਾ ਹੈ।

ਸੰਗਰੂਰ ਲੋਕ ਸਭਾ ਦੇ ਚੋਣ ਮੈਦਾਨ 'ਚ ਸਾਰੀਆਂ ਪ੍ਰਮੁੱਖ ਸਿਆਸੀ ਧਿਰਾਂ ਦੇ ਉਮੀਦਵਾਰਾਂ ਨੇ ਆਪੋ-ਆਪਣੀ ਚੋਣ ਮੁਹਿੰਮ ਲਈ ਤੂਫ਼ਾਨੀ ਦੌਰੇ ਤੇਜ਼ ਕਰ ਦਿੱਤੇ ਹਨ ਅਤੇ ਚੋਣ ਮੁਹਿੰਮ ਨੂੰ ਸਿਖਰ 'ਤੇ ਲਿਜਾਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਹੋਇਆ ਹੈ ।ਸੰਗਰੂਰ ਹਲਕੇ ਦੇ ਚੋਣ ਮੈਦਾਨ 'ਚ ਆਮ ਆਦਮੀ ਪਾਰਟੀ ਵੱਲੋਂ ਗੁਰਮੀਤ ਸਿੰਘ ਮੀਤ ਹੇਅਰ, ਕਾਂਗਰਸ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ, ਸ਼ ?ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਿਮਰਨਜੀਤ ਸਿੰਘ ਮਾਨ, ਭਾਜਪਾ ਵਲੋਂ ਅਰਵਿੰਦ ਖੰਨਾ, ਸ਼ ?ਰੋਮਣੀ ਅਕਾਲੀ ਦਲ ਵੱਲੋਂ ਇਕਬਾਲ ਸਿੰਘ ਝੂੰਦਾਂ, ਬਸਪਾ ਵੱਲੋਂ ਡਾ. ਮੱਖਣ ਸਿੰਘ ਸਮੇਤ ਕੁੱਲ 23 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਹਾਲਾਂਕਿ, ਪਹਿਲਾਂ ਇਸ ਹਲਕੇ ਵਿੱਚ ਬਹੁ-ਕੋਣਾ ਮੁਕਾਬਲਾ ਹੋਣ ਦੇ ਆਸਾਰ ਨਜ਼ਰ ਆ ਰਹੇ ਸਨ ਪਰ ਹੁਣ ਇਹ ਤਿਕੋਣਾ ਬਣਦਾ ਜਾ ਰਿਹਾ ਹੈ। ਚੋਣ ਪ੍ਰਚਾਰ ਆਖ਼ਰੀ ਹਫ਼ਤੇ ਵਿਚ ਦਾਖ਼ਲ ਹੋਣ ਕਾਰਨ ਉਮੀਦਵਾਰਾਂ ਵੱਲੋਂ ਚੋਣ ਮੀਟਿੰਗਾਂ ਦਾ ਦਾਇਰਾ ਵਧਾ ਦਿੱਤਾ ਗਿਆ ਹੈ।

ਹਰੇਕ ਉਮੀਦਵਾਰ ਇੱਕ ਦਿਨ ਵਿੱਚ ਲਗਪਗ 20 ਤੋਂ 24 ਚੋਣ ਮੀਟਿੰਗਾਂ ਕਰ ਰਿਹਾ ਹੈ। ਤੇਜ਼ ਤੇ ਤਿੱਖੀ ਧੁੱਪ ਅਤੇ ਲੂ ਨੇ ਉਮੀਦਵਾਰਾਂ ਨੂੰ ਹਾਲੋ-ਬੇਹਾਲ ਕਰ ਰੱਖਿਆ ਹੈ। ਸਫ਼ਰ ਦੌਰਾਨ ਏਅਰ ਕੰਡੀਸ਼ਨ ਕਾਰਾਂ ਵਿੱਚ ਸਵਾਰ ਕਈ ਉਮੀਦਵਾਰਾਂ ਨੂੰ ਅਗਲੇ ਪਿੰਡ ਸੰਬੋਧਨ ਕਰਨ ਲਈ ਗਰਮੀ ਵਿੱਚ ਵਾਰ-ਵਾਰ ਵਾਹਨਾਂ ਵਿੱਚੋਂ ਬਾਹਰ ਨਿਕਲਣਾ ਪੈਂਦਾ ਹੈ। ਉਨ੍ਹਾਂ ਨੂੰ ਅਸਮਾਨ ਤੋਂ ਅੱਗ ਵਰ੍ਹਾਉਂਦੇ ਸੂਰਜ ਦੇ ਬਾਵਜੂਦ ਰੋਡ ਸ਼ੋਅ ਕਰਨੇ ਪੈ ਰਹੇ ਹਨ। ਇਸ ਦੌਰਾਨ ਉਹ ਕਦੇ ਖੁੱਲ੍ਹੀ ਜੀਪ, ਕਦੇ ਟਰੈਕਟਰ ਅਤੇ ਕਦੇ ਮੋਟਰਸਾਈਕਲ 'ਤੇ ਸਵਾਰ ਨਜ਼ਰ ਆਉਂਦੇ ਹਨ। 'ਆਪ ' ਉਮੀਦਵਾਰ ਮੀਤ ਹੇਅਰ ਨੇ ਕੰਬਾਈਨ 'ਤੇ ਬੈਠ ਕੇ ਵੀ ਚੋਣ ਪ੍ਰਚਾਰ ਕੀਤਾ ਹੈ।

ਉਮੀਦਵਾਰਾਂ ਨੂੰ ਚੋਣ ਪ੍ਰਚਾਰ ਤੋਂ ਇਲਾਵਾ ਸਵੇਰੇ ਸ਼ਾਮ ਵੋਟਰਾਂ ਦੇ ਜੋੜ-ਤੋੜ ਲਈ ਵੀ ਮੀਟਿੰਗਾਂ ਕਰਨੀਆਂ ਪੈਂਦੀਆਂ ਹਨ। ਪਰਦੇ ਪਿੱਛੇ ਕਈ ਆਗੂ ਦੇਰ ਰਾਤ ਗੁਪਤ ਮੀਟਿੰਗਾਂ ਨੂੰ ਤਰਜੀਹ ਦੇ ਰਹੇ ਹਨ ਤਾਂ ਜੋ ਅੰਦਰਖਾਤੇ ਸਿਆਸੀ ਠਿੱਬੀ ਲਗਾਈ ਜਾ ਸਕੇ।

ਸੰਗਰੂਰ ਲੋਕ ਸਭਾ ਹਲਕਾ ਤਿੰਨ ਜ਼ਿਲ੍ਹਿਆਂ ਬਰਨਾਲਾ, ਸੰਗਰੂਰ ਅਤੇ ਮਾਲੇਰਕੋਟਲਾ 'ਤੇ ਆਧਾਰਤ ਹੈ ਜਿਸ ਵਿੱਚ ਨੌਂ ਵਿਧਾਨ ਸਭਾ ਹਲਕੇ ਧੂਰੀ, ਸੰਗਰੂਰ, ਸੁਨਾਮ, ਲਹਿਰਾ, ਦਿੜ੍ਹਬਾ, ਮਾਲੇਰਕੋਟਲਾ, ਮਹਿਲ ਕਲਾਂ, ਭਦੌੜ ਅਤੇ ਬਰਨਾਲਾ ਆਉਂਦੇ ਹਨ। ਸੰਗਰੂਰ ਸੰਸਦੀ ਹਲਕੇ 'ਚ ਕੁੱਲ 15 ਲੱਖ 55 ਹਜ਼ਾਰ 327 ਵੋਟਰ ਹਨ। ਭਾਵੇਂ ਚੋਣ ਕਮਿਸ਼ਨ ਵੱਲੋਂ ਇਸ ਵਾਰ 70 ਫੀਸਦੀ ਤੋਂ ਵੱਧ ਵੋਟਿੰਗ ਕਰਾਉਣ ਦਾ ਟੀਚਾ ਮਿਥਿਆ ਹੈ। ਇਸ ਤਰ੍ਹਾਂ ਵੋਟਰਾਂ ਲਈ ਕਹਿਰ ਦੀ ਗਰਮੀ ਵਿੱਚ ਪਹਿਲੀ ਜੂਨ ਨੂੰ ਮਤਦਾਨ ਕਰਨਾ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ ਹੋਵੇਗਾ। ਅਜਿਹੇ ਹਾਲਾਤ 'ਚ ਕੌਣ ਕਿਸ 'ਤੇ ਭਾਰੂ ਰਹਿੰਦਾ ਹੈ, ਇਹ ਤਾਂ ਸਮਾਂ ਦੱਸੇਗਾ ਪਰ ਜ਼ਿਲ੍ਹਾ ਪ੍ਰਸ਼ਾਸਨ ਹਰ ਪੱਖੋਂ ਪੂਰੀਆਂ ਤਿਆਰੀਆਂ 'ਚ ਜੁਟਿਆ ਹੋਇਆ ਹੈ।

# ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਨੌਜਵਾਨਾਂ ਅਤੇ ਪਬਲਿਕ ਦਾ ਸਹਿਯੋਗ ਜ਼ਰੂਰੀ, ਪਰਮਿੰਦਰ ਭਲਵਾਨ




ਨਸ਼ਿਆਂ ਵਿਰੁੱਧ ਕੱਡੀ ਜਾਗਰੂਕਤਾ ਰੈਲੀ ਦੌਰਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦੇ ਹੋਏ।

ਪਟਿਆਲਾ, 29 ਮਈ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-
ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ,ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਜ਼ੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਰਹੀਆਂ ਹਨ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਅਤੇ ਰੈਲੀ ਦਾ ਆਯੋਜਨ ਦਾ ਆਯੋਜਨ ਕੀਤਾ ਗਿਆਂ, ਜਿਸ ਵਿਚ ਮੁੱਖ ਮਹਿਮਾਨ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਪੁਲਿਸ ਸਾਂਝ ਕਮੇਟੀ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਪੁਲਿਸ ਕਮੇਟੀ ਨੇ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ ,

ਵਿਸ਼ੇਸ਼ ਤੌਰ ਹਰਵਿੰਦਰ ਚਲੈਲਾ, ਧਰਮ ਚੰਦ, ਜਸਪਾਲ ਟਿੱਕਾ, ਸਟੇਟ ਐਵਾਰਡੀ ਰੁਪਿੰਦਰ ਕੌਰ ਕਲੱਬ ਪ੍ਰਧਾਨ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ,ਰੁਦਰਪ੍ਰਤਾਪ ਸਿੰਘ ਕਲੱਬ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ,ਲੱਕੀ ਹਰਦਾਸਪੁਰ, ਸਤਗੁਰ ਦਫਤਰੀਵਾਲਾ, ਗੁਰਵਿੰਦਰ ਕਲੱਰਭੈਣੀ, ਸਾਹਿਬਜੀਤ ਸਿੰਘ,ਗੁਰਮਨਜੋਤ ਕੌਰ, ਗੁਰਕੀਰਤ ਸਿੰਘ, ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨੌਜਵਾਨਾਂ ਵਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ ਉਹਨਾਂ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਸਾਰੇ ਵਰਗਾਂ ਦੇ ਲੋਕ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕਠੇ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਅੱਗੇ ਆਉਣ ਤਾਂ ਹੀ ਅਸੀਂ ਨਸ਼ਿਆਂ ਨੂੰ ਪੰਜਾਬ ਵਿਚੋਂ ਜੜ੍ਹੋਂ ਖਤਮ ਕਰ ਸਕਾਂਗੇ, ਉਹਨਾਂ ਕਿਹਾ ਕਿ ਪੰਜਾਬ ਦੇ ਵਿਚ ਹਰ ਰੋਜ਼ ਨੌਜਵਾਨਾਂ ਦੀਆਂ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਬਹੁਤ ਚਿੰਤਾ ਦਾ ਵਿਸ਼ਾ ਹੈ, ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅੱਗੇ ਆ ਕੇ ਲੜਾਈ ਲੜਨ ਅਤੇ ਨਸਾ ਤਸਕਰਾਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ ।

ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਨਸਾ ਤਸਕਰਾਂ ਦੀ ਸੂਚਨਾ ਪੁਲਿਸ ਪ੍ਰਸ਼ਾਸਨ ਨੂੰ ਦੇਣ ਤਾ ਜੋ ਨਸਾ ਤਸਕਰਾਂ ਨੂੰ ਨਕੇਲ ਪਾਈ ਜਾ ਸਕੇ। ਇਸ ਮੌਕੇ ਡਰੱਗ ਫਰੀ ਵਲੱਡ ਅਮਰੀਕਾ ਵਲੋਂ ਪਬਲਿਕ ਨੂੰ ਜਾਗਰੂਕ ਕਰਨ ਲਈ ਕਿਤਾਬਾ ਵੀ ਵੰਡੀਆਂ ਗਈਆਂ।

# ਬੱਸ ਚਾਲਕ ਨੇ ਸਾਈਕਲ ਸਵਾਰ ਕਿਸਾਨ ਨੂੰ ਦਰੜਿਆ



ਏਲਨਾਬਾਦ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਹਨੂੰਮਾਨਗੜ੍ਹ ਜ਼ਿਲ੍ਹੇ ਦੇ ਪਿੰਡ ਮੱਕਾਸਰ ਵਿੱਚ ਇੱਕ ਪਬਲਿਕ ਟਰਾਂਸਪੋਰਟ ਦੀ ਬੱਸ ਨੇ ਸਾਈਕਲ ਸਵਾਰ ਕਿਸਾਨ ਨੂੰ ਦਰੜ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਲਕਾਰ ਸਿੰਘ (55) ਪੁੱਤਰ ਸੁਖਦੇਵ ਸਿੰਘ ਵਾਸੀ ਮੱਕਾਸਰ ਵਜੋਂ ਹੋਈ ਹੈ।

ਹਾਦਸੇ ਮਗਰੋਂ ਡਰਾਈਵਰ ਅਤੇ ਕੰਡਕਟਰ ਬੱਸ ਛੱਡ ਕੇ ਫਰਾਰ ਹੋ ਗਏ। ਗੁੱਸੇ ਵਿੱਚ ਆਏ ਪਿੰਡ ਵਾਸੀਆਂ ਨੇ ਸਵਾਰੀਆਂ ਨੂੰ ਹੇਠਾਂ ਉਤਾਰ ਕੇ ਪਹਿਲਾਂ ਪਥਰਾਅ ਕਰਕੇ ਬੱਸ ਦੇ ਸ਼ੀਸ਼ੇ ਭੰਨ੍ਹੇ ਅਤੇ ਬਾਅਦ ਵਿੱਚ ਬੱਸ ਨੂੰ ਅੱਗ ਲਾ ਦਿੱਤੀ ਜਿਸ ਕਾਰਨ ਬੱਸ ਪੂਰੀ ਤਰ੍ਹਾਂ ਸੜ ਗਈ। ਪੁਲੀਸ ਨੇ ਫਾਇਰ ਬ੍ਰਿਗੇਡ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ।

ਪਿੰਡ ਵਾਸੀਆਂ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਮ੍ਰਿਤਕ ਦੇ ਪਰਿਵਾਰ ਨੂੰ ਮੁਆਵਜ਼ਾ ਦੇਣ ਆਦਿ ਮੰਗਾਂ ਲਈ ਲਾਸ਼ ਸੜਕ 'ਤੇ ਰੱਖ ਕੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਜਿਸ ਕਾਰਨ ਸੜਕ ਦੇ ਦੋਵੇਂ ਪਾਸੇ ਲੰਮਾ ਜਾਮ ਲੱਗ ਗਿਆ। ਹਨੂੰਮਾਨਗੜ੍ਹ ਜੰਕਸ਼ਨ ਥਾਣੇ ਦੇ ਇੰਚਾਰਜ ਸਤਪਾਲ ਬਿਸ਼ਨੋਈ ਅਤੇ ਤਹਿਸੀਲਦਾਰ ਹਰੀਸ਼ ਕੁਮਾਰ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਜਿਸ ਤੋਂ ਬਾਅਦ ਪਿੰਡ ਵਾਸੀ ਮੱਕਾਸਰ ਵਜੋਂ ਹੋਈ ਹੈ। ਹਾਦਸੇ ਮਗਰੋਂ ਡਰਾਈਵਰ ਅਤੇ ਕੰਡਕਟਰ ਬੱਸ ਛੱਡ ਕੇ ਫਰਾਰ ਹੋ ਗਏ। ਗੁੱਸੇ ਵਿੱਚ ਆਏ ਪਿੰਡ ਵਾਸੀਆਂ ਨੇ ਸਵਾਰੀਆਂ ਨੂੰ ਹੇਠਾਂ ਉਤਾਰ ਕੇ ਪਹਿਲਾਂ ਪਥਰਾਅ ਕਰਕੇ ਬੱਸ ਦੇ ਸ਼ੀਸ਼ੇ ਭੰਨ੍ਹੇ ਅਤੇ ਬਾਅਦ ਵਿੱਚ ਬੱਸ ਨੂੰ ਅੱਗ ਲਾ ਦਿੱਤੀ ਜਿਸ ਕਾਰਨ ਬੱਸ ਪੂਰੀ ਤਰ੍ਹਾਂ ਸੜ ਗਈ। ਪੁਲੀਸ ਨੇ ਫਾਇਰ ਬ੍ਰਿਗੇਡ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ। ਪਿੰਡ ਵਾਸੀਆਂ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਮ੍ਰਿਤਕ ਦੇ ਪਰਿਵਾਰ ਨੂੰ ਮੁਆਵਜ਼ਾ ਦੇਣ ਆਦਿ ਮੰਗਾਂ ਲਈ ਲਾਸ਼ ਸੜਕ 'ਤੇ ਰੱਖ ਕੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਜਿਸ ਕਾਰਨ ਸੜਕ ਦੇ ਦੋਵੇਂ ਪਾਸੇ ਲੰਮਾ ਜਾਮ ਲੱਗ ਗਿਆ। ਹਨੂੰਮਾਨਗੜ੍ਹ ਜੰਕਸ਼ਨਵਾਸੀਆਂ ਨੇ ਆਵਾਜਾਈ ਬਹਾਲ ਕੀਤੀ। ਧਰਨੇ ਕਾਰਨ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

# ਖੇਤਰੀ ਪਾਰਟੀਆਂ ਦਾ ਏਕਾ ਹੀ ਦਿੱਲੀ ਦੇ ਹਾਕਮਾਂ ਨੂੰ ਦੇ ਸਕਦੈ ਟੱਕਰ: ਸੁਖਬੀਰ




ਸ਼ਾਹਕੋਟ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਕੇਂਦਰ 'ਤੇ ਰਾਜ ਕਰਨ ਵਾਲੀ ਹਰੇਕ ਪਾਰਟੀ ਨੂੰ ਪੰਜਾਬ ਵਿਰੋਧੀ ਦੱਸਦਿਆਂ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਖੇਤਰੀ ਪਾਰਟੀਆਂ ਦਾ ਮਜ਼ਬੂਤ ਏਕਾ ਹੀ ਦਿੱਲੀ ਦੇ ਹਾਕਮਾਂ ਨੂੰ ਟੱਕਰ ਦੇ ਸਕਦਾ ਹੈ। ਸੁਖਬੀਰ ਬਾਦਲ ਨੇ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਹੱਕ ਵਿੱਚ ਸ਼ਾਹਕੋਟ, ਨਕੋਦਰ, ਫਿਲੌਰ ਤੇ ਫਗਵਾੜਾ ਵਿੱਚ ਵਿਸ਼ਾਲ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਸਿੱਖ ਕੌਮ ਦੀਆਂ ਧਾਰਮਿਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਮਾੜੇ ਮਨਸੂਬੇ ਫੇਲ੍ਹ ਕਰਨ ਲਈ ਅਕਾਲੀ ਦਲ ਦਾ ਸਮਰਥਨ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਇੰਨੇ ਸਾਲਾਂ ਤੋਂ ਆਰਐੱਸਐੱਸ ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਪਟਨਾ ਸਾਹਿਬ 'ਤੇ ਕਬਜ਼ਾ ਹੈ। ਸ਼ ?ਰੋਮਣੀ ਕਮੇਟੀ ਨੂੰ ਤੋੜ ਕੇ ਹਰਿਆਣਾ ਵਿਚ ਵੱਖਰੀ ਕਮੇਟੀ ਬਣਾ ਦਿੱਤੀ ਗਈ ਹੈ। ਇਸ ਦੌਰਾਨ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਨੇ ਦੋਸ਼ ਲਾਇਆ ਕਿ ਚੋਣਾਂ ਜਿੱਤਣ ਲਈ ਭਾਜਪਾ ਬਹੁ-ਗਿਣਤੀਆਂ ਨੂੰ ਘੱਟ ਗਿਣਤੀਆਂ ਖਿਲਾਫ਼ ਭੜਕਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਪਿਛਲੀ ਅਕਾਲੀ ਦਲ ਦੀ ਸਰਕਾਰ ਵੱਲੋਂ ਦਲਿਤਾਂ ਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਨੂੰ ਦਿੱਤੀਆਂ ਸਹੂਲਤਾਂ ਵਾਪਸ ਲੈ ਕੇ ਉਨ੍ਹਾਂ ਨਾਲ ਵਿਤਕਰਾ ਕਰ ਰਹੀ ਹੈ।

ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਸ ਵਾਰ ਦਿੱਲੀ ਦੀ ਕਿਸੇ ਪਾਰਟੀ ਦਾ ਝੂਠ ਨਹੀਂ ਚੱਲੇਗਾ ਅਤੇ ਪੰਜਾਬੀ ਆਪਣੀ ਖੇਤਰੀ ਪਾਰਟੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾਉਣਗੇ। ਉਨ੍ਹਾਂ ਕਿਹਾ ਕਿ ਜੇਕਰ ਇਸ ਵਾਰ ਵੀ ਅਕਾਲੀ ਦਲ ਨੂੰ ਵੋਟ ਨਾ ਪਾਈ ਤਾਂ ਸੂਬੇ ਦੇ ਸਾਰੇ ਪਾਣੀਆਂ 'ਤੇ ਦਿੱਲੀ ਕਾਬਜ਼ ਹੋ ਜਾਵੇਗੀ। ਇਸ ਮੌਕੇ ਐੱਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪੀਏਸੀ ਮੈਂਬਰ ਗੁਰਪ੍ਰੀਤ ਸਿੰਘ ਬਿੱਕਾ ਚੀਮਾ, ਸ਼ਹਿਰੀ ਪ੍ਰਧਾਨ ਜਸਵਿੰਦਰ ਸਿੰਘ ਕਾਲੜਾ, ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਕੈਂਰੇ, ਸਾਬਕਾ ਮੰਤਰੀ ਬਲਬੀਰ ਸਿੰਘ ਮਿਆਣੀ ਤੇ ਸਾਬਕਾ ਸੰਸਦੀ ਸਕੱਤਰ ਦੇਸਰਾਜ ਧੁੱਗਾ ਆਦਿ ਹਾਜ਼ਰ ਸਨ।

# ਲੋਕ ਸਭਾ ਚੋਣਾਂ: ਘਾਗ ਸਿਆਸੀ ਪ੍ਰਚਾਰਕਾਂ ਨੇ ਚੋਣ ਰੈਲੀਆਂ ਤੋਂ ਬਣਾਈ ਦੂਰੀ



ਮਾਨਸਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ 'ਚ ਮਹਿਜ਼ ਹਫ਼ਤਾ ਹੀ ਬਚਿਆ ਹੈ, ਪਰ ਸੂਬੇ ਦੇ ਘਾਗ ਸਿਆਸਤਦਾਨਾਂ ਨੇ ਇਸ ਵੇਲੇ ਬਠਿੰਡਾ ਲੋਕ ਸਭਾ ਹਲਕੇ ਤੋਂ ਦੂਰੀ ਬਣਾਈ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਟਿਆਲਾ, ਗੁਰਦਾਸਪੁਰ ਅਤੇ ਜਲੰਧਰ ਸੰਸਦੀ ਹਲਕਿਆਂ ਵਿੱਚ ਦੋ ਦਿਨਾਂ ਤੋਂ ਭਾਜਪਾ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਹਾਲਾਂਕਿ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਜੇ ਤੱਕ ਕਿਸੇ ਚੋਣ ਜਲਸੇ ਵਿੱਚ ਸੰਬੋਧਨ ਕਰਦੇ ਨਜ਼ਰ ਨਹੀਂ ਆਏ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸੰਸਦੀ ਚੋਣਾਂ ਦੇ ਐਲਾਨ ਤੋਂ ਪਹਿਲਾਂ ਬਠਿੰਡਾ ਇਲਾਕੇ ਵਿੱਚ ਕਾਂਗਰਸੀ ਵਰਕਰਾਂ ਦੀਆਂ ਵੱਡੀਆਂ ਰੈਲੀਆਂ ਕੀਤੀਆਂ ਸਨ ਜਦੋਂਕਿ ਹੁਣ ਉਹ ਪਾਰਟੀ ਉਮੀਦਵਾਰਾਂ ਲਈ ਚੋਣ ਪ੍ਰਚਾਰ ਨਹੀਂ ਕਰ ਰਹੇ। ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਵੀ ਮਾਲਵਾ ਖੇਤਰ ਦੇ ਕਿਸੇ ਹਲਕੇ ਵਿੱਚ ਸੰਬੋਧਨ ਕਰਨ ਲਈ ਨਹੀਂ ਆਏ। ਉੱਧਰ, ਆਵਾਜ਼-ਏ-ਪੰਜਾਬ ਵਜੋਂ ਜਾਣੇ ਜਾਂਦੇ ਜਗਮੀਤ ਸਿੰਘ ਬਰਾੜ ਵੀ ਚੁੱਪ ਹਨ। ਉਹ ਵੀ ਕਿਧਰੇ ਸੰਬੋਧਨ ਕਰਦੇ ਨਹੀਂ ਦਿਖੇ। ਬਠਿੰਡਾ ਲੋਕ ਸਭਾ ਹਲਕੇ ਤੋਂ ਬਾਦਲ ਪਰਿਵਾਰ ਦੇ ਪੁੱਤਰ ਮਨਪ੍ਰੀਤ ਸਿੰਘ ਬਾਦਲ ਦੀਆਂ ਤਕਰੀਰਾਂ ਨੂੰ ਲੋਕ ਬੜੇ ਗਹੁ ਨਾਲ ਸੁਣਦੇ ਸਨ। ਉਨ੍ਹਾਂ ਨੇ ਵੀ ਚੋਣਾਂ ਤੋਂ ਦੂਰੀ ਬਣਾਈ ਹੋਈ ਹੈ। ਉਨ੍ਹਾਂ ਦੀ ਹਾਲ ਹੀ ਵਿੱਚ ਦਿਲ ਦੀ ਸਰਜਰੀ ਹੋਈ ਹੈ ਅਤੇ ਬਿਮਾਰੀ ਕਾਰਨ ਉਹ ਘਰ ਆਰਾਮ ਕਰਦੇ ਦੱਸੇ ਜਾਂਦੇ ਹਨ। ਅਕਾਲੀ ਦਲ ਦੇ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ ਚੋਣ ਮੰਚ 'ਤੇ ਦਿਖਾਈ ਨਹੀਂ ਦੇ ਰਹੇ। ਬੇਅਦਬੀ ਦੀਆਂ ਘਟਨਾਵਾਂ ਮਗਰੋਂ ਉਨ੍ਹਾਂ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤੀ ਸੀ। ਹੁਣ ਨਵੇਂ ਰਲੇਵੇਂ ਮਗਰੋਂ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਸੰਗਰੂਰ ਲੋਕ ਸਭਾ ਹਲਕੇ ਤੋਂ ਟਿਕਟ ਨਹੀਂ ਦਿੱਤੀ ਗਈ। ਫਿਲਮ ਜਗਤ ਦੇ ਵੱਡੇ ਨਾਂ ਗੁਰਪ੍ਰੀਤ ਸਿੰਘ ਘੁੱਗੀ ਨੇ ਅਜੇ ਤੱਕ ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਲਈ ਪ੍ਰਚਾਰ ਨਹੀਂ ਕੀਤਾ। ਇਸੇ ਤਰ੍ਹਾਂ ਰਾਘਵ ਚੱਢਾ ਸਮੇਤ 'ਆਪ' ਦੇ ਕਿਸੇ ਰਾਜ ਸਭਾ ਮੈਂਬਰ ਨੇ ਬਠਿੰਡਾ ਵਿੱਚ ਦਰਸ਼ਨ ਨਹੀਂ ਦਿੱਤੇ। 'ਆਪ' ਲਈ ਕਿਸੇ ਸਮੇਂ ਕਨਵੀਨਰ ਵਜੋਂ ਭੂਮਿਕਾ ਨਿਭਾਉਣ ਵਾਲੇ ਸੁੱਚਾ ਸਿੰਘ ਛੋਟੇਪੁਰ ਨੇ ਬਠਿੰਡਾ ਲੋਕ ਸਭਾ ਹਲਕੇ ਵਿੱਚ ਅਕਾਲੀ ਦਲ ਦੇ ਹੱਕ 'ਚ ਹਾਲੇ ਤੱਕ ਕਿਸੇ ਚੋਣ ਰੈਲੀ ਨੂੰ ਸੰਬੋਧਨ ਨਹੀਂ ਕੀਤਾ। ਉਹ 'ਆਪ' ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ। ਸਿਆਸਤ ਦੇ ਇੱਕ ਹੋਰ ਵੱਡੇ ਚਿਹਰੇ ਬਲਵੰਤ ਸਿੰਘ ਰਾਮੂਵਾਲੀਆ ਵੀ ਚੋਣ ਜਲਸਿਆਂ 'ਚੋਂ ਗਾਇਬ ਹਨ

# ਚੋਣ ਮਸ਼ਕਰੀ: ਆਏ ਦਿਨ ਨਰੈਣ ਦੇ..!



ਚੰਡੀਗੜ੍ਹ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਬੱਸ ਆਹ ਚੰਦ ਦਿਨਾਂ ਦੀ ਖੇਡ ਹੈ, ਤੁਸਾਂ ਕੋਲ ਆਉਣਗੇ। ਪੈਰ ਜੁੱਤੀ ਨਹੀਂ ਪਾਉਣਗੇ। ਸੁਪਨਿਆਂ ਦੀ ਚਾਦਰ ਵਿਛਾਉਣਗੇ। ਬਣ ਫ਼ਰਿਆਦੀ, ਤੁਹਾਡੇ ਚਰਨਾਂ ਦੀ ਧੂੜ ਨੂੰ ਮੱਥੇ ਨਾਲ ਲਾਉਣਗੇ। ਕੋਈ ਪੰਥ ਬਚਾਏਗਾ, ਕੋਈ ਰੰਗਲਾ ਬਣਾਏਗਾ, ਕੋਈ ਆਸਮਾਨੋਂ ਤਾਰੇ ਲਾਹੇਗਾ। ਇੰਜ ਵੋਟਰ ਮਹਾਨ ਬਣ ਜਾਏਗਾ, ਪਰ ਉਸ ਨੂੰ ਸਮਝ ਨਹੀਂ ਆਏਗਾ ਜਦੋਂ ਕੀੜੀ ਦੇ ਘਰ ਨਰੈਣ ਪੈਰ ਪਾਏਗਾ।

ਧੰਨਭਾਗ ਅਸਾਡੇ! ਆਖ ਇੱਕ ਦਿਨ ਦਾ ਵੋਟਰ ਬਾਦਸ਼ਾਹ ਮੰਜਾ ਡਾਹੇਗਾ। ਉਪਰੋਂ ਯਮਲਾ ਜੱਟ ਫ਼ਰਮਾਏਗਾ, 'ਜਗਤੇ ਨੂੰ ਛੱਡ ਕੇ ਤੂੰ ਭਗਤੇ ਨੂੰ ਕਰ ਲੈ, ਜਿਨ ਤੇਰਾ ਹੋਣਾ ਏ ਸਹਾਈ।' ਨਾ ਜਗਤਾ ਕੰਮ ਆਇਆ ਤੇ ਨਾ ਭਗਤਾ। ਹੱਥ, ਰੱਬ ਨੇ ਚੋਣਾਂ ਮੌਕੇ ਜੋੜਨ ਲਈ ਦਿੱਤੇ ਨੇ। ਫੈਵੀਕੋਲ ਵਾਲੇ ਹੈਰਾਨ ਹੋਣਗੇ ਕਿ ਹੱਥ ਜੋੜਨ ਦਾ ਠੇਕਾ ਸਿਆਸੀ ਲਾਟਾਂ ਨੇ ਹੀ ਲਿਐ। ਨਾਲੇ ਨੇਤਾ ਜੀ ਨੇ ਗੋਡੇ ਐਵੇਂ ਨਹੀਂ ਬਦਲਾਏ, ਚੋਣਾਂ ਵਿੱਚ ਖੜ੍ਹਾ ਹੋਣਾ ਸੀ ਤਾਂ ਬਦਲਾਏ ਨੇ। ਇਨ੍ਹਾਂ ਨੂੰ ਕੁਰਸੀ ਦੀ ਲਤ ਲੱਗੀ ਐ, ਤਾਹੀਂ ਰਾਈ ਦੇ ਪਹਾੜ ਬਣਾਉਣਗੇ, ਗੰਜਿਆਂ ਨੂੰ ਕੰਘੀਆਂ ਵੰਡ, ਹੀਰੇ ਪਤਾਲ ਵਿੱਚੋਂ ਕੱਢ ਲਿਆਉਣਗੇ। ਸਿੱਧੀ ਉਂਗਲ ਘਿਓ ਨਾ ਨਿਕਲਿਆ ਤਾਂ ਫਿਰ ਡਰਾਉਣਗੇ। ਸਿਆਸੀ ਨਰੈਣ ਵਾਅਦਿਆਂ ਦੀ ਤਿਲ ਚੌਲੀ ਪਾ, ਕੀੜੀਆਂ ਨੂੰ ਭਰਮਾਉਣਗੇ। ਕਾਰਲ ਮਾਰਕਸ ਕਿਤੇ ਅੱਜ ਜਿਊਂਦਾ ਹੁੰਦਾ ਤਾਂ ਆਹ ਨਾਅਰਾ ਦੇਣਾ ਸੀ, 'ਦੁਨੀਆ ਭਰ ਦਿਓ ਕੀੜਿਓ, ਇੱਕ ਹੋ ਜਾਓ।' ਸਫ਼ਰ ਵੇਲੇ ਮੋਟਰ ਤੇ ਚੋਣ ਵੇਲੇ ਵੋਟਰ ਹੀ ਕੰਮ ਆਉਂਦੇ ਨੇ।

ਉੱਲੂ ਅਜਿਹਾ ਸਾਊ ਜਾਨਵਰ ਐ, ਜਿਸ ਨੂੰ ਦਿਨੇ ਨਹੀਂ ਦਿਖਦਾ, ਸ਼ਾਇਦ ਇਸੇ ਕਰਕੇ ਜਨਤਾ ਨੂੰ ਉੱਲੂ ਬਣਾਇਆ ਜਾਂਦਾ ਹੈ। ਨਵੀਂ ਸਰਕਾਰ ਸਜਦੀ ਹੈ। ਆਵੇ ਦਾ ਖੋਤਾ, ਆਵੇ ਕੋਲ ਮੁੜ ਆ ਖਲੋਂਦਾ ਹੈ। ਪੰਜ ਸਾਲ ਫਿਰ ਤੰਗੀਆਂ ਨਾਲ ਘੁਲਦੈ। ਚੋਣਾਂ 'ਚ ਇੱਕ ਬੰਨੇ ਸ਼ਰੀਫ਼ਗੜ੍ਹ ਹੁੰਦਾ ਹੈ ਜਿਸ ਨੇ ਚੁਣਨਾ ਹੁੰਦਾ ਹੈ, ਲੁਟੇਰਗੜ੍ਹ ਦੇ ਬਾਸ਼ਿੰਦਿਆਂ 'ਚੋਂ ਕਿਸੇ ਇੱਕ ਨੂੰ। ਇੱਕ ਚੋਣ ਜਲਸੇ 'ਚੋਂ ਆਵਾਜ਼ ਆਈ, ਸਸਤਾ ਸਿਲੰਡਰ ਕਦੋਂ ਮਿਲੂ! ਸਟੇਜ ਤੋਂ ਮਹਿਲਾ ਨੇਤਾ ਨੇ ਜੁਆਬ ਦਿੱਤਾ, ਸਬਰ ਰੱਖੋ! ਸਹਿਜ ਪੱਕੇ ਸੋ ਮੀਠਾ ਹੋਏ। ਪੰਡਾਲ 'ਚੋਂ ਕੋਈ ਬੋਲਿਆ, ਬੀਬੀ ਜੀ! ਖੰਡ ਤਾਂ ਚਾਲੀ ਰੁਪਏ ਕਿਲੋ ਹੋ ਗਈ, ਮਿੱਠਾ ਕਾਹਦੇ ਨਾਲ ਹੋਜੂ।

ਨੇਤਾਗਿਰੀ ਸੌਖਾ ਧੰਦਾ ਨਹੀਂ, ਬੜੇ ਪਾਪੜ ਵੇਲਣੇ ਪੈਂਦੇ ਨੇ। ਚੋਣ ਅਖਾੜੇ 'ਚ ਦੇਖੋ, ਕੀੜੀਆਂ ਸੁਆਦ ਲੈ ਰਹੀਆਂ ਨੇ, ਨਰੈਣ ਉਂਗਲੀ 'ਤੇ ਨੱਚ ਰਹੇ ਹਨ। ਔਹ ਦੇਖੋ ਮੰਤਰੀ ਕੁਲਦੀਪ ਧਾਲੀਵਾਲ ਕਿਵੇਂ ਅੰਮ੍ਰਿਤਸਰ 'ਚ ਸਮੋਸੇ ਤਲ ਰਿਹਾ ਹੈ। ਗੁਰਜੀਤ ਔਜਲਾ ਭਲਵਾਨਾਂ ਦੇ ਅਖਾੜੇ 'ਚ ਮਨ ਪਰਚਾ ਰਿਹਾ ਹੈ। ਤੁਸੀਂ ਹੁਕਮ ਤਾਂ ਛੱਡੋ, ਔਹ ਦੇਖੋ, ਚਰਨਜੀਤ ਚੰਨੀ ਕਿਵੇਂ ਭੰਗੜਾ ਪਾ ਰਿਹਾ ਹੈ। ਬਠਿੰਡਾ-ਮਾਨਸਾ 'ਚ ਬੀਬੀ ਬਾਦਲ ਪੇਂਡੂ ਬੀਬੀਆਂ ਨੂੰ ਜੱਫੀ 'ਤੇ ਜੱਫੀ ਪਾ ਰਹੀ ਹੈ। ਸਿੱਧੂਆਂ ਦਾ ਮੁੰਡਾ ਜੀਤ ਮਹਿੰਦਰ, ਬਠਿੰਡਾ ਦੇ ਰੋਜ਼ ਗਾਰਡਨ 'ਚ ਦੇਖੋ ਕਿਵੇਂ ਗਿੱਧਾ ਪਾ ਰਿਹਾ ਹੈ। ਮੌਜ ਫਰੀਦਕੋਟੀਆਂ ਨੂੰ ਲੱਗੀ ਹੈ, ਦਿਲ ਕਰਦੈ ਤਾਂ ਹੰਸ ਰਾਜ ਹੰਸ ਤੋਂ ਗਾਣਾ ਸੁਣ ਲੈਂਦੇ ਨੇ, ਅਕੇਵਾਂ ਮਹਿਸੂਸ ਕਰਨ ਤਾਂ ਕਰਮਜੀਤ ਅਨਮੋਲ ਨੂੰ ਆਖਦੇ ਨੇ, ਕਾਕਾ! ਗਾਣਾ ਸੁਣਾ। ਰਾਜਾ ਵੜਿੰਗ ਕਿਤੇ ਗਊਆਂ ਨੂੰ ਚਾਰਾ ਪਾ ਰਿਹੈ ਕਿ ਕਿਤੇ ਵਾਲੀਬਾਲ ਦਾ ਮੈਚ ਲਾ ਰਿਹੈ। ਅਜਨਾਲੇ 'ਚ ਸੰਧੂ ਸਮੁੰਦਰੀ ਕਿਸੇ ਦਲਿਤ ਦੇ ਘਰ ਗਿਆ, ਖਾਣਾ ਖਾ ਕੇ ਆਖਣ ਲੱਗਾ, ਬੀਬੀ ਟੀਂਡੇ ਬੜੇ ਸੁਆਦ ਨੇ। 'ਹੋਵੇ ਮਨਜ਼ੂਰ ਇਨ੍ਹਾਂ ਸੇਵਕਾਂ ਦੀ ਸੇਵਾ।' ਕੋਈ ਨੇਤਾ ਗ਼ਰੀਬ ਕਿਸਾਨ ਦੇ ਘਰ ਗਿਆ। ਕਿਸਾਨ ਨੇ ਅੱਗਿਓਂ ਸੁਲ੍ਹਾ ਮਾਰੀ, 'ਚਾਹ ਪਾਣੀ, ਪਰਸ਼ਾਦਾ ਪਾਣੀ ਛਕੋਗੇ', ਨੇਤਾ ਬੇਸ਼ਰਮ ਮੱਲ ਫ਼ਰਮਾਏ, 'ਤੁਹਾਡੀਆਂ ਦੋਨਾਂ ਮੰਗਾਂ ਪ੍ਰਵਾਨ।' ਦੱਸਦੇ ਹਨ ਕਿ ਸ਼ਰਮ ਦਾ ਸਬੰਧ ਮੰਨਣ ਨਾਲ ਹੈ। ਪੰਜਾਬ ਦੇ ਲੋਕਾਂ ਲਈ ਸਭ ਨੇਤਾ ਉਸ ਫੰਡਰ ਮੱਝ ਵਰਗੇ ਨੇ, ਜਿਹੜੀ ਕਦੇ ਸੂਈ ਹੀ ਨਹੀਂ। ਚੋਣਾਂ ਦੇ ਦਿਨਾਂ 'ਚ ਨੇਤਾਵਾਂ ਨੂੰ ਦੇਖ ਮੰਗਤੇ ਵੀ ਕੰਮ ਛੱਡ ਜਾਂਦੇ ਹਨ ਕਿ ਚਲੋ ਭਾਈ! ਹੁਣ ਸਾਡੇ ਉਸਤਾਦ ਆਗੇ।

ਨੇਤਾ ਧੂੜਪੱਟ ਬਠਿੰਡਵੀਂ ਵੋਟਾਂ ਆਲੇ ਵਸਤਰ ਚੋਣਾਂ ਮੌਕੇ ਕੱਢਦੇ ਨੇ। ਕੱਲੀ ਕੱਲੀ ਕੀੜੀ ਨੂੰ ਰਡਾਰ 'ਤੇ ਰੱਖਦੇ ਨੇ। ਕੇਰਾਂ ਨੇਤਾ ਤੁਲਸੀ ਬਹੁਰੂਪੀਆ ਪੇਂਡੂ ਬੀਬੀਆਂ ਨੂੰ ਹੱਥ ਜੋੜ ਆਖਣ ਲੱਗਾ, ਭੈਣੋ! ਖ਼ਿਆਲ ਰੱਖਣਾ, ਮੇਰੇ ਹੱਥ ਮਜ਼ਬੂਤ ਕਰਨਾ। ਅੱਗਿਓਂ ਇੱਕ ਅੱਖੜ ਬੀਬੀ ਤੋਂ ਰਿਹਾ ਨਾ ਗਿਆ, 'ਕਿਉਂ ਕਰੀਏ ਹੱਥ ਮਜ਼ਬੂਤ, ਅਸੀਂ ਕਿਹੜਾ ਬਨੇਰੇ ਲਪਾਉਣੇ ਨੇ ਤੈਥੋਂ।' ਐਮਰਜੈਂਸੀ ਮਗਰੋਂ ਚੋਣਾਂ ਮੌਕੇ ਸਮੁੱਚੇ ਦੇਸ਼ 'ਚ ਤਿੰਨ ਨਰੈਣਾਂ ਦੀ ਗੂੰਜ ਪਈ। ਕਰਨੈਲ ਪਾਰਸ ਨੇ ਉਦੋਂ ਇੰਜ ਕਲਮ ਵਾਹੀ, 'ਤਿੰਨ ਤਿੰਨ ਲੱਗੇ ਨਰੈਣ, ਮਗਰ ਇੰਦਰਾ ਦੇ, ਦੇਖੋ ਬੀਬੀ ਕਿੱਦਾਂ ਜਾਨ ਛਡਾਉਂਦੀ ਏ।' ਉਨ੍ਹਾਂ ਸਮਿਆਂ 'ਚ ਜਨਤਾ ਪਾਰਟੀ ਦੇ ਚੋਣ ਜਲਸੇ ਹੁੰਦੇ, ਜਿਨ੍ਹਾਂ 'ਚ ਨੇਤਾ ਮਾਣ ਨਾਲ ਆਖਦੇ ਕਿ ਸਾਡੇ ਕੋਲ ਤਿੰਨ ਨਰੈਣ ਨੇ, ਜੈ ਪ੍ਰਕਾਸ਼ ਨਰੈਣ, ਜਗਤ ਨਰੈਣ ਤੇ ਰਾਜ ਨਰੈਣ। ਜਨਤਾ ਦਲੀਏ ਮੌਜੂ ਉਡਾਉਂਦੇ ਆਖਦੇ ਕਿ ਆਹ ਕਾਂਗਰਸ ਕੋਲ ਸਿਰਫ਼ ਇੱਕ ਨਰੈਣ ਐ, ਉਹ ਹੈ 'ਨਗਦ ਨਰੈਣ।'

ਆਹ ਚੋਣਾਂ ਮੌਕੇ ਨਗਦ ਨਰੈਣ ਵੀ ਆਪਣਾ ਰੰਗ ਦਿਖਾਏਗਾ। ਜੋ ਜਾਗਿਆ, ਉਹੀ ਸਿਆਣਾ। ਚੋਣਾਂ ਮੌਕੇ ਕਈ ਡੱਬੂ ਪ੍ਰਕਾਸ਼ ਵੀ ਆਉਣਗੇ, ਫ਼ਿਰਕੂ ਛਿੱਟਾ ਦੇ ਕੇ ਫੇਰ ਕੰਧ 'ਤੇ ਜਾ ਬਹਿਣਗੇ। ਚੋਰ ਦੋ ਤਰ੍ਹਾਂ ਦੇ ਹੁੰਦੇ ਹਨ, ਇੱਕ ਸੁੱਤਿਆਂ ਨੂੰ ਲੁੱਟਣ ਵਾਲੇ, ਦੂਜੇ ਜਾਗਦਿਆਂ ਨੂੰ ਲੁੱਟਣ ਵਾਲੇ। ਦੂਜੀ ਵੰਨਗੀ ਤੋਂ ਬਚਣ ਲਈ ਹੈਲਮਟ ਪਾ ਕੇ ਰੱਖਿਆ ਕਰੋ। ਖ਼ੈਰ! ਪੰਜਾਬੀਆਂ ਦੀ ਮਸੀਤ ਵੱਖਰੀ ਹੈ ਜਿੱਥੇ ਅੰਮ੍ਰਿਤਾ ਪ੍ਰੀਤਮ ਹੂਕ ਲਾ ਰਹੀ ਹੈ, 'ਕਿੱਕਰਾਂ ਵੇ ਕੰਡਿਆਲਿਆ! ਉੱਤੋਂ ਚੜ੍ਹ ?ਹਿਆ ਪੋਹ। ਹੱਕ ਜਿਨ੍ਹਾਂ ਦੇ ਆਪਣੇ, ਆਪੇ ਲੈਣਗੇ ਖੋਹ।'

# ਐਨ. ਕੇ. ਸ਼ਰਮਾ ਨੂੰ ਹਲਕਾ ਸਤਰਾਣਾ ਦੇ ਪਿੰਡਾਂ ਵਿੱਚ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ: ਦਵਿੰਦਰ ਸਿੱਧੂ



ਪਾਤੜਾਂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਅੱਜ ਪਾਤੜਾਂ ਵਿਖੇ ਗੱਲਬਾਤ ਕਰਦਿਆਂ ਹੋਇਆਂ ਯੂਥ ਦੇ ਸਿਰ ਕੱਢ ਆਗੂ ਕੋਰ ਕਮੇਟੀ ਦੇ ਮੈਂਬਰ ਦਵਿੰਦਰ ਸਿੰਘ ਸਿੱਧੂ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਹੋਇਆਂ ਨੇ ਦੱਸਿਆ ਹਲਕਾ ਸਤਰਾਣਾ ਅੰਦਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਬਹੁਤ ਹੀ ਸੂਝਵਾਨ ਨੇਕ ਦਿਲ ਇਨਸਾਨ ਐਨ. ਕੇ. ਸ਼ਰਮਾ ਨੂੰ ਪਿੰਡਾਂ ਵਿੱਚ ਬਹੁਤ ਲੋਕਾਂ ਦਾ ਭਰਮਾ ਹੁੰਗਾਰਾ ਮਿਲ ਰਿਹਾ ਹੈ ਉਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹਲਕੇ ਸਤਰਾਣੇ ਦੇ ਬਹੁਤ ਵੱਡੀ ਪੱਧਰ ਤੇ ਵਿਕਾਸ ਹੋਏ ਹਨ ਜਿਸ ਨੂੰ ਦੇਖਦਿਆਂ ਹੋਇਆਂ ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾਉਣ ਚਾਹੁੰਦੇ ਨੇ ਸਿੱਧੂ ਨੇ ਕਿਹਾ ਕਿ ਪਿਛਲੇ ਦਹਕਿਆਂ ਦੌਰਾਨ ਜਿੰਨੇ ਵੀ ਉਮੀਦਵਾਰ ਜਿੱਤ ਕੇ ਲੋਕ ਸਭਾ ਵਿੱਚ ਭੇਜੇ ਉਨ ਨੇ ਮੁੜ ਕੇ ਹਲਕੇ ਸਤਰਾਣੇ ਸਾਰ ਤੱਕ ਨਹੀਂ ਲਈ ਇਸ ਕਰਕੇ ਹਲਕੇ ਸਤਰਾਣੇ ਦੇ ਬਹੁਤ ਸੋਝਵਾਨ ਵੋਟਰ ਹੁਣ ਐਨ ਕੇ ਸ਼ਰਮਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਖਾਦੀ ਬੋਰਡ ਦੇ ਡਾਇਰੈਕਟਰ ਜੋਗਾ ਸਿੰਘ ਸਿੱਧੂ ਪੀਸੀਏ ਮੈਂਬਰ, ਪ੍ਰਧਾਨ ਕੁਲਦੀਪ ਸਿੰਘ ਰੇਡੂ, ਜਥੇਦਾਰ ਸੁਖਵਿੰਦਰ ਸਿੰਘ ਬਰਾਸ ਮੰਗਤ ਸਿੰਘ ਸ਼ਰਮਾ ਵਰਿੰਦਰ ਪਾਲ ਸਿੰਘ ਲਾਲਵਾ,ਅਕਾਲੀ ਆਗੂ ਗਗਨਦੀਪ ਸਿੰਘ ਸੰਧੂ, ਨਰਿੰਦਰ ਸਿੰਘ ਬਜਾਜ, ਯਾਦਵਿੰਦਰ ਸਿੰਘ ਨੰਬਰਦਾਰ ਹੋਰ ਅਕਾਲੀ ਵਰਕਰ ਮੌਜੂਦ ਸਨ।

# ਜਨਤਾ ਦੀ ਨਜ਼ਰ ’ਚ ਲੋਕ ਸਭਾ ਹਲਕਾ ਪਟਿਆਲਾ




ਡਾ. ਧਰਮਵੀਰ ਗਾਂਧੀ ਚੋਣ ਨਿਸ਼ਾਨ ਹੱਥ ਪੰਜਾ | ਐਨ. ਕੇ. ਸ਼ਰਮਾ ਅਕਾਲੀ ਦਲ ਚੋਣ ਨਿਸ਼ਾਨ ਤੱਕੜੀ | ਡਾ. ਬਲਬੀਰ ਸਿੰਘ ਆਪ ਚੋਣ ਨਿਸ਼ਾਨ ਝਾੜੂ | ਮਹਾਰਾਣੀ ਪ੍ਰਨੀਤ ਕੌਰ ਬੀ.ਜੇ.ਪੀ. ਚੋਣ ਨਿਸ਼ਾਨ ਕਮਲ ਦਾ ਫੁੱਲ | ਜਨਵਾਦੀ ਜਨਵਾਦੀ ਪਾਰਟੀ ਨਿਸ਼ਾਨ ਡਾਇਮੰਡ | ਕ੍ਰਿਸ਼ਨ ਕੁਮਾਰ ਗਾਬਾ ਹਿੰਦੂਸਤਾਨ ਸ਼ਕਤੀ ਸੈਨਾ ਚੋਣ ਨਿਸ਼ਾਨ ਬੰਸਰੀ | ਨੀਰਜ ਕੁਮਾਰ ਚੋਣ ਨਿਸ਼ਾਨ ਸਿਲੰਡਰ | ਮਨੋਜ ਕੁਮਾਰ ਚੋਣ ਨਿਸ਼ਾਨ ਐਪਲ | ਅਮਰਜੀਤ ਸਿੰਘ ਚੋਣ ਨਿਸ਼ਾਨ ਆਰੀ



ਪਰਮਜੀਤ ਸਿੰਘ ਪੰਮਾ ਚੋਣ ਨਿਸ਼ਾਨ ਰੋਟੀ ਦੀ ਥਾਲੀ | ਡਿੰਪਲ ਬੰਦੇਸ਼ਾ ਚੋਣ ਨਿਸ਼ਾਨ ਵਿਕਟਾਂ | ਅਰਵਿੰਦ ਕਾਕਾ ਚੋਣ ਨਿਸ਼ਾਨ ਮਾਇਕ | ਜਗਦੀਸ਼ ਕੁਮਾਰ ਚੋਣ ਨਿਸ਼ਾਨ ਬੈਟ

## ‘ਆਪ’ ਦਾ 300 ਯੂਨਿਟ ਮੁਫ਼ਤ ਬਿਜਲੀ ਸਪਲਾਈ ਫੇਲ੍ਹ, ਬਿਜਲੀ ਕੱਟਾਂ ਨੇ ਲੋਕਾਂ ਦਾ ਘਰਾਂ ’ਚ ਰਹਿਣਾ ਹੀ ਕੀਤਾ ਔਖਾ: ਪ੍ਰਨੀਤ ਕੌਰ

ਪਟਿਆਲਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਹਿਰ ਦੀ ਗਰਮੀ ਨੇ ਤਰਾਹੀ ਮਚਾਈ ਹੋਈ ਹੈ ਅਤੇ 45 ਡਿਗਰੀ ਸੈਲਸੀਅਸ ਤੋਂ ਵੱਧ ਤਾਪਮਾਨ ਵਿੱਚ ‘ਆਪ’ ਸਰਕਾਰ ਦੇ ਬਿਜਲੀ ਕੱਟਾਂ ਨੇ ਲੋਕਾਂ ਦਾ ਘਰਾਂ ਵਿੱਚ ਰਹਿਣਾ ਹੀ ਮੁਸ਼ਕਲ ਕਰ ਦਿੱਤਾ ਹੈ। ਪਟਿਆਲਾ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੇ ਬਿਜਲੀ ਦੇ ਅਣਐਲਾਨੇ ਕੱਟਾਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਉਹ ਸ਼ਨੀਵਾਰ ਨੂੰ ਨਾਭਾ ਅਤੇ ਸਮਾਣਾ ਖੇਤਰ ਦੇ ਕਈ ਪਿੰਡਾਂ ਦੇ ਚੋਣ ਦੌਰੇ ’ਤੇ ਸਨ। ਇਸ ਦੌਰਾਨ ਉਨ੍ਹਾਂ ਖੁਦ ਲੋਕਾਂ ਨੂੰ ਬਿਜਲੀ ਦੇ ਕੱਟਾਂ ਕਾਰਨ ਪ੍ਰੇਸ਼ਾਨ ਹੁੰਦੇ ਦੇਖਿਆ। ਆਮ ਆਦਮੀ ਪਾਰਟੀ ਜਿਸ ਨੇ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ, ਅੱਜ ਬਿਜਲੀ ਦੀ ਮੰਗ ਪੂਰੀ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਬਿਜਲੀ ਦੀ ਮੰਗ ਅਤੇ ਸਪਲਾਈ ਵਿੱਚ ਪਾੜਾ ਵਧਦਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਬਿਜਲੀ ਕੱਟਾਂ ਰਾਹੀਂ ਆਪਣੀਆਂ ਗਲਤ ਨੀਤੀਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਨੇਤਾ ਪ੍ਰਨੀਤ ਕੌਰ ਨੇ ਕਿਹਾ ਕਿ ਜਿੱਥੇ ਬਿਜਲੀ ਕੱਟਾਂ ਕਾਰਨ ਲੋਕਾਂ ਦਾ ਘਰਾਂ ਵਿੱਚ ਰਹਿਣਾ ਮੁਸ਼ਕਲ ਹੋ ਗਿਆ ਹੈ, ਉੱਥੇ ਜ਼ਿਲ੍ਹੇ ਭਰ ਦੀਆਂ ਸਾਰੀਆਂ ਛੋਟੀਆਂ-ਵੱਡੀਆਂ ਸਨਅਤਾਂ ਨੂੰ ਭਾਰੀ ਵਿੱਤੀ ਘਾਟਾ ਝੱਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪੰਜਾਬ ਦੀ ‘ਆਪ’ ਸਰਕਾਰ ਨੂੰ ਗਰਮੀ ਨੂੰ ਲੈ ਕੇ ਪਹਿਲਾਂ ਤੋਂ ਜੋ ਤਿਆਰੀ ਕਰਨੀ ਚਾਹੀਦੀ ਸੀ ਉਹ ਨਹੀਂ ਕਰ ਸਕੀ ਅਤੇ ਅੱਜ ਬਿਜਲੀ ਕੱਟ ਲਗਾ ਕੇ ਆਪਣੀਆਂ ਗਲਤੀਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਇਲਾਕਾ ਅੱਜ ਬਿਜਲੀ ਕੱਟਾਂ ਤੋਂ ਅਛੂਤਾ ਨਹੀਂ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਸਬੰਧੀ ਤੁਰੰਤ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ।



ਭਾਜਪਾ ਆਗੂ ਪ੍ਰਨੀਤ ਕੌਰ ਨੇ ਕਿਹਾ ਕਿ ਵਧਦੇ ਤਾਪਮਾਨ ਕਾਰਨ ਪੰਜਾਬ ਵਿੱਚ ਬਿਜਲੀ ਦੀ ਮੰਗ 14 ਹਜ਼ਾਰ ਮੈਗਾਵਾਟ ਨੂੰ ਪਾਰ ਕਰ ਗਈ ਹੈ। ਬਿਜਲੀ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹੀ ਪੰਜਾਬ ਦੀ ‘ਆਪ’ ਸਰਕਾਰ ਹੁਣ ਬਿਜਲੀ ਕੱਟਾਂ ਰਾਹੀਂ ਬਿਜਲੀ ਸਪਲਾਈ ਨੂੰ ਪੂਰਾ ਕਰਨ ਦਾ ਢੌਂਗ ਕਰ ਰਹੀ ਹੈ। ਅਣਐਲਾਨੇ ਕੱਟਾਂ ਦੀ ਗਿਣਤੀ ਦਿਨ ਵਿੱਚ ਦੋ ਤੋਂ ਤਿੰਨ ਗੁਣਾ ਵਧਾ ਦਿੱਤੀ ਗਈ ਹੈ, ਜਿਸ ਨੂੰ ਰੱਖ-ਰਖਾਅ ਕਹਿ ਕੇ ਲੋਕਾਂ ਨੂੰ ਹਨੇਰੇ ਵਿੱਚ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਪੰਜਾਬ ਸਰਕਾਰ ਮਈ ਮਹੀਨੇ ਵਿੱਚ ਹੀ ਬਿਜਲੀ ਦੀ ਮੰਗ ਪੂਰੀ ਕਰਨ ਵਿੱਚ ਅਸਫਲ ਰਹੀ ਹੈ। ਆਉਣ ਵਾਲੇ ਦਿਨਾਂ ’ਚ ਝੋਨੇ ਦੇ ਸੀਜ਼ਨ ਲਈ ਖੇਤੀ ਖੇਤਰ ਤੋਂ ਬਿਜਲੀ ਦੀ ਮੰਗ ਵਧਣ ਵਾਲੀ ਹੈ ਅਤੇ ਜਿਵੇਂ-ਜਿਵੇਂ ਇਹ ਮੰਗ ਵਧਦੀ ਜਾਵੇਗੀ, ਪੰਜਾਬ ’ਚ ਬਿਜਲੀ ਸਪਲਾਈ ਦੀ ਸਮੱਸਿਆ ਹੋਰ ਵੀ ਵੱਡੀ ਹੁੰਦੀ ਜਾਵੇਗੀ, ਜਿਸ ਦਾ ਖਮਿਆਜ਼ਾ ਹਰ ਪੰਜਾਬੀ ਨੂੰ ਭੁਗਤਣਾ ਪਵੇਗਾ।

ਨਾਭਾ ਹਲਕੇ ਵਿੱਚ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਭਾਜਪਾ ਆਗੂ ਪ੍ਰਨੀਤ ਕੌਰ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਦਾ ਰਿਕਾਰਡ ਗਵਾਹ ਹੈ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਬਿਜਲੀ ਦੀ ਮੰਗ ਦਾ ਗ੍ਰਾਫ਼ ਲਗਾਤਾਰ ਵੱਧ ਰਿਹਾ ਹੈ, ਪਰ ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਬਿਜਲੀ ਦੀ ਮੰਗ ਨੂੰ ਦੇਖਦੇ ਹੋਏ ਬਿਜਲੀ ਸਪਲਾਈ ਪੂਰਾ ਕਰਨ ਲਈ ਕੋਈ ਪ੍ਰਬੰਧ ਨਹੀਂ ਕੀਤੇ ਗਏ।

## ਡਾ. ਗਾਂਧੀ ਦੇ ਹੱਕ ’ਚ ਪ੍ਰਚਾਰ ਲਈ 26 ਮਈ ਦੁਪਹਿਰ ਸਾਢੇ 12 ਵਜੇ ਪ੍ਰਿਅੰਕਾ ਗਾਂਧੀ ਪਟਿਆਲਾ ਆਉਣਗੇ



ਪਟਿਆਲਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਪਟਿਆਲਾ ਦਿਹਾਤੀ ਵਿਖੇ ਪੰਜਾਬ ਯੂਥ ਕਾਂਗਰਸ ਪ੍ਰਧਾਨ ਅਤੇ ਹਲਕਾ ਇੰਚਾਰਜ ਮੋਹਿਤ ਮਹਿੰਦਰਾ ਨਾਲ਼ ਮਿਲ਼ ਕੇ ਡੇਢ ਦਰਜਨ ਤੋਂ ਵੱਧ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਡਾਕਟਰ ਧਰਮਵੀਰ ਗਾਂਧੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੱਲ੍ਹ 26 ਮਈ ਨੂੰ ਰਾਜਪੁਰਾ ਰੋਡ,ਪਟਿਆਲਾ ਵਿਖੇ ਸਥਿਤ ‘ਪਟਿਆਲਾ ਫੋਰਟ’ ਨਾਮਕ ਪੈਲੇਸ ’ਚ ਕਾਂਗਰਸ ਦੀ ਸੀਨੀਅਰ ਆਗੂ ਸ਼੍ਰੀਮਤੀ ਪ੍ਰਿਅੰਕਾ ਗਾਂਧੀ ਜੀ ਔਰਤਾਂ ਦੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਨਗੇ। ਇਸ ਸਮਾਗਮ ਨੂੰ ‘ਨਾਰੀ ਨਿਆਂ ਸੰਮੇਲਨ’ ਨਾਮ ਦਿੱਤਾ ਗਿਆ ਹੈ ਕਿਉਂਕਿ ਕਾਂਗਰਸ ਪਾਰਟੀ ਵੱਲੋਂ ਜਾਰੀ ਨਿਆਂ ਪੱਤਰ ਵਿੱਚ ਔਰਤਾਂ ਲਈ ਹਰ ਨੌਕਰੀ ਵਿੱਚ 50% ਹਿੱਸੇਦਾਰੀ ਅਤੇ ਲੋੜਵੰਦ ਔਰਤਾਂ ਲਈ ਇੱਕ ਲੱਖ ਰੁਪਏ ਸਲਾਨਾ ਸਹਾਇਤਾ ਰਾਸ਼ੀ ਜਿਹੀਆਂ ਵੱਡੀਆਂ ਗਰੰਟੀਆਂ ਦਿੱਤੀਆਂ ਗਈਆਂ ਹਨ।

## ਪਟਿਆਲਾ ਦਿਹਾਤੀ ’ਚ ਐਨ ਕੇ ਸ਼ਰਮਾ ਦੀ ਮੁਹਿੰਮ ਨੂੰ ਵੱਡਾ ਹੁਲਾਰਾ

### ਰੋਹਟੀ ਖਾਸ ਦੇ ਸਰਪੰਚ ਅਜੈਬ ਸਿੰਘ ਤੇ ਸਾਬਕਾ ਸਰਪੰਚ ਜਸਬੀਰ ਕੌਰ ਦੀ ਅਗਵਾਈ ਹੇਠ ਸੈਂਕੜੇ ਲੋਕ ਕਾਂਗਰਸ ਤੇ ਆਪ ਛੱਡ ਕੇ ਬਿੱਟੂ ਚੱਠਾ ਦੀ ਹਾਜ਼ਰੀ ’ਚ ਅਕਾਲੀ ਦਲ ’ਚ ਹੋਏ ਸ਼ਾਮਲ



ਅਕਾਲੀ ਦਲ ਵਿਚ ਸ਼ਾਮਲ ਹੋਣ ’ਤੇ ਰੋਹਟੀ ਖਾਸ ਦੇ ਸਰਪੰਚ ਅਜੈਬ ਸਿੰਘ, ਸਾਬਕਾ ਸਰਪੰਜ ਜਸਬੀਰ ਕੌਰ ਤੇ ਹੋਰਨਾਂ ਨੂੰ ਸਨਮਾਨਤ ਕਰਦੇ ਹੋਏ ਜਸਪਾਲ ਸਿੰਘ ਬਿੱਟੂ ਚੱਠਾ ਤੇ ਹੋਰ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਪਟਿਆਲਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦਿਹਾਤੀ ਹਲਕੇ ਵਿਚ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਪਿੰਡ ਰੋਹਟੀ ਖਾਸ ’ਚ ਸਰਪੰਚ ਅਜੈਬ ਸਿੰਘ ਤੇ ਸਾਬਕਾ ਸਰਪੰਚ ਜਸਬੀਰ ਕੌਰ ਦੀ ਅਗਵਾਈ ਹੇਠ ਸੈਂਕੜੇ ਲੋਕ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਛੱਡ ਕੇ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ।

ਇਹਨਾਂ ਸਾਰਿਆਂ ਨੂੰ ਬਿੱਟੂ ਚੱਠਾ ਨੇ ਸਿਰੋਪਾਓ ਦੇ ਕੇ ਅਕਾਲੀ ਦਲ ਵਿਚ ਸ਼ਾਮਲ ਹੋਣ ’ਤੇ ਜੀ ਆਇਆਂ ਆਖਿਆ ਤੇ ਭਰੋਸਾ ਦੁਆਇਆ ਕਿ ਉਹਨਾਂ ਨੂੰ ਪਾਰਟੀ ਵਿਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਜਸਪਾਲ ਸਿੰਘ ਬਿੱਟੂ ਚੱਠਾ ਨੇ ਕਿਹਾ ਕਿ ਸਮੁੱਚੇ ਪੰਜਾਬੀਆਂ ਨੇ ਮਹਿਸੂਸ ਕਰ ਲਿਆ ਹੈ ਕਿ ਪਿਛਲੇ ਸੱਤ ਸਾਲਾਂ ਵਿਚ ਕਾਂਗਰਸ ਤੇ ਆਪ ਸਰਕਾਰਾਂ ਨੇ ਪੰਜਾਬੀਆਂ ਨੂੰ ਠੱਗਿਆ ਹੈ ਤੇ ਸੂਬੇ ਦੇ ਖ਼ਜ਼ਾਨੇ ਨੂੰ ਲੁੱਟਿਆ ਹੈ। ਉਹਨਾਂ ਕਿਹਾ ਕਿ ਪਹਿਲਾਂ ਕਾਂਗਰਸ ਨੇ ਝੂਠੇ ਵਾਅਦੇ ਕਰ ਕੇ ਸਰਕਾਰ ਬਣਾ ਤੇ ਪੰਜਾਬੀਆਂ ਨੂੰ ਕੁਝ ਨਹੀਂ ਦਿੱਤਾ ਤੇ ਫਿਰ ਆਪ ਨੇ ਝੂਠੇ ਵਾਅਦੇ ਕਰ ਕੇ ਸਰਕਾਰ ਬਣਾ ਲਈ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦਾ ਖ਼ਜ਼ਾਨਾ ਆਪਣੇ ਆਕਾ ਅਰਵਿੰਦ ਕੇਜਰੀਵਾਲ ’ਤੇ ਲੁਟਾ ਦਿੱਤਾ ਤੇ ਪੰਜਾਬ ਸਿਰਫ ਇਕ ਲੱਖ ਕਰੋੜ ਰੁਪਏ ਦਾ ਨਵਾਂ ਕਰਜ਼ਾ ਚਾੜ੍ਹ ਦਿੱਤਾ।

ਇਸ ਮੌਕੇ ਬੁੱਧ ਸਿੰਘ ਰੋਹਟੀ ਖਾਸ ਦੇ ਸਰਪੰਚ ਅਜੈਬ ਸਿੰਘ, ਸਾਬਕਾ ਸਰਪੰਚ ਜਸਬੀਰ ਕੌਰ ਸੁਰਜੀਤ ਸਿੰਘ, ਸੁਰਿੰਦਰ ਸਿੰਘ,ਕਰਮ ਸਿੰਘ, ਬਲਬੀਰ ਸਿੰਘ, ਧਰਮ ਸਿੰਘ,ਨਾਹਰ ਸਿੰਘ, ਗੁਰਧਿਆਨ ਸਿੰਘ, ਬਲਵਿੰਦਰ ਸਿੰਘ ਬੱਬੀ, ਅਵਤਾਰ ਸਿੰਘ , ਪਿਆਰਾ ਸਿੰਘ, ਹਰਿੰਦਰ ਸਿੰਘ.ਗੁਰਜੀਤ ਸਿੰਘ, ਹਰਨੇਕ ਸਿੰਘ ਅਤੇ ਕੁਲਵੰਤ ਸਿੰਘ ਆਦਿ ਨੇ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ।ਇਸ ਮੌਕੇ ਗੁਰਮੀਤ ਸਿੰਘ ਅਤੇ ਦਵਿੰਦਰ ਸਿੰਘ ਰੋਹਟੀ ਖਾਸ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਤੇ ਭਰੋਸਾ ਦੁਆਇਆ ਕਿ ਪਿੰਡ ਦੀ ਇਕ-ਇਕ ਵੋਟ ਅਕਾਲੀ ਦਲ ਦੇ ਹੱਕ ਵਿਚ ਭੁਗਤੇਗੀ।

## ‘ਆਪ’ ਵੱਲੋਂ ਵਿਧਾਇਕ ਰੰਧਾਵਾ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਨਿਯੁਕਤ



ਡੇਰਾ ਬਸੀ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਪ’ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ‘ਆਪ’ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ ਵੱਲੋਂ ਹਲਕਾ ਡੇਰਾਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀਆਂ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ‘ਆਪ’ ਟਰਾਂਸਪੋਰਟ ਵਿੰਗ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਵਿਧਾਇਕ ਰੰਧਾਵਾ ਦੀ ਟਰਾਂਸਪੋਰਟ ਵਿੰਗ ਦੇ ਪੰਜਾਬ ਪ੍ਰਧਾਨ ਵੱਜੋਂ ਹੋਈ ਨਿਯੁਕਤੀ ਦੀ ਖ਼ਬਰ ਸੁਣਦੇ ਹੀ ਡੇਰਾਬੱਸੀ ਹਲਕੇ ਦੇ ਵਰਕਰਾਂ ਵਿਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਇਸ ਮੌਕੇ ਵਿਧਾਇਕ ਕੁਲਜੀਤ ਰੰਧਾਵਾ ਨੇ ਆਪਣੀ ਨਿਯੁਕਤੀ ਲਈ ‘ਆਪ’ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ‘ਆਪ’ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ‘ਆਪ’ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਅਤੇ ਸਮੁੱਚੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜ਼ਿੰਮੇਵਾਰੀ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਹੈ, ਉਸ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਨਵ ਨਿਯੁਕਤ ਟਰਾਂਸਪੋਰਟ ਪੰਜਾਬ ਪ੍ਰਧਾਨ ਵਿਧਾਇਕ ਕੁਲਜੀਤ ਰੰਧਾਵਾ ਨੇ ਕਿਹਾ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਟਰਾਂਸਪੋਰਟਰਾਂ ਨਾਲ ਕੀਤਾ ਇੱਕ ਇੱਕ ਵਾਅਦਾ ਪੂਰਾ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਪਾਰਟੀ ਦੇ ਅਜੇ ਤਿੰਨ ਸਾਲ ਬਾਕੀ ਹਨ, ਟਰਾਂਸਪੋਰਟਰਾਂ ਦੀ ਬੇਹਤਰੀ ਲਈ ਕੰਮ ਕੀਤੇ ਜਾਣਗੇ। ਇਸ ਮੌਕੇ ਨਗਰ ਕੌਂਸਲ ਪ੍ਰਧਾਨਾਂ, ਬਲਾਕ ਪ੍ਰਧਾਨਾਂ ਅਤੇ ਵਿੰਗ ਪ੍ਰਧਾਨਾਂ ਸਮੇਤ ਵੱਖ ਵੱਖ ਅਹੁਦੇਦਾਰਾਂ ਅਤੇ ਪਾਰਟੀ ਵਲੰਟੀਅਰਾਂ ਨੇ ਵਿਧਾਇਕ ਰੰਧਾਵਾ ਨੂੰ ਗੁਲਦਸਤਾ ਭੇਂਟ ਕਰਕੇ ਵਧਾਈ ਦਿੱਤੀ।

## ਐਨ. ਕੇ. ਸ਼ਰਮਾ ਨੂੰ ਹਲਕਾ ਸਤਰਾਣਾ ਦੇ ਪਿੰਡਾਂ ਵਿੱਚ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ: ਦਵਿੰਦਰ ਸਿੱਧੂ



ਪਾਤੜਾਂ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਪਾਤੜਾਂ ਵਿਖੇ ਗੱਲਬਾਤ ਕਰਦਿਆਂ ਹੋਇਆਂ ਯੂਥ ਦੇ ਸਿਰ ਕੱਢ ਆਗੂ ਕੋਰ ਕਮੇਟੀ ਦੇ ਮੈਂਬਰ ਦਵਿੰਦਰ ਸਿੰਘ ਸਿੱਧੂ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਹੋਇਆਂ ਨੇ ਦੱਸਿਆ ਹਲਕਾ ਸਤਰਾਣਾ ਅੰਦਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਬਹੁਤ ਹੀ ਸੂਝਵਾਨ ਨੇਕ ਦਿਲ ਇਨਸਾਨ ਐਨ . ਕੇ . ਸ਼ਰਮਾ ਨੂੰ ਪਿੰਡਾਂ ਵਿੱਚ ਬਹੁਤ ਲੋਕਾਂ ਦਾ ਭਰਮਾ ਹੁੰਗਾਰਾ ਮਿਲ ਰਿਹਾ ਹੈ ਉਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹਲਕੇ ਸਤਰਾਣੇ ਦੇ ਬਹੁਤ ਵੱਡੀ ਪੱਧਰ ਤੇ ਵਿਕਾਸ ਹੋਏ ਹਨ ਜਿਸ ਨੂੰ ਦੇਖਦਿਆਂ ਹੋਇਆਂ ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾਉਣ ਚਾਹੁੰਦੇ ਨੇ ਸਿੱਧੂ ਨੇ ਕਿਹਾ ਕਿ ਪਿਛਲੇ ਦਹਕਿਆਂ ਦੌਰਾਨ ਜਿੰਨੇ ਵੀ ਉਮੀਦਵਾਰ ਜਿੱਤ ਕੇ ਲੋਕ ਸਭਾ ਵਿੱਚ ਭੇਜੇ ਉਨ ਨੇ ਮੁੜ ਕੇ ਹਲਕੇ ਸਤਰਾਣੇ ਸਾਰ ਤੱਕ ਨਹੀਂ ਲਈ ਇਸ ਕਰਕੇ ਹਲਕੇ ਸਤਰਾਣੇ ਦੇ ਬਹੁਤ ਸੋਝਵਾਨ ਵੋਟਰ ਹੁਣ ਐਨ ਕੇ ਸ਼ਰਮਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।

ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਖਾਦੀ ਬੋਰਡ ਦੇ ਡਾਇਰੈਕਟਰ ਜੋਗਾ ਸਿੰਘ ਸਿੱਧੂ ਪੀਸੀਏ ਮੈਂਬਰ, ਪ੍ਰਧਾਨ ਕੁਲਦੀਪ ਸਿੰਘ ਰੇਡੂ, ਜਥੇਦਾਰ ਸੁਖਵਿੰਦਰ ਸਿੰਘ ਬਰਾਸ ਮੰਗਤ ਸਿੰਘ ਸ਼ਰਮਾ ਵਰਿੰਦਰ ਪਾਲ ਸਿੰਘ ਲਾਲਵਾ,ਅਕਾਲੀ ਆਗੂ ਗਗਨਦੀਪ ਸਿੰਘ ਸੰਧੂ, ਨਰਿੰਦਰ ਸਿੰਘ ਬਜਾਜ, ਯਾਦਵਿੰਦਰ ਸਿੰਘ ਨੰਬਰਦਾਰ ਹੋਰ ਅਕਾਲੀ ਵਰਕਰ ਮੌਜੂਦ ਸਨ।

## 85 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗਾਂ ਤੇ ਦਿਵਿਆਂਗਜਨ ਲਈ ਘਰ ਤੋਂ ਮਤਦਾਨ ਦੀ ਸਹੂਲਤ



ਫਾਜ਼ਿਲਕਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ-2024 ਦੇ ਮੱਦੇਨਜਰ ਚੋਣ ਕਮਿਸ਼ਨ ਵੱਲੋਂ 85 ਸਾਲ ਤੋਂ ਵੱਡੀ ਉਮਰ ਦੇ ਬਜੁਰਗਾਂ ਅਤੇ ਦਿਵਿਆਂਗਜਨਾਂ ਨੂੰ ਘਰ ਤੋਂ ਹੀ ਵੋਟ ਪਾਉਣ ਦਾ ਅਧਿਕਾਰ ਦਿੱਤਾ ਸੀ ਜਿਸ ਤਹਿਤ ਫਾਜ਼ਿਲਕਾ ਜ਼ਿਲ੍ਹੇ ਵਿਚ ਅੱਜ ਤੋਂ ਇੰਨ੍ਹਾ ਦੋਨਾਂ ਵਰਗਾਂ ਦੀ ਪੋਸਟਲ ਬੈਲਟ ਨਾਲ ਘਰ ਤੋਂ ਵੋਟ ਪਵਾਉਣ ਦੀ ਪ੍ਰਕਿਆ ਸ਼ੁਰੂ ਹੋ ਗਈ।

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਅਕਸਰ ਵੱਡੀ ਉਮਰ ਦੇ ਬਜੁਰਗ ਅਤੇ ਦਿਵਿਆਂਗ ਪੋਲਿੰਗ ਬੂਥ ਤੇ ਜਾਣ ਵਿਚ ਹੋਣ ਵਾਲੀ ਅਸੁਵਿਧਾ ਦੇ ਡਰੋਂ ਵੋਟ ਹੀ ਨਹੀਂ ਸੀ ਪਾਉਂਦੇ ਪਰ ਇਸ ਵਾਰ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਘਰ ਤੋਂ ਵੋਟ ਪਾਉਣ ਦੀ ਸਹੂਤਲ ਦੇਣ ਦੀ ਵਿਵਸਥਾ ਕੀਤੀ ਸੀ।ਜਿਸ ਤਹਿਤ ਬੀਐਲਓਜ਼ ਵੱਲੋਂ ਇੰਨ੍ਹਾਂ ਲੋਕਾਂ ਦੇ ਘਰਾਂ ਤੱਕ ਜਾ ਕੇ ਇੰਨ੍ਹਾਂ ਤੋਂ ਇੰਨ੍ਹਾਂ ਦੀ ਇੱਛਾ ਪੁੱਛੀ ਗਈ ਸੀ ਕਿ ਕੀ ਉਹ ਘਰ ਤੋਂ ਵੋਟ ਪਾਉਣਾ ਚਾਹੁੰਦੇ ਹਨ ਜਾਂ ਪੋਲਿੰਗ ਬੂਥ ਤੇ ਆ ਕੇ ਵੋਟ ਪਾਉਣਾ ਚਾਹੁੰਦੇ ਹਨ।

ਜਿੰਨ੍ਹਾਂ ਨੇ ਘਰ ਤੋਂ ਵੋਟ ਪਾਉਣ ਦੀ ਇੱਛਾ ਜਾਹਿਰ ਕੀਤੀ ਸੀ ਉਨ੍ਹਾਂ ਲਈ ਅੱਜ ਤੋਂ ਮਤਦਾਨ ਦੀ ਪ੍ਰਕਿਆ ਸੂਰੂ ਹੋਈ ਹੈ।ਇਹ ਪ੍ਰਕ੍ਰਿਆ 25 ਤੋਂ 29 ਮਈ ਤੱਕ ਚੱਲੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਲਈ ਚੋਣ ਕਮਿਸ਼ਨ ਦੀ ਟੀਮ ਜਿਸ ਦੇ ਨਾਲ ਉਮੀਦਵਾਰਾਂ ਦੇ ਏਜੰਟ ਵੀ ਨਾਲ ਜਾਂਦੇ ਹਨ ਸਬੰਧਤ ਵੋਟਰ ਦੇ ਘਰ ਪਹੁੰਚਦੀ ਹੈ। ਉਸਦੀ ਘਰ ਤੋਂ ਹੀ ਵੋਟ ਪੁਵਾਈ ਜਾਂਦੀ ਹੈ ਅਤੇ ਇਸ ਪ੍ਰਕ੍ਰਿਆ ਦੌਰਾਨ ਵੋਟ ਦੀ ਗੋਪਨੀਅਤਾ ਦੇ ਨਿਯਮ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਂਦਾ ਹੈ।

ਫਾਜ਼ਿਲਕਾ ਜ਼ਿਲ੍ਹੇ ਵਿਚ 85 ਸਾਲ ਤੋਂ ਵੱਡੀ ਉਮਰ ਦੇ 1177 ਅਤੇ ਦਿਵਿਆਂਗਜਨਾਂ ਵਿਚੋਂ 804 ਨੇ ਘਰ ਤੋਂ ਮਤਦਾਨ ਕਰਨ ਦੇ ਵਿਕਲਪ ਦੀ ਚੋਣ ਕੀਤੀ ਹੈ।

ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਜਿੰਨ੍ਹਾਂ ਨੇ ਘਰ ਤੋਂ ਵੋਟ ਪਾਉਣ ਦੇ ਵਿਕਲਪ ਦੀ ਚੋਣ ਨਹੀਂ ਕੀਤੀ ਅਤੇ ਪੋਲਿੰਗ ਬੂਥ ਤੇ ਆ ਕੇ ਹੀ ਵੋਟ ਦੇਣਾਂ ਚਾਹੁੰਦੇ ਹਨ ਉਨ੍ਹਾਂ ਦੀ ਸਹੂਲਤ ਲਈ ਚੋਣ ਕਮਿਸ਼ਨ ਨੇ ਸਕਸ਼ਮ ਐਪ ਜਾਰੀ ਕੀਤੀ ਹੈ ਜਿਸ ਤੇ ਤੁਸੀਂ ਮਤਦਾਨ ਵਾਲੇ ਦਿਨ ਜੇਕਰ ਤੁਹਾਨੂੰ ਬੂਥ ਤੇ ਵੀਲ੍ਹ ਚੇਅਰ ਚਾਹੀਦੀ ਹੋਵੇ ਜਾਂ ਘਰ ਤੋਂ ਪੋਲਿੰਗ ਬੂਥ ਤੱਕ ਆਉਣ ਲਈ ਵਾਹਨ ਦੀ ਸੁਵਿਧਾ ਦੀ ਜਰੂਰਤ ਹੋਵੇ ਤਾਂ ਤੁਸੀਂ ਇਸ ਐਪ ਤੇ ਇਹ ਦਰਜ ਕਰਵਾ ਸਕਦੇ ਹੋ ਅਤੇ ਆਪ ਦੀ ਮੰਗ ਅਨੁਸਾਰ ਚੋਣ ਕਮਿਸ਼ਨ ਵੱਲੋਂ ਆਪ ਦੀ ਸਹਾਇਤਾ ਕੀਤੀ ਜਾਵੇਗੀ।

## ਪਟਿਆਲਾ ਕ੍ਰਾਈਮ ਰਿਪੋਰਟ

### ਥਾਣਾ ਅਨਾਜ ਮੰਡੀ ਨੇ ਕੀਤਾ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ

ਪਟਿਆਲਾ, 29 ਮਈ (ਕੌਮੀ ਪੱਤ੍ਰਿਕਾ ਬਿਊਰੋ ) - ਥਾਣਾ ਅਨਾਜ ਮੰਡੀ ਪਟਿਆਲਾ ਦੀ ਪੁਲਿਸ ਨੇ ਸ਼ਿਕਾਇਤਕਰਤਾ ਹਰਵਿੰਦਰ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਗਾਂਧੀ ਨਗਰ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਦੀ ਸ਼ਿਕਾਇਤ ਦੇ ਆਧਾਰ ’ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 346 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਹਰਵਿੰਦਰ ਸਿੰਘ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਉਸਦਾ ਲੜਕਾ ਸਾਹਿਲ ਕੁਮਾਰ ਮੋਟਰਸਾਈਕਲ ’ਤੇ ਸਵਾਰ ਹੋ ਕੇ ਪਿੰਡ ਅਲੀਪੁਰ ਅਰਾਈਆਂ ਦੀ ਮਾਰਕੀਟ ਵਿੱਚ ਰੀਚਾਰਜ ਦੀ ਕਲੈਕਸ਼ਨ ਦਾ ਕੰਮ ਕਰਨ ਲਈ ਗਿਆ ਹੋਇਆ ਸੀ ਤਾਂ ਸੂਚਨਾ ਮਿਲੇਗੀ ਸਾਹਿਲ ਕੁਮਾਰ ਕਲੈਕਸ਼ਨ ਕਰਕੇ ਆਪਣੇ ਦਫਤਰ ਨਹੀਂ ਪਹੁੰਚਿਆ ਅਤੇ ਉਸਦੇ ਕੋਲ ਕਰੀਬ ਇਲੈਕਸ਼ਨ ਦਾ 40 ਹਜ਼ਾਰ ਰੁਪਏ ਵੀ ਸੀ। ਉਹਨਾਂ ਸ਼ੱਕ ਪ੍ਰਗਟ ਕੀਤਾ ਕਿ ਅਣਪਛਾਤੇ ਵਿਅਕਤੀਆਂ ਨੇ ਉਸਦੇ ਲੜਕੇ ਨੂੰ ਗੈਰ ਕਾਨੂੰਨੀ ਤੌਰ ’ਤੇ ਆਪਣੀ ਹਿਰਾਸਤ ਵਿੱਚ ਰੱਖਿਆ ਹੈ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਅਣਪਛਾਤੇ ਡਰਾਈਵਰ ਵਿਰੁੱਧ ਫੇਟ ਮਾਰਨ ’ਤੇ ਮਾਮਲਾ ਦਰਜ

ਪਟਿਆਲਾ, 29 ਮਈ (ਕੌਮੀ ਪੱਤ੍ਰਿਕਾ ਬਿਊਰੋ ) - ਥਾਣਾ ਸਦਰ ਪਟਿਆਲਾ ਦੀ ਪੁਲਿਸ ਨੇ ਸ਼ਿਕਾਇਤਕਰਤਾ ਲਖਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਆਲਮਪੁਰ ਥਾਣਾ ਸਦਰ ਪਟਿਆਲਾ ਦੀ ਸ਼ਿਕਾਇਤ ਦੇ ਆਧਾਰ ’ਤੇ ਜੀਪ ਦੇ ਅਣਪਛਾਤੇ ਡਰਾਈਵਰ ਵਿਰੁੱਧ ਫੇਟ ਮਾਰਨ ’ਤੇ ਧਾਰਾ 279, 427 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ।

ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਲਖਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਹ ਮੋਟਰਸਾਈਕਲ ’ਤੇ ਸਵਾਰ ਹੋ ਕੇ ਪਿੰਡ ਕੌਲੀ ਤੋਂ ਜਦੋਂ ਜਾ ਰਿਹਾ ਸੀ ਤਾਂ ਜੀਪ ਦੇ ਅਣਪਛਾਤੇ ਡਰਾਈਵਰ ਨੇ ਤੇਜ਼ ਰਫਤਾਰ ਨਾਲ ਜੀਪ ਲਿਆ ਕੇ ਉਸਦੇ ਵਿੱਚ ਮਾਰੀ, ਜਿਸ ਨਾਲ ਉਸਦੇ ਕਾਫੀ ਸੱਟਾਂ ਲੱਗੀਆਂ । ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਘੇਰ ਕੇ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀ ਧਮਕੀਆਂ ਦੇ ਦੋਸ਼ ਹੇਠ ਸੱਤ ਵਿਅਕਤੀਆਂ ਵਿਰੁੱਧ ਕੇਸ ਦਰਜ

ਪਟਿਆਲਾ, 29 ਮਈ (ਕੌਮੀ ਪੱਤ੍ਰਿਕਾ ਬਿਊਰੋ ) -ਥਾਣਾ ਕੋਤਵਾਲੀ ਪਟਿਆਲਾ ਦੀ ਪੁਲਿਸ ਨੇ ਸ਼ਿਕਾਇਤਕਰਤਾ ਵਿਜੇ ਪੁੱਤਰ ਬਿੱਲੂ ਵਾਸੀ ਨੇੜੇ ਸੰਧੂ ਧਰਮਕੰਡਾ ਲੱਕੜ ਮੰਡੀ ਪਟਿਆਲਾ ਦੀ ਸ਼ਿਕਾਇਤ ਦੇ ਆਧਾਰ ’ਤੇ ਸੱਤ ਵਿਅਕਤੀਆਂ ਵਿਰੁੱਧ ਘੇਰ ਕੇ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀ ਧਮਕੀਆਂ ਦੇ ਦੋਸ਼ ਹੇਠ ਧਾਰਾ 323, 341, 506, 148, 149 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਵਿਜੇ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ

ਸੁਭਾਸ਼ ਪੁੱਤਰ ਰਿੰਕੂ, ਪੱਪਲ ਪਤਨੀ ਰਿੰਕੂ, ਸੁਮਨ ਪਤਨੀ ਮਨੋਜ, ਮਨੋਜ ਪੁੱਤਰ ਬਿਰਮਾ, ਬੇਬੀ ਪਤਨੀ ਕਾਲਾ, ਕਾਲਾ ਪੁੱਤਰ ਸੁਖਬੀਰਾ, ਮੋਗੀ ਪੁੱਤਰ ਬਿਰਮਾ ਵਾਸੀ ਲੱਕੜ ਮੰਡੀ ਪਟਿਆਲਾ ਨੇ ਘੇਰ ਕੇ ਜਿੱਥੇ ਉਸਦੀ ਕੁੱਟਮਾਰ ਕੀਤੀ, ਉੱਥੇ ਜਾਨੋਂ ਮਾਰਨ ਦੀ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਫਾਜ਼ਿਲਕਾ ’ਚ ਧੀ ਨੇ ਮਾਂ ਦਾ ਕੀਤਾ ਅੰਤਿਮ ਸੰਸਕਾਰ, ਧੀਆਂ ਨੇ ਪੁੱਤਾਂ ਵਾਂਗ ਨਿਭਾਇਆ

ਫਾਜ਼ਿਲਕਾ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੀਆਂ ਦੋ ਬੇਟੀਆਂ ਨੇ ਅੱਜ ਬੇਟੇ ਬਣ ਕੇ ਅਜਿਹਾ ਕੀਤਾ, ਜਿਸ ਨੂੰ ਦੇਖ ਕੇ ਹਰ ਕੋਈ ਭਾਵੁਕ ਹੋ ਗਿਆ। ਦਰਅਸਲ, ਸਥਾਨਕ ਅਮਰ ਕਲੋਨੀ ਦੇ ਰਹਿਣ ਵਾਲੇ ਨਰੇਸ਼ ਗਿਲਹੋਤਰਾ ਦੀ ਪਤਨੀ ਸ੍ਰੀਮਤੀ ਨੀਲਮ ਗਿਲਹੋਤਰਾ ਦਾ ਸ਼ੁੱਕਰਵਾਰ ਨੂੰ ਦੇਹਾਂਤ ਹੋ ਗਿਆ ਸੀ।

ਮਾਂ ਦੀ ਮੌਤ ’ਤੇ ਉਨ੍ਹਾਂ ਦੀਆਂ ਦੋ ਧੀਆਂ ਗੌਰੀ ਗਿਲਹੋਤਰਾ ਅਤੇ ਆਰਤੀ ਭਠੇਜਾ ਨੇ ਮਿਲ ਕੇ ਆਪਣੇ ਪੁੱਤਰ ਦਾ ਫਰਜ਼ ਨਿਭਾਇਆ।

ਸਸਕਾਰ ਦੌਰਾਨ ਮਾਂ ਦੀ ਅੰਤਿਮ ਯਾਤਰਾ ਤੋਂ ਲੈ ਕੇ ਸ਼ਮਸ਼ਾਨਘਾਟ ਵਿੱਚ ਚਿਤਾ ਨੂੰ ਅਗਨ ਭੇਟ ਕਰਨ ਤੱਕ ਦਾ ਕੰਮ ਧੀਆਂ ਨੇ ਕੀਤਾ। ਇਹ ਨਜ਼ਾਰਾ ਦੇਖ ਕੇ ਮੌਕੇ ’ਤੇ ਮੌਜੂਦ ਹਰ ਕੋਈ ਭਾਵੁਕ ਹੋ ਗਿਆ। ਦੋਵੇਂ ਧੀਆਂ ਆਪਣੀ ਮਾਂ ਦੀ ਅਰਥੀ ਨੂੰ ਮੋਢਾ ਦੇ ਕੇ ਉਨ੍ਹਾਂ ਦੇ ਨਾਲ ਸ਼ਮਸ਼ਾਨਘਾਟ ਲਈ ਗਈਆਂ। ਉੱਥੇ ਬੇਟੀਆਂ ਨੇ ਆਪਣੀ ਸਵਰਗਵਾਸੀ ਮਾਂ



ਨੀਲਮ ਗਿਲਹੋਤਰਾ ਦਾ ਅੰਤਿਮ ਸੰਸਕਾਰ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਕੀਤਾ ਅਤੇ ਬੇਟੀ ਆਰਤੀ ਭਠੇਜਾ ਨੇ ਹੰਝੂ ਭਰੀਆਂ ਅੱਖਾਂ ਨਾਲ ਆਪਣੀ ਮਾਂ ਦਾ ਅੰਤਿਮ ਸੰਸਕਾਰ ਕੀਤਾ।

ਲੋਕਾਂ ਦਾ ਕਹਿਣਾ ਹੈ ਕਿ ਅੱਜ ਧੀਆਂ ਨੇ ਪੁਰਾਣੇ ਵਿਸ਼ਵਾਸਾਂ ਤੋਂ ਪਰੇ ਜਾ ਕੇ ਪੁੱਤਰਾਂ ਦਾ ਫਰਜ਼ ਨਿਭਾਇਆ ਹੈ। ਜਿਸ ਕਿਸੇ ਨੇ ਵੀ ਧੀਆਂ ਨੂੰ ਮਾਂ ਦੀ ਬੇੜੀ ਨਾਲ ਮੋਢਾ ਲਾਉਂਦਿਆਂ ਦੇਖਿਆ, ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਸਨ। ਦੋਵੇਂ ਧੀਆਂ ਨੀਲਮ ਗਿਲਹੋਤਰਾ ਅਤੇ ਆਰਤੀ ਭਠੇਜਾ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਨਾ ਸਿਰਫ਼ ਆਪਣੇ ਮਾਪਿਆਂ ਦੀਆਂ ਧੀਆਂ ਹਨ, ਸਗੋਂ ਪੁੱਤਰ ਬਣ ਕੇ ਵੀ ਸਮਾਜ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਦੀਆਂ ਹਨ।

## ਲਗਾਤਾਰ ਪਤਵੰਤਿਆਂ ਤੱਕ ਪਹੁੰਚ ਕਰਕੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੂੰ ਸਮਰਥਨ ਜੁਟਾ ਰਹੇ ਹਨ ਹਰਜੋਤ ਬੈਂਸ

ਸ੍ਰੀ ਅਨੰਦਪੁਰ ਸਾਹਿਬ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਲੋਕ ਸਭਾ ਚੋਣਾਂ ਲਈ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੇ ਹੱਕ ਵਿਚ ਲਗਾਤਾਰ ਚੋਣ ਪ੍ਰਚਾਰ



ਵਿੱਚ ਦਿਨ ਰਾਤ ਜੁਟੇ ਹੋਏ ਕੈਬਨਿਟ ਮੰਤਰੀ ਹਰਜੋਤ ਬੈਂਸ ਇਨ੍ਹੀ ਦਿਨੀ ਸ਼ਹਿਰਾ ਤੇ ਪਿੰਡਾਂ ਵਿਚ ਪਤਵੰਤਿਆਂ ਤੱਕ ਪਹੁੰਚ ਕਰਕੇ ਆਪਣੀ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਸਮਰਥਨ ਜੁਟਾ ਰਹੇ ਹਨ। ਉਨ੍ਹਾਂ ਦੇ ਨਿਰੰਤਰ ਉਪਰਾਲਿਆਂ ਨਾਲ ਰੋਜ਼ਾਨਾ ਆਗੂ ਅਤੇ ਵਰਕਰ ਆਮ ਆਦਮੀ ਪਾਰਟੀ ਵਿੱਚ ਸਾਮਿਲ ਹੋ ਕੇ ਸਮਰਥਨ ਦੇ ਰਹੇ ਹਨ, ਜਿਸ ਨਾਲ ਪਾਰਟੀ ਉਮੀਦਵਾਰ ਨੂੰ ਭਰਵਾ ਹੁਲਾਰਾ ਮਿਲਿਆ ਹੈ।

ਹਰਜੋਤ ਬੈਂਸ ਕੈਬਨਿਟ ਮੰਤਰੀ ਨੇ ਰਿਕਾਰਡ 58 ਪ੍ਰਤੀਸ਼ਤ ਵੋਟਾਂ ਲੈ ਕੇ ਵਿਧਾਨ ਸਭਾ ਚੋਣਾਂ ਦੌਰਾਨ 2022 ਵਿੱਚ ਰਿਕਾਰਡ ਜਿੱਤ ਹਾਸਲ ਕੀਤੀ। ਉਹ ਇਸ ਇਲਾਕੇ ਵਿੱਚ ਆਪਣਾ ਇਹ ਪ੍ਰਭਾਵ ਪੂਰੀ ਤਰਾਂ ਕਾਇਮ ਰੱਖਣ ਲਈ ਪਾਰਟੀ ਉਮੀਦਵਾਰ ਦੇ ਹੱਕ ਵਿਚ ਸਮਰਥਨ ਜੁਟਾ ਰਹੇ ਹਨ।

ਕੁਝ ਸਮਾਂ ਪਹਿਲਾ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਪਿੰਡਾਂ ਵਿਚ ਲੱਗੇ ਕੈਂਪਾਂ ਦੌਰਾਨ ਉਨ੍ਹਾਂ ਨੇ 100 ਤੋ ਵੱਧ ਕੈਂਪਾਂ ਵਿਚ ਸਮੂਲੀਅਤ ਕਰਕੇ ਲੋਕਾਂ ਨਾਲ ਆਪਣਾ ਰਾਬਤਾ ਹੋਰ ਬਿਹਤਰ ਢੰਗ ਨਾਲ ਜੋੜ ਲਿਆ ਹੈ, ਆਪਣੇ ਆਪ ਨੂੰ ਹਲਕੇ ਦੇ ਲੋਕਾਂ ਦਾ ਪੁੱਤ ਤੇ ਭਰਾਂ ਦੱਸਣ ਵਾਲੇ ਕੈਬਨਿਟ ਮੰਤਰੀ ਨੂੰ ਇਸ ਇਲਾਕੇ ਦੇ ਲੋਕਾਂ ਵੱਲੋਂ ਭਰਪੂਰ ਸਮਰਥਨ ਦਿੱਤਾ ਜਾ ਰਿਹਾ ਹੈ, ਜਿਸ ਦਾ ਸਿੱਧੇ ਰੂਪ ਵਿਚ ਲਾਭ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੂੰ ਹੋ ਰਿਹਾ ਹੈ।

ਪਤਵੰਤਿਆਂ ਤੱਕ ਪਹੁੰਚ ਕੀਤੀ ਜਾ ਰਹੀ ਹੈ, ਨੁੱਕੜ ਮੀਟਿੰਗਾਂ ਤੇ ਸਾਝੀ ਸੱਥ ਵਿੱਚ ਲੋਕਾਂ ਨਾਲ ਰਾਬਤਾ ਰੱਖਿਆ ਜਾ ਰਿਹਾ ਹੈ। ਸਰਪੰਚ, ਪੰਚ, ਕੋਸਲਰ ਤੇ ਹੋਰ ਕਲੱਬਾ, ਸੰਸਥਾਵਾ, ਸੁਸਾਇਟੀਆਂ ਦੇ ਆਗੂ ਲਗਾਤਾਰ ਮਾਲਵਿੰਦਰ ਕੰਗ ਦੇ ਸਮਰਥਨ ਵਿਚ ਆ ਰਹੇ ਹਨ।

ਹਲਕੇ ਦੇ ਵੱਖ ਵੱਖ ਜਗ੍ਹਾ ਥੱਪਲ, ਤਾਰਾਪੁਰ, ਰਾਏਪੁਰ ਸਾਹਨੀ, ਭਨੂਪਲੀ, ਬ੍ਰਹਮਪੁਰ, ਖਾਨਪੁਰ, ਭਲੜੀ, ਬੇਲੀ, ਭਰਤਗੜ੍ਹ,ਜਵਾਹਰ ਮਾਰਕੀਟ, ਗੋਹਲਣੀ,ਗਗ,ਨੰਗਲ, ਪ੍ਰਿਥੀਪੁਰ, ਅਗੰਮਪੁਰ, ਬੇਲਾ ਧਿਆਨੀ, ਸ੍ਰੀ ਅਨੰਦਪੁਰ ਸਾਹਿਬ ,ਸ੍ਰੀ ਕੀਰਤਪੁਰ ਸਾਹਿਬ ਤੇ ਹੋਰ ਵੱਖ ਵੱਖ ਪਿੰਡਾਂ ਦੇ ਵਿੱਚ ਵਿਚ ਹੋਏ ਸਮਾਗਮਾਂ ਦੌਰਾਨ ਆਗੂਆਂ ਦੀ ਸਮੂਲੀਅਤ ਨੇ ਰਾਜਨੀਤਿਕ ਸਮੀਕਰਣ ਬਦਲ ਦਿੱਤੇ ਹਨ। ਮਾਲਵਿੰਦਰ ਕੰਗ ਦੇ ਹੱਕ ਵਿਚ ਨਿਰੰਤਰ ਲੋਕ ਜੁੜ ਰਹੇ ਹਨ, ਜਿਸ ਨਾਲ ਵਰਕਰਾਂ ਦਾ ਉਤਸ਼ਾਹ ਹੋਰ ਵੱਧ ਰਿਹਾ ਹੈ।

## ਤਲਵੰਡੀ ਨੂੰ ਅਖਿਲ ਭਾਰਤੀ ਜੱਟ ਮਹਾਸਭਾ ਦਾ ਕੌਮੀ ਸਕੱਤਰ ਨਿਯੁਕਤ ਕੀਤਾ

ਚੰਡੀਗੜ੍ਹ, 29 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੰਗਠਨ ਦੁਆਰਾ ਇਵੈਂਟ ਵਿੱਚ ਗੁਰਜੀਤ ਸਿੰਘ ਤਲਵੰਡੀ ਨੇ ਪ੍ਰੈਸ ਨਾਲ ਗੱਲ ਕਰਦਿਆਂ ਕਿਹਾ, ÷ਜ਼ਰੂਰਤ ਹੈ ਜੱਟ ਭਾਈਚਾਰੇ ਨੂੰ ਮਜ਼ਬੂਤ ਬਣਾਉਣ ਅਤੇ ਇਕਜੁੱਟ ਕਰਨ ਦੀ ਅਤੇ ਅਗਲੀ ਲੀਡਰਸ਼ਿਪ ਨੂੰ ਤਿਆਰ ਕਰਨ ਦੀ। ਉਨ੍ਹਾਂ ਕਿਹਾ, ÷ਕੌਮੀ ਪਾਰਟੀਆਂ ਨੇ ਨਾਂ ਕੇਵਲ ਜੱਟ ਭਾਈਚਾਰੇ ਨੂੰ ਆਰਥਿਕ ਤੌਰ ਤੇ ਉਜਾੜ ਦਿੱਤਾ ਹੈ, ਬਲਕਿ ਰਵਾਇਤੀ ਜੱਟ ਬਹੁਗਿਣਤੀ ਵਾਲੇ ਰਾਜਾਂ ਵਿੱਚ ਵੀ ਜੱਟ ਲੀਡਰਸ਼ਿਪ ਨੂੰ ਵੱਡੇ ਅਹੁਦੇ ਲਈ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਕਿਹਾ, ਕ੍ਰਿਸ਼ੀ-ਸਭਿਆਚਾਰਕ ਜੜਾਂ ਵਾਲੀਆਂ ਰਵਾਇਤੀ ਰਾਜੀ ਪਾਰਟੀਆਂ ਨੂੰ ਮਜ਼ਬੂਤ ਬਣਾਉਣਾ ਜਵਾਬ ਹੈ।

ਸੰਸਥਾ ਦੇ ਸਿਨਿਅਰ ਉਪ-ਪ੍ਰਧਾਨ ਹਰਪਾਲ ਸਿੰਘ ਹਰਿਪੁਰਾ ਨੇ ਪ੍ਰੈਸ ਨਾਲ ਗੱਲ ਕਰਦਿਆਂ ਕਿਹਾ, ÷ਅਸੀਂ ਜੱਟ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹਾਂ ਅਤੇ ਇੱਕ ਨੀਤੀ ਦੇ ਤੌਰ ਤੇ ਅਸੀਂ ਨਵੀਂ ਲੀਡਰਸ਼ਿਪ ਨੂੰ ਸ਼ਾਮਲ ਕਰਨਾ ਸ਼ੁਰੂ ਕੀਤਾ ਹੈ ਜੋ ਸਾਡੀ




ਜ਼ਿਆਦਤੀ ਅਤੇ ਜ਼ਜ਼ਬੇ ਨੂੰ ਸਾਂਝਾ ਕਰਦੀ ਹੈ ਤਾਕਿ ਭਾਈਚਾਰੇ ਨੂੰ ਕੌਮੀ ਪੱਧਰ ਤੇ ਬਚਾਇਆ ਜਾ ਸਕੇ।

ਇਹ ਉਲਲੇਖਣਯੋਗ ਹੈ ਕਿ ਸੰਸਥਾ ਦੇ ਮੌਜੂਦਾ ਕੌਮੀ ਪ੍ਰਧਾਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਨ ਅਤੇ ਉਨ੍ਹਾਂ ਦੀ ਧੀ ਜੈ ਇੰਦਰ ਪੰਜਾਬ ਯੂਨਿਟ ਦੇ ਮਹਿਲਾ ਵਿੰਗ ਦੀ ਮੁਖੀ ਹੈ। ਹਾਲ ਹੀ ਵਿੱਚ ਦੂਜੇ ਇਵੈਂਟ ਵਿੱਚ ਫਤਿਹ ਜੰਗ ਬਾਜਵਾ ਦੇ ਬੇਟੇ ਕਨਵਰ ਪਰਤਾਪ ਬਾਜਵਾ ਨੂੰ ਪੰਜਾਬ ਯੂਨਿਟ ਦਾ ਯੂਥ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਅਖਿਲ ਭਾਰਤੀ ਜੱਟ ਮਹਾਸਭਾ, ਜੋ 1907 ਵਿੱਚ ਸਰ ਛੋਟੂ ਰਾਮ ਦੁਆਰਾ ਸਥਾਪਿਤ ਕੀਤੀ ਗਈ ਸੀ, ਉੱਤਰੀ ਅਤੇ ਕੇਂਦਰੀ ਪੱਟੀ ਦੇ ਦੇਸ਼ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਜੱਟ ਭਾਈਚਾਰੇ ਦੀ ਪ੍ਰਤੀਨਿਧੀ ਸੰਸਥਾ ਹੈ। ਗੁਰਜੀਤ ਸਿੰਘ ਤਲਵੰਡੀ ਅਕਾਲੀ ਦਲੇਦਾਰ ਅਤੇ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪੋਤਰੇ ਹਨ ਅਤੇ ਇਸ ਵੇਲੇ ਸ਼ਿਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਦੇ ਰੂਪ ਵਿੱਚ ਸੇਵਾ ਨਿਭਾ ਰਹੇ ਹਨ।

ਗੁਰਜੀਤ ਸਿੰਘ ਤਲਵੰਡੀ ਸ਼ਿਰੋਮਣੀ ਅਕਾਲੀ ਦਲ ਲਈ ਨੈੜਾ ਸੈੱਟ ਕਰਨ ਵਾਲੀ ਮੁੱਖ ਹਸਤੀ ਵਜੋਂ ਸਾਹਮਣੇ ਆਏ ਸਨ, ਜਦੋਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖਿਲਾਫ 12,756 ਪੰਚਾਇਤਾਂ ਦੇ ਵਿਘਟਨ ਦੇ ਖਿਲਾਫ ਪਾਇਲਾਂ ਦਰਜ ਕੀਤੀ ਸਨ ਅਤੇ ਸਰਕਾਰ ਨੂੰ ਆਪਣੀ ਸੂਚਨਾ ਵਾਪਸ ਲੈਣ ਲਈ ਮਜਬੂਰ ਕੀਤਾ ਸੀ, ਜਿਸ ਨਾਲ ਇਸਨੂੰ ਵੱਡੀ ਸ਼ਰਮਿਨਗੀ ਹੋਈ ਅਤੇ ਦੋ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਨੂੰ ਸਸਪੈਂਡ ਕਰਨਾ ਪਿਆ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਸ ਯੂ-ਟਰਨ ਨੇ ਸ਼ਿਰੋਮਣੀ ਅਕਾਲੀ ਦਲ ਨੂੰ ਆਪਣੀ ਮੁਹਿੰਮ ਵਿੱਚ ਬਹੁਤ ਜ਼ਰੂਰੀ ਮੋਮੈਂਟਮ ਦਿੱਤਾ, ਜਦਕਿ ਤਲਵੰਡੀ ਨੇ ਆਪਣੀ ਸਥਿਤੀ ਮਜ਼ਬੂਤ ਕੀਤੀ।

ਇੱਕ ਸਾਂਝੇ ਬਿਆਨ ਵਿੱਚ ਜੰਮੂ ਸੂਬੇ ਦੇ ਪ੍ਰਧਾਨ ਅਤੇ ਸਾਬਕਾ ਮੇਅਰ ਜੰਮੂ ਚੌਧਰੀ ਮਯੂਰ ਸਿੰਘ ਅਤੇ ਜਨਰਲ ਸਕੱਤਰ (ਇੰਚਾਰਜ) ਅਜਾਇਬ ਬੋਪਾਰਾਈ ਨੇ ਕਿਹਾ ਕਿ ਅਸੀਂ ਪੰਜਾਬ ਵਿੱਚ ਇੱਕ ਨਵੀਂ ਬਾਡੀ ਬਣਾਉਣ ਜਾ ਰਹੇ ਹਾਂ ਅਤੇ ਸੂਬੇ ਦੇ ਹਰ ਜ਼ਿਲ੍ਹੇ ਤੋਂ ਪ੍ਰਤੀਨਿਧਤਾ ਨੂੰ ਯਕੀਨੀ ਬਣਾਵਾਂਗੇ। ਉਨ੍ਹਾਂ ਕਿਹਾ ਕਿ ਸੰਗਠਨ ਇਤਿਹਾਸਕ ਤੌਰ ਤੇ ਭਾਈਚਾਰੇ ਨੂੰ ਪ੍ਰਚਾਰਿਤ ਕਰ ਰਹੀ ਹੈ ਅਤੇ ਕੌਮੀ ਪੱਧਰ ਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕਰ ਰਹੀ ਹੈ।

## ਰਾਜਾ ਵੜਿੰਗ ਨੇ ਬਿੱਟੂ 'ਤੇ ਕੱਸਿਆ ਤੰਜ, ਕਿਹਾ- ''ਬਿੱਟੂ ਦੌੜ 'ਚ ਕਿਤੇ ਨਹੀਂ, ਤਾਂ ਹੀ ਮੋਦੀ ਤੇ ਯੋਗੀ ਨਹੀਂ ਆਏ ਲੁਧਿਆਣਾ''

ਲੁਧਿਆਣਾ 29 ਮਈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ ਉਨ੍ਹਾਂ ਦੀ ਨਵੀਂ ਪਾਰਟੀ ਭਾਰਤੀ ਜਨਤਾ ਪਾਰਟੀ ਨੇ ਹੀ ਪੂਰੀ ਤਰ੍ਹਾਂ ਛੱਡ ਕੇ ਕਿਨਾਰਾ ਕਰ ਲਿਆ ਹੈ। ਲੁਧਿਆਣਾ 'ਚ ਵੱਖ-ਵੱਖ ਜਨ



ਸਭਾਵਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਖੁਲਾਸਾ ਕੀਤਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਲੁਧਿਆਣਾ 'ਚ ਆਪਣੇ ਪ੍ਰੋਗਰਾਮ ਰੱਦ ਕਰ ਦਿੱਤੇ ਕਿਉਂਕਿ ਉਨ੍ਹਾਂ ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਬਿੱਟੂ ਦੌੜ 'ਚ ਕਿਤੇ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਹਰ ਸੀਟ 'ਤੇ ਕਾਂਗਰਸ ਬਾਕੀ ਸਾਰੀਆਂ ਪਾਰਟੀਆਂ ਤੋਂ ਕਾਫੀ ਅੱਗੇ ਹੈ। ਲੁਧਿਆਣਾ ਦੀ ਤਰੱਕੀ ਤੋਂ ਇਲਾਵਾ ਰਾਸ਼ਟਰੀ ਪੱਧਰ 'ਤੇ ਆਪਣੀਆਂ ਪਾਰਟੀਆਂ ਦੀਆਂ ਗਾਰੰਟੀਆਂ ਨੂੰ ਸਿਰੇ ਚੜ੍ਹਾਉਣਗੇ। ਲੁਧਿਆਣਾ ਪੰਜਾਬ ਦੀ ਉਦਯੋਗਿਕ ਰਾਜਧਾਨੀ ਹੈ, ਜੋ ਪੰਜਾਬ ਅਤੇ ਕੇਂਦਰ ਨੂੰ ਜ਼ਿਆਦਾ ਰੈਵੇਨਿਊ ਦਿੰਦਾ ਹੈ ਅਤੇ ਕੋਈ ਕਾਰਨ ਨਹੀਂ ਹੈ ਕਿ ਸ਼ਹਿਰ 'ਤੇ ਵਿਕਾਸ ਦੇ ਮਾਮਲੇ 'ਚ ਵਿਸ਼ੇਸ਼ ਧਿਆਨ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਗਰੀਬਾਂ ਨੂੰ ਮਿਲਣ ਵਾਲਾ ਮੁਫਤ ਰਾਸ਼ਨ ਦੁੱਗਣਾ ਕੀਤਾ ਜਾਵੇਗਾ, ਨਾਲ ਹੀ ਉਨ੍ਹਾਂ ਨੂੰ ਹਰ ਮਹੀਨੇ 8500 ਰੁਪਏ ਵੀ ਮਿਲਣਗੇ। ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਆਧਾਰ 'ਤੇ ਉਨ੍ਹਾਂ ਦੀਆਂ ਫਸਲਾਂ ਦੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਤੈਅ ਕੀਤੀ ਜਾਵੇਗੀ।

## ਨਾਬਾਲਗ ਬੱਚੀ ਨੂੰ ਅਗਵਾ ਤੇ ਜਬਰ-ਜਿਨਾਹ ਮਾਮਲੇ 'ਚ 25 ਸਾਲ ਬਾਅਦ ਫੈਸਲਾ

ਚੰਡੀਗੜ੍ਹ 29 ਮਈ। ਇੱਟਾਂ ਦੇ ਭੱਠੇ 'ਤੇ ਕੰਮ ਕਰਨ ਵਾਲੀ ਨਾਬਾਲਗ ਬੱਚੀ ਨੂੰ 25 ਸਾਲ ਪਹਿਲਾਂ ਅਗਵਾ ਕਰਕੇ ਜਬਰ-ਜ?ਿਨਾਹ ਕਰਨ ਦੇ ਮਾਮਲੇ 'ਚ ਜ?ਿਲ੍ਹਾ ਅਦਾਲਤ ਨੇ ਸ਼ੁੱਕਰਵਾਰ ਨੂੰ ਹਰੀ ਚੰਦ, ਪ੍ਰੀਤਮ ਅਤੇ ਵੀਰਮਤੀ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਅਦਾਲਤ ਨੇ 10 ਸਾਲ ਪਹਿਲਾਂ ਮੁਲਜਮ ਮਹਿੰਦਰ ਨੂੰ ਬਰੀ ਕਰ ਦਿੱਤਾ ਸੀ, ਜਦੋਂਕਿ ਪ੍ਰੇਮਪਾਲ ਅਤੇ ਸੀਸਪਾਲ ਦੀ ਟ੍ਰਾਈਲ ਦੌਰਾਨ ਮੌਤ ਹੋ ਗਈ ਸੀ। ਮਨੀਮਾਜਰਾ ਥਾਣਾ ਪੁਲਸ ਨੇ 15 ਦਸੰਬਰ 1999 ਨੂੰ ਮਾਮਲਾ ਦਰਜ ਕੀਤਾ ਸੀ। ਸ?ਿਕਾਇਤਕਰਤਾ ਪਿਤਾ ਨੇ ਦੱਸਿਆ ਸੀ ਕਿ ਕੁੱਝ ਲੋਕਾਂ ਨੇ ਕੁੜੀ ਨੂੰ ਅਗਵਾ ਕਰ ਲਿਆ ਸੀ। ਮਾਮਲੇ ਵਿਚ ਪੁਲਸ ਨੇ ਪਹਿਲਾਂ ਪ੍ਰੇਮਪਾਲ ਨੂੰ ਗ੍ਰਿਫਤਾਰ ਕੀਤਾ ਸੀ, ਪਰ ਬਾਕੀ ਮੁਲਜਮਾਂ ਵੀਰਮਤੀ, ਮਹਿੰਦਰ, ਪ੍ਰੀਤਮ ਸਿੰਘ ਅਤੇ ਸੀਸਪਾਲ ਨੂੰ ਭਗੌੜਾ ਐਲਾਨ ਦਿੱਤਾ। ਮਹਿੰਦਰ ਨੂੰ ਪੁਲਸ ਨੇ ਦਸੰਬਰ 2012 ਵਿਚ ਗ੍ਰਿਫਤਾਰ ਕੀਤਾ ਸੀ। ਉਸ ਖ਼ਿਲਾਫ ਕੇਸ ਚੱਲਿਆ, ਪਰ ਉਹ ਬਰੀ ਹੋ ਗਿਆ। ਇਸ ਤੋਂ ਬਾਅਦ ਬਾਕੀ ਮੁਲਜ਼ਮਾਂ ਨੂੰ ਪੁਲਿਸ ਨੇ 11 ਅਗਸਤ 2023 ਨੂੰ ਗ੍ਰਿਫਤਾਰ ਕਰ ਲਿਆ ਸੀ।

# ਮੌਜੂਦਾ ਸਮੇਂ ਦੌਰਾਨ ਅੱਗ ਉਗਲ ਰਹੀ ਗਰਮੀ ਕਾਰਨ ਬਿਜਲੀ ਦੀ ਮੰਗ 'ਚ ਭਾਰੀ ਵਾਧਾ ਹੋਇਆ

ਕ੍ਰਿਸ਼ਨ ਪਾਲ

ਲੁਧਿਆਣਾ 29 ਮਈ। ਮੌਜੂਦਾ ਸਮੇਂ ਦੌਰਾਨ ਅੱਗ ਉਗਲ ਰਹੀ ਗਰਮੀ ਕਾਰਨ ਬਿਜਲੀ ਦੀ ਮੰਗ 'ਚ ਭਾਰੀ ਵਾਧਾ ਹੋਇਆ ਹੈ। ਅਜਿਹੇ 'ਚ ਬਿਜਲੀ ਦੀ ਵੱਧਦੀ ਮੰਗ ਅਤੇ ਬਾਰਸ਼ ਨਾ ਹੋਣ ਕਾਰਨ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਦੀਆਂ ਟੈਨਸ਼ਨਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਸਰੀਰ ਨੂੰ ਝੁਲਸਾ ਦੇਣ ਵਾਲੀ ਗਰਮੀ 'ਚ ਬਿਜਲੀ ਦੀ ਖਪਤ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਹਾਲਾਤ ਇਹ ਬਣੇ ਹੋਏ ਹਨ ਕਿ ਪੰਜਾਬ ਦੇ ਕਈ ਇਲਾਕਿਆਂ 'ਚ ਪਾਰਾ 46 ਡਿਗਰੀ ਤੋਂ ਪਾਰ ਹੋ ਚੁੱਕਾ ਹੈ ਅਤੇ ਹਾਲ ਦੀ ਘੜੀ ਬਾਰਸ਼ ਪੈਣ ਦੇ ਕੋਈ ਅਸਾਰ ਦਿਖਾਈ ਨਹੀਂ ਦੇ ਰਹੇ ਹਨ। ਅਜਿਹੇ 'ਚ ਲੋਕ ਸਭਾ ਚੋਣਾਂ ਸਮੇਤ ਰਾਜ 'ਚ ਝੋਨੇ ਦੀ ਬਿਜਾਈ ਦਾ ਸੀਜ਼ਨ ਸਿਰ 'ਤੇ ਹੈ, ਜਦੋਂ ਕਿ ਆਸਮਾਨ ਤੋਂ ਅੱਗ ਵਾਂਗ ਵਰ੍ਹ ਰਹੀ ਭਿਆਨਕ ਗਰਮੀ ਦੌਰਾਨ ਬਿਜਲੀ ਦੀ ਮੰਗ ਮੁਤਾਬਕ ਪੈਦਾਵਾਰ ਨਾ ਹੋਣ ਕਾਰਨ ਪੰਜਾਬ ਦੇ ਕਈ ਇਲਾਕਿਆਂ 'ਚ ਬਿਜਲੀ ਦੇ ਲੱਗ ਰਹੇ ਅਣ-ਐਲਾਨੇ ਕੱਟ ਲੋਕਾਂ ਦੇ ਸੜੇ 'ਤੇ ਲੂਣ ਛਿੜਕਣ ਦਾ ਕੰਮ ਕਰ ਰਹੇ ਹਨ। ਅਜਿਹੇ 'ਚ ਆਉਣ ਵਾਲੇ ਦਿਨਾਂ 'ਚ ਪੰਜਾਬ ਭਰ 'ਚ ਝੋਨੇ ਦੀ ਬਿਜਾਈ ਦਾ ਸੀਜ਼ਨ ਸ਼ੁਰੂ ਹੋਣ 'ਤੇ ਹਾਲਾਤ ਹੋਰ ਵੀ ਜ਼ਿਆਦਾ ਭਿਆਨਕ ਹੋ ਸਕਦੇ ਹਨ। ਹੁਣ ਜੇਕਰ ਗੱਲ ਕੀਤੀ ਜਾਵੇ ਸਾਲ 2023 ਦੇ ਮੁਕਾਬਲੇ ਸਾਲ 2024 ਮਈ ਮਹੀਨੇ ਦੌਰਾਨ ਬਿਜਲੀ ਦੀ ਵਧੀ ਮੰਗ ਦੀ ਤਾਂ ਇਸ 'ਚ ਕਰੀਬ 25 ਫੀਸਦੀ ਦਾ ਭਾਰੀ ਵਾਧਾ ਹੋਇਆ ਹੈ, ਜਦੋਂ ਕਿ ਅਪ੍ਰੈਲ 'ਚ ਵੀ ਪਿਛਲੇ ਸਾਲ ਦੇ ਮੁਕਾਬਲੇ ਬਿਜਲੀ ਦੀ ਮੰਗ 'ਚ 10 ਫੀਸਦੀ ਤੱਕ ਦਾ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਅਜਿਹੇ 'ਚ ਜੇਕਰ ਮੌਸਮ ਨੇ ਸਾਥ ਨਾ ਦਿੱਤਾ ਤਾਂ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਵੱਲੋਂ ਪੰਜਾਬ ਦੀ ਜਨਤਾ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਸਬੰਧੀ ਕੀਤੇ



ਦਾਅਵਿਆਂ ਦੀ ਪੋਲ ਖੁੱਲ੍ਹਣ 'ਚ ਜ਼ਿਆਦਾ ਸਮਾਂ ਨਹੀਂ ਲੱਗੇਗਾ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵੱਲੋਂ ਜਾਰੀ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਵਿਭਾਗ ਵੱਲੋਂ ਪਿਛਲੇ ਸਾਲ ਮਈ ਮਹੀਨੇ 'ਚ 10386 ਮੈਗਾਵਾਟ ਦੇ ਮੁਕਾਬਲੇ ਮੌਜੂਦਾ ਸਮੇਂ ਰੋਜਾਨਾ 14514 ਮੈਗਾਵਾਟ ਬਿਜਲੀ ਦੀ ਸਪਲਾਈ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 40 ਫੀਸਦੀ ਵੱਧ ਹੈ। ਮੌਜੂਦਾ ਸਾਲ ਦੇ ਅਪ੍ਰੈਲ 'ਚ ਵੀ ਵੱਧ ਤੋਂ ਵੱਧ ਸਪਲਾਈ 10011 ਮੈਗਾਵਾਟ ਰਹੀ, ਜਦੋਂਕਿ ਅਪ੍ਰੈਲ 2023 'ਚ ਬਿਜਲੀ ਸਪਲਾਈ ਦਾ ਇਹ ਅੰਕੜਾ 8143 ਮੈਗਾਵਾਟ ਰਿਹਾ। ਇਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੋਵੇਗਾ ਕਿ ਉਦਯੋਗਿਕ ਸ਼ਹਿਰ ਲੁਧਿਆਣਾ 'ਚ ਕਈ ਵੱਡੀਆਂ ਇੰਡਸਟਰੀਜ ਤੇ ਉਦਯੋਗਿਕ ਘਰਾਣੇ ਸਥਾਪਿਤ ਹਨ, ਜੋ ਇਕ ਇੰਡਸਟਰੀਜ ਨੂੰ ਬਿਜਲੀ ਦੀ ਉੱਚਿਤ ਸਪਲਾਈ ਨਾ ਮਿਲਣ ਕਾਰਨ ਸਮੇਂ-ਸਮੇਂ 'ਤੇ ਆਪਣਾ ਵਿਰੋਧ ਜਤਾਉਂਦੇ ਰਹਿੰਦੇ ਹਨ। ਇੱਥੇ ਅਜਿਹਾ ਨਹੀਂ ਹੈ ਕਿ ਪੰਜਾਬ 'ਚ ਝੋਨੇ ਦੀ ਬਿਜਾਈ ਕਰਨ ਅਤੇ ਗਰਮੀਆਂ ਦਾ ਸੀਜ਼ਨ ਪਹਿਲੀ ਵਾਰ ਜਾਂ ਫਿਰ ਅਚਾਨਕ ਆਇਆ ਹੋਵੇ ਅਤੇ ਇਸ ਦੌਰਾਨ ਬਿਜਲੀ ਦੀ ਮੰਗ ਅਚਾਨਕ ਵਧੀ ਹੈ, ਸਗੋਂ ਇਸ ਗੱਲ ਨੂੰ ਪਾਵਰਕਾਮ ਵਿਭਾਗ ਦੇ ਅਧਿਕਾਰੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਰਾਜ 'ਚ ਝੋਨੇ ਦੀ ਬਿਜਾਈ ਅਤੇ ਗਰਮੀਆਂ ਦੇ ਦਿਨਾਂ 'ਚ ਬਿਜਲੀ ਦੀ ਮੰਗ ਹਰ ਸਾਲ ਵੱਧ ਜਾਂਦੀ ਹੈ ਤਾਂ ਫਿਰ ਕਿਉਂ ਨਹੀਂ ਅਧਿਕਾਰੀਆਂ ਵੱਲੋਂ ਸਮਾਂ ਰਹਿੰਦੇ ਇਸ ਅਹਿਮ ਮਸਲੇ 'ਤੇ ਗੌਰ ਕੀਤਾ ਗਿਆ। ਇਹ ਇਕ ਵੱਡਾ ਸਵਾਲ ਹੈ। ਇਸ ਸਭ 'ਚ ਵਿਭਾਗੀ ਅਧਿਕਾਰੀਆਂ ਵੱਲੋਂ ਸਰਦੀਆਂ ਦੇ ਦਿਨਾਂ 'ਚ ਬਾਰਸ਼ ਘੱਟ ਹੋਣ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਜਦੋਂਕਿ ਮੌਜੂਦਾ ਸਮੇਂ ਦੌਰਾਨ ਵੀ ਮਾਨਸੂਨ ਲੇਟ ਹੋਣ ਕਾਰਨ ਬਾਰਸ਼ ਨਾ ਹੋਣਾ ਬਿਜਲੀ ਦੀ ਲਗਾਤਾਰ ਵੱਧਦੀ ਮੰਗ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਅਜਿਹੇ 'ਚ ਜੇਕਰ ਆਉਣ ਵਾਲੇ ਦਿਨਾਂ 'ਚ ਪੰਜਾਬ 'ਚ ਮੀਂਹ ਪੈਣ ਕਾਰਨ ਮੌਸਮ 'ਚ ਬਦਲਾਅ ਆਉਂਦਾ ਹੈ ਤਾਂ ਤਾਪਮਾਨ ਘੱਟ ਹੋਣ ਕਾਰਨ ਬਿਜਲੀ ਦੀ ਮੰਗ 'ਚ ਸੁਧਾਰ 'ਤੇ ਜਿੱਥੇ ਆਮ ਜਨਤਾ ਸਮੇਤ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਨੂੰ ਕੁੱਝ ਰਾਹਤ ਮਿਲ ਸਕਦੀ ਹੈ। ਜਦੋਂਕਿ ਕਿਸਾਨਾਂ ਦੇ ਖੇਤਾਂ 'ਚ ਲਾਈ ਜਾਣ ਵਾਲੀ ਝੋਨੇ ਦੀ ਫਸਲ ਨੂੰ ਵੀ ਆਸਮਾਨ ਤੋਂ ਡਿੱਗਣ ਵਾਲੇ ਕੁਦਰਤੀ ਪਾਣੀ ਦਾ ਲਾਭ ਮਿਲੇਗਾ। ਕਾਬਿਲੇਗੌਰ ਹੈ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਪਿਛਲੇ ਕਰੀਬ 3 ਮਹੀਨਿਆਂ ਦੌਰਾਨ ਲੁਧਿਆਣਾ ਜ਼ਿਲ੍ਹੇ 'ਚ ਬਿਜਲੀ ਦੀ ਪੈਦਾਵਾਰ ਵਧਾਉਣ ਲਈ ਕਰੋੜਾਂ ਰੁਪਏ ਦੇ ਨਵੇਂ ਪ੍ਰਾਜੈਕਟ ਲਾਏ ਗਏ ਹਨ, ਜਿਸ ਕਾਰਨ ਜ਼ਿਆਦਾਤਰ ਇਲਾਕਿਆਂ 'ਚ ਲੱਗੀ ਇੰਡਸਟਰੀ, ਕਾਰੋਬਾਰੀਆਂ, ਵਪਾਰੀਆਂ ਅਤੇ ਘਰੇਲੂ ਖਪਤਕਾਰਾਂ ਨੂੰ ਵੱਡੀ ਰਾਹਤ ਮਿਲੀ ਹੈ।

## 30 ਸਾਲ ਬਾਅਦ ਮਾਂ ਨੂੰ ਮਿਲਿਆ ਇਨਸਾਫ, ਬਲਾਤਕਾਰੀ ਪਿਤਾ ਨੂੰ 10 ਸਾਲ ਦੀ ਸਜਾ

ਨਵੀਂ ਦਿੱਲੀ 29 ਮਈ। ਜਿਲ੍ਹੇ 'ਚ 30 ਸਾਲ ਪਹਿਲਾਂ ਇਕ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਮਾਮਲੇ 'ਚ ਇਕ ਸਥਾਨਕ ਅਦਾਲਤ ਨੇ ਬੁੱਧਵਾਰ ਨੂੰ ਉਸ ਦੇ ਬੇਟੇ ਵਲੋਂ ਦਾਇਰ ਇਕ ਮਾਮਲੇ 'ਚ ਦੋ ਦੋਸੀਆਂ ਨੂੰ ਦੋਸੀ ਕਰਾਰ ਦਿੰਦੇ ਹੋਏ 10-10 ਸਾਲ ਦੀ ਸਜਾ ਸੁਣਾਈ ਹੈ। ਵਧੀਕ ਜ?ਿਲ੍ਹਾ ਸਰਕਾਰੀ ਵਕੀਲ ਰਾਜੀਵ ਅਵਸਥੀ ਨੇ ਵੀਰਵਾਰ ਨੂੰ ਦੱਸਿਆ ਕਿ ਸਾਲ 1994 'ਚ ਸਦਰ ਬਾਜਾਰ ਥਾਣਾ ਖੇਤਰ 'ਚ ਰਹਿਣ ਵਾਲੀ 12 ਸਾਲਾ ਲੜਕੀ ਘਰ 'ਚ ਇਕੱਲੀ ਸੀ ਤਾਂ ਸਥਾਨਕ ਬਦਮਾਸ ਨੇਕੀ ਹਸਨ ਅਤੇ ਉਸ ਦੇ ਭਰਾ ਗੁੱਡੂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਉਸ ਨੇ ਦੱਸਿਆ ਕਿ ਇਸ ਤੋਂ ਬਾਅਦ ਦੋਸੀ ਨੇ 2 ਸਾਲ ਦੇ ਸਮੇਂ 'ਚ ਉਸ ਨਾਲ ਕਈ ਵਾਰ ਬਲਾਤਕਾਰ ਕੀਤਾ, ਜਿਸ ਕਾਰਨ ਉਹ ਗਰਭਵਤੀ ਹੋ ਗਈ ਅਤੇ ਉਸ ਨੇ ਇਕ ਬੇਟੇ ਨੂੰ ਜਨਮ ਦਿੱਤਾ। ਅਵਸਥੀ ਨੇ ਦੱਸਿਆ ਕਿ ਪੀੜਤਾ ਆਪਣੇ ਲੜਕੇ ਨੂੰ ਕਿਸੇ ਰਿਸਤੇਦਾਰ ਦੇ ਘਰ ਛੱਡ ਗਈ ਸੀ। ਉਸ ਦਾ ਵਿਆਹ ਹੋ ਗਿਆ ਪਰ ਕੁਝ ਸਮੇਂ ਬਾਅਦ ਉਸ ਦਾ ਪਤੀ ਉਸ ਨੂੰ ਛੱਡ ਗਿਆ। ਕੇਸ ਦੇ ਪਿਛੋਕੜ ਬਾਰੇ ਦੱਸਦਿਆਂ ਵਕੀਲ ਨੇ ਦੱਸਿਆ ਕਿ ਬਾਅਦ 'ਚ ਰਿਸਤੇਦਾਰ ਦੇ ਘਰ ਰਹਿ ਰਿਹਾ ਲੜਕਾ ਆ ਕੇ ਉਸ ਕੋਲ ਰਹਿਣ ਲੱਗ ਪਿਆ। ਜਦੋਂ ਉਸ ਦਾ ਪੁੱਤਰ 17 ਸਾਲ ਦਾ ਹੋਇਆ, ਉਸ ਨੇ ਆਪਣੀ ਮਾਂ ਤੋਂ ਆਪਣੇ ਪਿਤਾ ਦਾ ਨਾਮ ਪੁੱਛਿਆ। ਉਸ ਨੇ ਦੱਸਿਆ ਕਿ ਇਸ ਤੋਂ ਬਾਅਦ ਮਾਂ ਨੇ ਸਾਰੀ ਘਟਨਾ ਆਪਣੇ ਬੇਟੇ ਨੂੰ ਦੱਸੀ ਅਤੇ ਫਿਰ ਬੇਟੇ ਨੇ ਅਦਾਲਤ ਦਾ ਰੁਖ ਕੀਤਾ। ਇਸ ਤਰ੍ਹਾਂ ਅਦਾਲਤ ਦੇ ਹੁਕਮਾਂ 'ਤੇ ਦੋਵਾਂ ਮੁਲਜਮਾਂ ਖ?ਿਲਾਫ ਥਾਣਾ ਸਦਰ ਬਾਜਾਰ 'ਚ 2021 'ਚ ਰਿਪੋਰਟ ਦਰਜ ਕਰਵਾਈ ਗਈ ਸੀ। ਅਵਸਥੀ ਨੇ ਕਿਹਾ ਕਿ ਡੀ. ਐੱਨ. ਏ. ਟੈਸਟ ਤੋਂ ਬਾਅਦ ਹਸਨ (52) ਅਤੇ ਉਸ ਦੇ ਭਰਾ ਗੁੱਡੂ (52) 'ਤੇ ਦੋਸ ਸਾਬਤ ਹੋਏ ਹਨ। ਇਸ 'ਤੇ ਵਧੀਕ ਸੈਸਨ ਅਦਾਲਤ ਦੇ ਜੱਜ ਲਵੀ ਸਿੰਘ ਯਾਦਵ ਨੇ ਬੁੱਧਵਾਰ ਨੂੰ ਦੋਵਾਂ ਮੁਲਜਮਾਂ ਨੂੰ 10,10 ਸਾਲ ਦੀ ਕੈਦ ਅਤੇ 30 ਹਜਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ।

# ਬੇਹੱਦ ਰੋਮਾਂਚਕ ਹੋਇਆ ਬਠਿੰਡਾ ਲੋਕ ਸਭਾ ਸੀਟ 'ਤੇ ਮੁਕਾਬਲਾ, ਹੁਣ ਤਕ ਦਾ ਇਤਿਹਾਸ

ਏਜੰਸੀਆਂ

ਬਠਿੰਡਾ 29 ਮਈ। ਪੰਜਾਬ ਵਿਚ 1 ਜੂਨ ਨੂੰ ਲੋਕ ਸਭਾ ਚੋਣਾਂ ਲਈ ਵੋਟਿੰਗ ਹੋਣ ਜਾ ਰਹੀ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਬਠਿੰਡਾ ਸੀਟ ਹਾਟ ਸੀਟਾਂ ਦੀ ਸੂਚੀ 'ਚ ਸ਼ੁਮਾਰ ਹੈ। ਇਸ ਦਾ ਕਾਰਨ ਹੈ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਇੱਥੋਂ ਚੋਣ ਲੜ ਰਹੇ ਹਨ। ਸੂਬੇ ਦੀ ਸਿਆਸਤ ਵਿਚ ਵੱਡਾ ਰਸੂਖ ਰੱਖਣ ਵਾਲੇ ਬਾਦਲ ਪਰਿਵਾਰ ਦੇ ਸਾਰੇ ਜੀਅ ਵਿਧਾਨ ਸਭਾ ਚੋਣਾਂ ਵਿਚ ਹਾਰ ਗਏ ਸਨ। ਇਸ ਵਾਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਵੀ ਲੋਕ ਸਭਾ ਚੋਣ ਨਾ ਲੜਨ ਦਾ ਫੈਸਲਾ ਲਿਆ ਗਿਆ ਹੈ। ਇਸ ਲਈ ਹਰਸਿਮਰਤ ਕੌਰ ਬਾਦਲ ਦੇ ਮੋਢਿਆਂ 'ਤੇ ਬਾਦਲ ਪਰਿਵਾਰ ਨੂੰ ਸਿਆਸੀ ਤੌਰ 'ਤੇ ਜਿਉਂਦਾ ਰੱਖਣ ਦੀ ਵੱਡੀ ਜ?ਿੰਮੇਵਾਰੀ ਪੈ ਗਈ ਹੈ। ਉਂਝ ਤਾਂ ਹਰਸਿਮਰਤ ਕੌਰ ਬਾਦਲ ਲਗਾਤਾਰ 3 ਵਾਰ ਇੱਥੋਂ ਲੋਕ ਸਭਾ ਚੋਣ ਜਿੱਤ ਚੁੱਕੀ ਹੈ, ਪਰ ਇਸ ਵਾਰ ਇਸ ਸੀਟ 'ਤੇ ਸਾਰਿਆਂ ਦੀ ਖਾਸ ਨਿਗਾਹ ਹੈ। ਬਠਿੰਡਾ ਲੋਕ ਸਭਾ ਹਲਕੇ ਦੀ ਗੱਲ ਕਰੀਏ ਤਾਂ ਇਸ ਵਿਚ ਮੁਕਤਸਰ ਜ਼ਿਲ੍ਹੇ ਤੋਂ ਇਕ ਵਿਧਾਨ ਸਭਾ ਹਲਕਾ- ਲੰਬੀ, 5 ਵਿਧਾਨ ਸਭਾ ਹਲਕੇ ਬਠਿੰਡਾ ਅਤੇ 3 ਮਾਨਸਾ ਜ਼ਿਲ੍ਹੇ ਵਿਚ ਪੈਂਦੇ ਹਨ। ਇਨ੍ਹਾਂ ਸਾਰੇ ਹਲਕਿਆਂ ਵਿਚ ਆਮ ਆਦਮੀ ਪਾਰਟੀ ਦੇ ਹੀ ਵਿਧਾਇਕ ਹਨ। ਬਠਿੰਡਾ ਸੀਟ 'ਤੇ ਇਸ ਵਾਰ ਕੁੱਲ 18 ਉਮੀਦਵਾਰ ਮੈਦਾਨ ਵਿਚ ਹਨ। ਇਸ ਸੀਟ 'ਤੇ ਜਿੱਥੇ ਮੁੱਖ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਟੱਕਰ ਹੈ, ਉੱਥੇ ਹੀ ਇਸ ਮੁਕਾਬਲੇ ਨੂੰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ



ਲਖਬੀਰ ਸਿੰਘ ਲੱਖਾ ਸਿਧਾਣਾ ਨੇ ਹੋਰ ਸਖ਼ਤ ਬਣਾ ਦਿੱਤਾ ਹੈ। ਇਸ ਸੀਟ 'ਤੇ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹੋਈਆਂ 14 ਚੋਣਾਂ 'ਚੋਂ 10 ਵਾਰ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਹੈ। ਉੱਥੇ ਹੀ 2 ਵਾਰ ਕਾਂਗਰਸ ਅਤੇ 2 ਵਾਰ ਦੇ ਸੰਸਦ ਮੈਂਬਰ ਚੁਣੇ ਗਏ ਹਨ। ਇਸ ਵਾਰ ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਤੋਂ ਫੱਸਵਾਂ ਮੁਕਾਬਲਾ ਮਿੱਲ ਰਿਹਾ ਹੈ। ਆਮ ਆਦਮੀ ਪਾਰਟੀ ਨੇ ਲੰਬੀ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਖੁੱਡੀਆਂ ਨੇ ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਦਗੀ ਦੇ ਆਖਰੀ ਪੜਾਅ 'ਚ ਹਾਰ ਦਾ ਮੂੰਹ ਦਿਖਾਇਆ ਸੀ। ਹੁਣ ਵੇਖਣਾ ਇਹ ਹੋਵੇਗਾ ਕਿ ਖੁੱਡੀਆਂ ਇਸ ਵਾਰ ਹਰਸਿਮਰਤ ਕੌਰ ਬਾਦਲ ਨੂੰ ਵੀ ਸ਼ਿਕਸਤ ਦਿੰਦੇ ਹਨ ਜਾਂ ਹਰਸਿਮਰਤ ਆਪਣੇ ਸਹੁਰੇ ਦੀ ਹਾਰ ਦਾ ਹਿਸਾਬ ਬਰਾਬਰ ਕਰਨ ਵਿਚ ਸਫਲ ਰਹੇਗੀ। ਬਠਿੰਡਾ ਲੋਕ ਸਭਾ ਹਲਕਾ ਸ਼੍ਰੋਮਣੀ ਅਕਾਲੀ ਦਲ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸ 'ਤੇ ਕਾਂਗਰਸ ਨੂੰ ਜਿੱਤ ਦਾ ਸੁਆਦ ਚੱਖੇ ਪੂਰੇ 33 ਸਾਲ ਬੀਤ ਚੁੱਕੇ ਹਨ। ਇਸ ਵਾਰ ਕਾਂਗਰਸ ਨੇ 10 ਸਾਲਾਂ ਬਾਅਦ ਅਕਾਲੀ ਦਲ ਤੋਂ ਪਰਤੇ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਬਣਾਇਆ ਹੈ। ਹਾਲਾਂਕਿ ਜੀਤ ਮਹਿੰਦਰ ਸਿੱਧੂ ਨੂੰ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਦੀ ਗੈਰ-ਮੌਜੂਦਗੀ ਖਟਕ ਰਹੀ ਹੈ। ਅੰਮ੍ਰਿਤਾ ਵੜਿੰਗ ਪੂਰੇ ਹਲਕੇ ਵਿਚ ਪਿਛਲੇ ਦੋ ਸਾਲਾਂ ਤੋਂ ਸਰਗਰਮ ਸਨ, ਪਰ ਰਾਜਾ ਵੜਿੰਗ ਲੁਧਿਆਣਾ ਤੋਂ ਚੋਣ ਲੜ ਰਹੇ ਹਨ ਤੇ ਉਨ੍ਹਾਂ ਦੀ ਪਤਨੀ ਵੀ ਉਨ੍ਹਾਂ ਦੇ ਚੋਣ ਪ੍ਰਚਾਰ ਲਈ ਲੁਧਿਆਣਾ ਵਿਚ ਹੀ ਰੁੱਝੇ ਹੋਏ ਹਨ। ਦੂਜੇ ਪਾਸੇ ਭਾਜਪਾ ਨੇ ਪਰਮਪਾਲ ਕੌਰ ਸਿੱਧੂ ਮਲੂਕਾ ਨੂੰ ਇਸ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਪਰਮਪਾਲ ਹਾਲ ਹੀ ਵਿਚ ਆਈ.ਏ.ਐੱਸ. ਤੋਂ ਅਸਤੀਫਾ ਦੇ ਕੇ ਭਾਜਪਾ 'ਚ ਸ਼ਾਮਲ ਹੋਈ ਸੀ। ਉਨ੍ਹਾਂ ਦੇ ਪਤੀ ਅਤੇ ਅਕਾਲੀ ਦਲ ਤੋਂ ਭਾਜਪਾ ਵਿਚ ਸ਼ਾਮਲ ਹੋਏ ਕਈ ਆਗੂ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਹਨ ਪਰ ਪਾਰਟੀ ਨਾਲ ਜੁੜੇ ਪੁਰਾਣੇ ਆਗੂ ਤੇ ਵਰਕਰ ਚੋਣ ਪ੍ਰਚਾਰ ਵਿਚ ਇਕੱਠੇ ਨਜ਼ਰ ਨਹੀਂ ਆ ਰਹੇ। ਕਈਆਂ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਪ੍ਰੋਗਰਾਮ ਲਈ ਭਰੋਸੇ ਵਿਚ ਨਹੀਂ ਲਿਆ ਜਾਂਦਾ ਅਤੇ ਪਰਮਪਾਲ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਅਤੇ ਜ਼ਿਲ੍ਹਾ ਭਾਜਪਾ ਪ੍ਰਧਾਨ ਸਰੂਪ ਚੰਦ ਸਿੰਗਲਾ ਹੀ ਇਨ੍ਹਾਂ ਪੁਰਾਣੇ ਭਾਜਪਾ ਅਤੇ ਸੰਘ ਆਗੂਆਂ ਤੋਂ ਦੂਰੀ ਬਣਾ ਕੇ ਰੱਖ ਰਹੇ ਹਨ। ਇਸੇ ਕਾਰਨ ਭਾਜਪਾ ਦੇ ਸੂਬਾ ਇੰਚਾਰਜ ਵਿਜੇ ਰੂਪਾਨੀ ਨੂੰ ਵੀ ਬਠਿੰਡਾ ਆ ਕੇ ਇਸ ਮਾਮਲੇ ਨੂੰ ਸੁਲਝਾਉਣਾ ਪਿਆ ਸੀ। ਪਰਮਪਾਲ ਕੌਰ ਨੂੰ ਚੋਣ ਪ੍ਰਚਾਰ ਵਿਚ ਕੇਂਦਰੀ ਆਗੂਆਂ ਦਾ ਹੀ ਸਹਾਰਾ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਉਨ੍ਹਾਂ ਦੇ ਹੱਕ ਵਿਚ ਵੱਡੀ ਜਨ ਸਭਾ ਕਰ ਚੁੱਕੇ ਹਨ, ਜਦੋਂਕਿ ਨਿਤਿਨ ਗਡਕਰੀ ਦਾ ਵੀ ਇੱਥੇ ਪ੍ਰੋਗਰਾਮ ਹੋ ਸਕਦਾ ਹੈ।

# ਸੁਰਜੀਤ ਪਾਤਰ ਦੀ ਯਾਦ 'ਚ ਹਰ ਸਾਲ ਕਰਵਾਇਆ ਜਾਵੇਗਾ ਕਵੀ ਦਰਬਾਰ : ਡਾ. ਓਬਰਾਏ

ਏਜੰਸੀਆਂ

ਅੰਮ੍ਰਿਤਸਰ 29 ਮਈ। ਲਫਜਾਂ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਪੰਜਾਬੀ ਸਾਹਿਤ ਦੇ ਨਾਮਵਰ ਹਸਤਾਖਰ ਮਰਹੂਮ ਸੁਰਜੀਤ ਪਾਤਰ ਦੀ ਯਾਦ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹਰ ਸਾਲ ਆਨੰਦਪੁਰ ਸਾਹਿਬ ਵਿਖੇ ਜਿੱਥੇ ਇਕ ਕਵੀ ਦਰਬਾਰ ਕਰਵਾਇਆ ਜਾਵੇਗਾ ਉੱਥੇ ਹੀ ਇੱਕ ਲਾਇਬਰੇਰੀ ਦੀ ਸਥਾਪਨਾ ਵੀ ਕੀਤੀ ਜਾਵੇਗੀ। ਪ੍ਰੈਸ ਨੂੰ ਜਾਰੀ ਇੱਕ ਬਿਆਨ ਰਾਹੀਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਅਤੇ ਉੱਘੇ ਸਮਾਜ ਸੇਵਕ ਡਾ.ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਆਨੰਦਪੁਰ ਸਾਹਿਬ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚਲਾਏ ਜਾ ਰਹੇ ਸੰਨੀ ਓਬਰਾਏ ਵਿਵੇਕ ਸਦਨ (ਐਡਵਾਂਸ ਇੰਸਟੀਚਿਊਟ) ਵਿਖੇ ਸੁਰਜੀਤ ਪਾਤਰ ਦੀ ਯਾਦ ਵਿੱਚ ਜਿੱਥੇ ਹਰ ਸਾਲ ਕਵੀ ਦਰਬਾਰ ਕਰਵਾਇਆ ਜਾਵੇਗਾ ਉਥੇ ਹੀ ਵਿਵੇਕ ਸਦਨ ਵਿੱਚ ਮੌਜੂਦ ਉਨ੍ਹਾਂ ਦੇ ਠਹਿਰਨ ਵਾਲੇ ਕਮਰੇ ਨੂੰ ਲਾਇਬ੍ਰੇਰੀ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਆਨੰਦਪੁਰ ਸਾਹਿਬ ਵਿਚਲੇ ਸੰਨੀ ਓਬਰਾਏ ਵਿਵੇਕ ਸਦਨ ਅਤੇ ਅਡਵਾਂਸ ਇੰਸਟੀਚਿਊਟ ਆਫ ਸੋਸਲ ਸਾਇੰਸਜ ਵਿਖੇ 'ਸੰਮਲਿਤਾ ਦਾ ਵਿਚਾਰ : ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ, ਰਮਣੀਕ, ਅਲੌਕਿਕ ਧਰਤਿ' ਵਿਸ਼ੇ 'ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਦੋ ਦਿਨਾਂ ਵਿਸ਼ਵ ਪੱਧਰੀ ਕਾਨਫਰੰਸ ਡਾ. ਸੁਰਜੀਤ ਪਾਤਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ ਸੀ, ਜਿਸ ਵਿੱਚ ਪੰਜਾਬੀ ਦੇ 28 ਨਾਮਵਰ ਵਿਦਵਾਨ ਬੁਲਾਏ ਗਏ ਸਨ, ਜਿਸ ਦੌਰਾਨ ਡਾ: ਸੁਰਜੀਤ ਪਾਤਰ ਵੀ ਦੋ ਦਿਨ ਇੱਥੇ ਠਹਿਰੇ ਸਨ। ਉਨ੍ਹਾਂ ਦੱਸਿਆ ਕਿ ਇਸ ਕਾਨਫਰੰਸ ਦੌਰਾਨ ਸੁਰਜੀਤ ਪਾਤਰ ਹੁਰੀਂ ਵਿਵੇਕ ਸਦਨ ਦੇ ਜਿਸ ਕਮਰੇ ਵਿੱਚ ਠਹਿਰੇ ਸਨ, ਉਸ ਕਮਰੇ 'ਚੋਂ ਦਿਸਦੇ ਕੁਦਰਤੀ ਨਜਾਰਿਆਂ ਨੂੰ ਵੇਖਦਿਆਂ ਸੁਰਜੀਤ ਪਾਤਰ ਹੁਰਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ



ਇਹ ਕਮਰਾ, ਜਿਸ ਵਿਚ ਉਹ (ਪਾਤਰ ਸਾਹਿਬ) ਰਹੇ ਸੀ, ਉਹ ਉਨ੍ਹਾਂ ਨੂੰ ਪੱਕਾ ਅਲਾਟ ਕਰ ਦਿਉ। ਡਾ: ਓਬਰਾਏ ਨੇ ਦੱਸਿਆ ਕਿ ਉਸ ਦੌਰਾਨ ਹੀ ਮੈਂ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਅੱਜ ਤੋਂ ਬਾਅਦ ਇਹ ਕਮਰਾ ਪੱਕੇ ਤੌਰ 'ਤੇ ਤੁਹਾਡਾ ਹੈ। ਡਾ. ਓਬਰਾਏ ਨੇ ਦੱਸਿਆ ਕਿ ਸੁਰਜੀਤ ਪਾਤਰ ਵੱਲੋਂ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ 52 ਕਵੀਆਂ ਦਾ ਕਵੀ ਦਰਬਾਰ ਲਗਾਉਂਦੇ ਸੀ, ਸੋ ਆਪਾਂ ਵੀ ਅਜਿਹਾ ਹੀ ਕਵੀ ਦਰਬਾਰ ਸ਼ੁਰੂ ਕਰੀਏ। ਉਨ੍ਹਾਂ ਕਿਹਾ ਕਿ ਪਾਤਰ ਹੁਰਾਂ ਦੀ ਸਲਾਹ ਮੁਤਾਬਕ ਅਸੀਂ ਵੀ 52 ਚੋਣਵੇਂ ਨਾਮਵਰ ਕਵੀ ਤਿਆਰ ਕਰਕੇ ਚਾਰ ਰੋਜਾ ਕਵੀ ਦਰਬਾਰ ਕਰਵਾਉਣ ਦੀ ਯੋਜਨਾ ਬਣਾਈ ਸੀ, ਜਿਸ ਦੀ ਪ੍ਰਧਾਨਗੀ ਵੀ ਪਾਤਰ ਸਾਹਿਬ ਨੇ ਹੀ ਕਰਨੀ ਸੀ ਪਰ ਸੁਰਜੀਤ ਪਾਤਰ ਦੇ ਅਚਾਨਕ ਪਏ ਵਿਛੋੜੇ ਕਾਰਨ ਇਹ ਕਵੀ ਦਰਬਾਰ ਹੁਣ 2 ਮਹੀਨੇ ਅੱਗੇ ਪਾ ਦਿੱਤਾ ਗਿਆ ਹੈ, ਜਿਹੜਾ ਹੁਣ ਸੁਰਜੀਤ ਪਾਤਰ ਹੁਰਾਂ ਨੂੰ ਸਮਰਪਿਤ ਹੋਵੇਗਾ। ਡਾ. ਓਬਰਾਏ ਨੇ ਸੁਰਜੀਤ ਪਾਤਰ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਦੱਸਿਆ ਕਿ ਪਾਤਰ ਸਾਹਿਬ ਨਾਲ ਉਨ੍ਹਾਂ ਦੀ ਬਹੁਤ ਗੂੜੀ ਮਿੱਤਰਤਾ ਸੀ ਅਤੇ ਉਹ ਸੰਨੀ ਓਬਰਾਏ ਵਿਵੇਕ ਸਦਨ ਅਤੇ ਅਡਵਾਂਸ ਇੰਸਟੀਚਿਊਟ ਆਫ ਸੋਸਲ ਸਾਇੰਸਜ ਦੀ ਪੰਜ ਮੈਂਬਰੀ ਐਡਵਾਈਜਰੀ ਕਮੇਟੀ ਦੇ ਮੈਂਬਰ ਵੀ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਸੁਰਜੀਤ ਪਾਤਰ ਅਕਸਰ ਉਨ੍ਹਾਂ ਕੋਲ ਦੁਬਈ ਵੀ ਆਉਂਦੇ ਸਨ ਅਤੇ ਉਨਾਂ ਵੱਲੋਂ ਉਨ੍ਹਾਂ ਦੇ ਸਮੁੰਦਰ ਸਾਹਮਣੇ ਵਾਲੇ ਘਰ ਦੀ ਬਾਲਕੋਨੀ ਵਿੱਚ ਬੈਠ ਕੇ ਕਈ ਰਚਨਾਵਾਂ ਵੀ ਲਿਖੀਆਂ ਸਨ। ਉਨ੍ਹਾਂ ਕਿਹਾ ਕਿ ਏਸੇ ਬਾਲਕੋਨੀ 'ਚ ਡਾ. ਪਾਤਰ ਵੱਲੋਂ ਸਮੁੰਦਰ ਵੱਲ ਆਪਣੀਆਂ ਦੋਵੇਂ ਬਾਹਾਂ ਉਲਾਰ ਕੇ ਬੋਲੀਆਂ ਕਾਵਿ ਸਤਰਾਂ 'ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ, ਪਾਣੀ ਨੇ ਮੇਰੇ ਗੀਤ ਮੈਂ ਪਾਣੀ ਤੇ ਲੀਕ ਹਾਂ।' ਹਮੇਸਾਂ ਚੇਤੇ ਆਉਂਦੀਆਂ ਰਹਿਣਗੀਆਂ। ਡਾ. ਓਬਰਾਏ ਨੇ ਕਿਹਾ ਕਿ ਬੇਸੱਕ ਪਾਤਰ ਹੁਰੀਂ ਸਰੀਰਕ ਤੌਰ 'ਤੇ ਸਾਨੂੰ ਛੱਡ ਗਏ ਹਨ ਪਰ ਰੂਹਾਨੀ ਤੌਰ 'ਤੇ ਉਨ੍ਹਾਂ ਦੀਆਂ ਯਾਦਾਂ ਹਮੇਸ਼ਾਂ ਹਰ ਪੰਜਾਬੀ ਨਾਲ ਜੁੜੀਆਂ ਰਹਿਣਗੀਆਂ।

## ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਵਾਧਾ, 1300 ਰੁਪਏ ਤੋਂ ਜਿਆਦਾ ਮਹਿੰਗੀ ਹੋਈ ਚਾਂਦੀ

ਨਵੀਂ ਦਿੱਲੀ 29 ਮਈ। ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਸੋਮਵਾਰ (29 ਮਈ) ਨੂੰ ਫਿਰ ਤੋਂ ਵਧਦੀਆਂ ਨਜਰ ਆ ਰਹੀਆਂ ਹਨ। ਪਿਛਲੇ ਹਫਤੇ ਦੀ ਸ਼ੁਰੂਆਤ ਦੇ ਨਾਲ ਹੀ ਸੋਨੇ ਅਤੇ ਚਾਂਦੀ ਨੇ ਰਿਕਾਰਡ ਉਚਾਈ ਬਣਾਈ ਸੀ ਪਰ ਇਸ ਤੋਂ ਬਾਅਦ ਇਸ 'ਚ ਵੀ ਥੋੜ੍ਹਾ ਕਰੈਕਸ਼ਨ ਦੇਖਣ ਨੂੰ ਮਿਲਿਆ। ਸੋਨਾ 2,000 ਰੁਪਏ ਤੋਂ ਜ?ਿਆਦਾ ਸਸਤਾ ਹੋ ਗਿਆ, ਪਰ ਸੋਮਵਾਰ ਨੂੰ ਦੋਵੇਂ ਧਾਤਾਂ ਚੰਗੀ ਰਫਤਾਰ ਨਾਲ ਕਾਰੋਬਾਰ ਕਰ ਰਹੀਆਂ ਸਨ। ਭਾਰਤੀ ਵਾਇਦਾ ਬਾਜਾਰ 'ਚ ਸੋਨਾ 250 ਰੁਪਏ ਦੇ ਕਰੀਬ ਅਤੇ ਚਾਂਦੀ 1300 ਰੁਪਏ ਤੋਂ ਜ?ਿਆਦਾ ਵਧ ਰਹੀ ਹੈ। ਮਲਟੀ ਕਮੋਡਿਟੀ ਐਕਸਚੇਂਜ () 'ਤੇ, ਸਵੇਰੇ 10 ਵਜੇ ਦੇ ਆਸ-ਪਾਸ ਸੋਨਾ 240 ਰੁਪਏ (0.34%) ਦੇ ਵਾਧੇ ਨਾਲ 71,496 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ। ਸ਼ੁੱਕਰਵਾਰ ਨੂੰ ਇਹ 71,256 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ। ਇਸ ਦੌਰਾਨ ਚਾਂਦੀ 1352 ਰੁਪਏ (1.49 ਫੀਸਦੀ) ਦੇ ਵਾਧੇ ਨਾਲ 91,900 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਕਾਰੋਬਾਰ ਕਰ ਰਹੀ ਸੀ। ਪਿਛਲੇ ਸੈਸਨ 'ਚ ਇਹ 90,548 'ਤੇ ਬੰਦ ਹੋਇਆ ਸੀ। ਅਮਰੀਕੀ ਫੈਡਰਲ ਰਿਜਰਵ ਬੈਂਕ ਵੱਲੋਂ ਵਿਆਜ ਦਰਾਂ 'ਚ ਕਟੌਤੀ ਦੀਆਂ ਉਮੀਦਾਂ ਦੇ ਵਿਚਕਾਰ ਸੋਨੇ ਦੀ ਤੇਜੀ ਵੀ ਖਤਮ ਹੁੰਦੀ ਨਜਰ ਆ ਰਹੀ ਹੈ। ਸ਼ੁੱਕਰਵਾਰ ਦੇ ਕਾਰੋਬਾਰ 'ਚ ਸੋਨਾ ਥੋੜ੍ਹਾ ਵਧਿਆ ਸੀ ਪਰ ਪਿਛਲੇ ਸਾਢੇ ਪੰਜ ਮਹੀਨਿਆਂ 'ਚ ਸਭ ਤੋਂ ਜ?ਿਆਦਾ ਡਿੱਗਿਆ ਹੈ। ਪਿਛਲੇ ਹਫਤੇ, ਦਸੰਬਰ ਤੋਂ ਬਾਅਦ ਪਹਿਲੀ ਵਾਰ ਇਹ 3% ਡਿੱਗਿਆ। ਪਿਛਲੇ ਹਫਤੇ ਕਾਮੈਕਸ 'ਤੇ ਸੋਨਾ 2,449 ਡਾਲਰ ਤੱਕ ਪਹੁੰਚ ਗਿਆ ਸੀ ਪਰ ਹੁਣ ਤੱਕ ਇਹ 100 ਡਾਲਰ ਤੱਕ ਡਿੱਗ ਚੁੱਕਾ ਹੈ।

# ਨਸ਼ਾ, ਪਰਿਵਾਰਵਾਦ ਅਤੇ ਤੁਸ਼ਟੀਕਰਨ ਤੋਂ ਮੁਕਤੀ ਚਾਹੁੰਦੈ ਪੰਜਾਬ : ਸੀ. ਐੱਮ. ਧਾਮੀ

ਸਰਦੂਲ ਸਿੰਘ

ਨਵੀਂ ਦਿੱਲੀ 29 ਮਈ। ਪੰਜਾਬ ਦੇ ਚੋਣ ਦੌਰੇ 'ਤੇ ਪਹੁੰਚੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ 'ਪੰਜਾਬ ਕੇਸਰੀ' ਗਰੁੱਪ ਦੇ ਉੱਤਰ ਪ੍ਰਦੇਸ਼/ਉੱਤਰਾਖੰਡ ਦੇ ਡਿਜੀਟਲ ਹੈੱਡ ਅਵਿਰਲ ਸਿੰਘ ਨਾਲ ਖਾਸ ਗੱਲਬਾਤ ਕੀਤੀ। ਦੇਸ਼ ਦੇ ਨੌਜਵਾਨ ਸੀ. ਐੱਮ. ਦੇ ਤੌਰ 'ਤੇ ਪਛਾਣ ਰੱਖਣ ਵਾਲੇ ਧਾਮੀ ਨੇ ਕਿਹਾ,'ਪੰਜਾਬ ਦਾ ਕਾਂਗਰਸ, ਅਕਾਲੀ ਦਲ ਅਤੇ 'ਆਪ' ਦੀਆਂ ਸਰਕਾਰਾਂ ਤੋਂ ਮਨ ਭਰ ਚੁੱਕਾ ਹੈ। ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਨੇ ਸੂਬੇ ਨੂੰ ਵਿਕਾਸ ਤੋਂ ਵਾਂਝਾ ਰੱਖਿਆ ਹੈ। ਪਰਿਵਾਰਵਾਦ, ਭ੍ਰਿਸ਼ਟਾਚਾਰ ਅਤੇ ਤੁਸ਼ਟੀਕਰਨ ਤੋਂ ਇਲਾਵਾ ਕੁਝ ਨਹੀਂ ਹੋਇਆ ਹੈ। ਇਥੋਂ ਦੀ ਜਨਤਾ ਹੁਣ ਇਸ ਤੋਂ ਮੁਕਤੀ ਚਾਹੁੰਦੀ ਹੈ। ਇਸ ਲਈ ਭਾਜਪਾ ਦੇ ਵਿਕਾਸ ਦੇ ਇੰਜਣ ਵੱਲ ਦੇਖ ਰਹੀ ਹੈ। ਮੋਦੀ ਦਾ ਇੰਜਣ ਸੂਬੇ ਨਾਲ ਜੁੜਨ ਤੋਂ ਬਾਅਦ ਨਸ਼ਾ ਮਾਫੀਆ ਅਤੇ ਨਾਜਾਇਜ ਕਾਰੋਬਾਰ ਤੋਂ ਪੰਜਾਬ ਮੁਕਤ ਹੋਵੇਗਾ। ਸੀ. ਐੱਮ. ਧਾਮੀ ਨੇ ਉੱਤਰਾਖੰਡ ਦੀਆਂ ਯਾਤਰਾਵਾਂ 'ਤੇ ਵੀ ਖੁੱਲ੍ਹ ਕੇ ਆਪਣੀ ਗੱਲ ਰੱਖੀ। ਉਨ੍ਹਾਂ ਕਿਹਾ ਕਿ ਯਾਤਰਾਵਾਂ ਸੂਬੇ ਦੀ ਲਾਈਫ ਲਾਈਨ ਹਨ ਅਤੇ ਉਨ੍ਹਾਂ ਨੂੰ ਸਰਲ ਬਣਾਉਣ ਲਈ ਅਸੀਂ ਵਚਨਬੱਧ ਹਾਂ। ਪੇਸ਼ ਹਨ ਪੁਸ਼ਕਰ ਸਿੰਘ ਧਾਮੀ ਨਾਲ ਗੱਲਬਾਤ ਦੇ ਮੁੱਖ ਅੰਸ਼... ਦੇਸ਼ 'ਚ ਲੋਕ ਮੋਦੀ ਜੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ਲਈ ਤਿਆਰ ਹਨ। ਖੁਦ ਹਰ ਵਰਗ ਆਪਣਾ ਸਹਿਯੋਗ ਅਤੇ ਸਮਰਥਨ ਦੇ ਰਿਹਾ ਹੈ। ਲੋਕਤੰਤਰ ਦੇ ਮਹਾਯੱਗ 'ਚ ਹਿੱਸਾ ਲੈ ਕੇ ਭਾਜਪਾ ਦੇ ਹੱਕ 'ਚ ਵੋਟਾਂ ਵੀ ਪਾ ਰਿਹਾ ਹੈ। ਹਰ ਕੋਈ ਭਾਜਪਾ ਨੂੰ ਸਮਰਥਨ ਦੇ ਕੇ ਵਿਕਾਸ ਦੀ ਤੇਜ ਧਾਰਾ ਨਾਲ ਜੁੜਨਾ ਚਾਹੁੰਦਾ ਹੈ। ਅੱਜ ਦੱਖਣ ਦੇ ਸੂਬਿਆਂ 'ਚ ਭਾਜਪਾ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੀ ਹੈ। ਤਾਮਿਲਨਾਡੂ, ਕੇਰਲ, ਕਰਨਾਟਕ, ਓਡਿਸ਼ਾ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ 'ਚ ਤੇਜੀ ਨਾਲ ਭਾਜਪਾ ਦਾ ਵਿਸਤਾਰ ਹੋਇਆ ਹੈ। ਇਸ ਵਾਰ ਦੱਖਣ ਦੇ ਸੂਬਿਆਂ ਤੋਂ ਭਾਜਪਾ ਦੀਆਂ ਬਹੁਤ ਸੀਟਾਂ ਵਧਣਗੀਆਂ। ਦੇਸ਼ 'ਚ ਮੋਦੀ ਜੀ ਵੱਲੋਂ ਕਰਵਾਏ ਵਿਕਾਸ ਨੂੰ ਦੇਖ ਕੇ ਪੰਜਾਬ ਦੇ ਹਰ ਵਰਗ ਦੇ ਲੋਕਾਂ 'ਚ ਇਸ ਵਾਰ ਉਤਸ਼ਾਹ ਹੈ ਅਤੇ ਉਹ ਭਾਜਪਾ ਦੇ ਇੰਜਣ ਨਾਲ ਜੁੜਨਾ ਚਾਹੁੰਦੇ ਹਨ। ਪੰਜਾਬ 'ਚ ਲੋਕ ਅਸੁਰੱਖਿਅਤ ਹਨ ਅਤੇ ਨਸ਼ਾ ਮਾਫੀਆ ਅਤੇ ਨਾਜਾਇਜ ਕਾਰੋਬਾਰੀ ਹਾਵੀ ਹਨ, ਇਸ ਲਈ ਇਥੋਂ ਦਾ ਉਦਯੋਗੀਕਰਨ ਰੁਕ ਗਿਆ ਹੈ। ਕੇਂਦਰ ਤੋਂ ਮਿਲਣ ਵਾਲੇ ਫੰਡ ਨੂੰ ਮਿਲਾ ਕੇ ਵੀ ਪੰਜਾਬ ਦਾ ਤੇਜ ਗਤੀ ਨਾਲ ਵਿਕਾਸ ਨਹੀਂ ਹੋ ਰਿਹਾ ਹੈ ਕਿਉਂਕਿ ਪੰਜਾਬ 'ਚ ਅਜਿਹੀ ਸਰਕਾਰਾਂ ਰਹੀਆਂ ਹਨ, ਜਿਨ੍ਹਾਂ ਦਾ ਭ੍ਰਿਸ਼ਟਾਚਾਰ, ਪਰਿਵਾਰਵਾਦ ਅਤੇ ਤੁਸ਼ਟੀਕਰਨ 'ਤੇ ਹੀ ਧਿਆਨ ਰਿਹਾ ਹੈ। ਇਸ ਵਾਰ ਪੰਜਾਬ ਦੀ ਜਨਤਾ ਇਸ ਤੋਂ ਮੁਕਤੀ ਚਾਹੁੰਦੀ ਹੈ ਅਤੇ ਭਾਜਪਾ ਦੀ ਚੋਣ ਕਰਨ ਜਾ ਰਹੀ ਹੈ। ਸਾਰੀਆਂ 13 ਸੀਟਾਂ 'ਤੇ ਭਾਜਪਾ ਮਜਬੂਤ ਹੈ ਅਤੇ ਜਿੱਤੇਗੀ। ਉਦਯੋਗਿਕ ਵਿਕਾਸ ਉੱਤਰਾਖੰਡ 'ਚ ਤੇਜੀ ਨਾਲ ਵਧਿਆ ਹੈ। ਦਸੰਬਰ 'ਚ ਇਨਵੈਸਟਰ ਸਮਿਟ ਦਾ ਆਯੋਜਨ ਕੀਤਾ ਗਿਆ ਸੀ, ਜਿਸ 'ਚ 50 ਦੇਸ਼ਾਂ ਦੇ ਨਿਵੇਸ਼ਕਾਂ ਨਾਲ 350 ਕਰੋੜ ਦੇ ਕਰਾਰ ਹੋਏ ਹਨ। ਉਸ 'ਚੋਂ ਵੀ 81 ਹਜਾਰ ਕਰੋੜ ਦੀ ਗ੍ਰਾਊਂਡਿੰਗ ਵੀ ਸ਼ੁਰੂ ਹੋ ਗਈ ਹੈ। ਉਦਯੋਗ ਲਈ ਅੱਜ 8 ਹਜਾਰ ਏਕੜ ਜਮੀਨ ਦਾ ਲੈਂਡ ਬੈਂਕ ਸਾਡੇ ਕੋਲ ਹੈ। ਸਰਕਾਰ ਨੇ 30 ਨਵੀਆਂ ਨੀਤੀਆਂ ਬਣਾਈਆਂ ਹਨ ਅਤੇ ਪੁਰਾਣੀਆਂ ਨੀਤੀਆਂ ਨੂੰ ਬਦਲ ਕੇ ਸਰਲ ਕੀਤੀਆਂ ਗਈਆਂ ਹਨ। ਉੱਤਰਾਖੰਡ 'ਚ



ਬਿਹਤਰ ਕਾਨੂੰਨ-ਵਿਵਸਥਾ ਅਤੇ ਵਧੀਆ ਮਾਹੌਲ ਹੈ, ਜਿਸ ਕਾਰਨ ਇਥੇ ਤੇਜੀ ਨਾਲ ਲੋਕਾਂ ਦਾ ਆਉਣਾ-ਜਾਣਾ ਹੋ ਰਿਹਾ ਹੈ। ਚਾਰ ਧਾਮ ਯਾਤਰਾ 'ਚ ਮੋਦੀ ਜੀ ਦੀ ਅਗਵਾਈ 'ਚ ਸਹੂਲਤਾਂ ਦਿੱਤੀਆਂ ਗਈਆਂ ਹਨ। ਚੰਗੀ ਸੜਕ ਬਣਨ ਨਾਲ ਦਿੱਲੀ ਦੀ ਕੁਨੈਕਟੀਵਿਟੀ ਪਹਿਲਾਂ ਨਾਲੋਂ ਚੰਗੀ ਹੋ ਗਈ ਹੈ। ਦੇਸ਼-ਦੁਨੀਆ ਦੇ ਲੋਕ ਆ ਰਹੇ ਹਨ। ਪਿਛਲੇ ਸਾਲ ਦੇ ਮੁਕਾਬਲੇ ਸ਼ੁਰੂ 'ਚ ਯਾਤਰੀਆਂ ਦੀ ਭੀੜ ਜ?ਿਆਦਾ ਆ ਗਈ ਸੀ, ਜਿਸ ਕਾਰਨ ਪ੍ਰੇਸ਼ਾਨੀ ਹੋਈ ਪਰ ਪਿਛਲੇ 12 ਦਿਨਾਂ 'ਚ 10 ਲੱਖ ਲੋਕ ਦਰਸ਼ਨ ਕਰ ਚੁੱਕੇ ਹਨ। ਸਰਕਾਰ ਬਿਹਤਰ ਵਿਵਸਥਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਲਗਾਤਾਰ ਸੁਧਾਰ ਕਰਨ ਲਈ ਕੰਮ ਕੀਤੇ ਜਾ ਰਹੇ ਹਨ। ਉੱਤਰਾਖੰਡ ਦੇ ਜੋ ਧਾਮ ਹਨ, ਉਨ੍ਹਾਂ ਦੀ ਯਾਤਰਾ ਆਮ ਨਹੀਂ, ਬਹੁਤ ਔਖੀ ਹੈ। ਜਿਥੇ ਯਮਨੋਤਰੀ 'ਚ ਖੜ੍ਹੀ ਚੜ੍ਹਾਈ ਹੈ, ਉਥੇ ਕੇਦਾਰਨਾਥ ਦੀ 20 ਕਿਲੋਮੀਟਰ ਦੀ ਯਾਤਰਾ ਮੁਸ਼ਕਿਲ ਹੈ, ਜੋ ਆਮ ਯਾਤਰਾ ਨਹੀਂ ਕਹੀ ਜਾ ਸਕਦੀ ਹੈ। ਫਿਰ ਧਾਮਾਂ ਦੀ ਆਪਣੀ ਸਮਰੱਥਾ ਵੀ ਹੈ, ਉਸ ਤੋਂ ਵੱਧ ਭੀੜ ਹੋਣ 'ਤੇ ਪ੍ਰੇਸ਼ਾਨੀ ਹੁੰਦੀ ਹੈ। ਇਸ ਵਾਰ ਆਨਲਾਈਨ ਰਜਿਸਟ੍ਰੇਸ਼ਨ ਤੋਂ ਬਿਨਾ ਵੀ ਲੋਕਾਂ ਦੀ ਭੀੜ ਅਚਾਨਕ ਵਧੀ, ਜਿਸ ਕਾਰਨ ਪ੍ਰੇਸ਼ਾਨੀ ਹੋਈ ਹੈ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਹੁਣ ਯਾਤਰਾ ਦੀ ਆਫਲਾਈਨ ਰਜਿਸਟ੍ਰੇਸ਼ਨ ਨੂੰ ਸਰਕਾਰ ਨੇ ਬੰਦ ਕਰ ਦਿੱਤਾ ਹੈ। ਉਸ ਦੇ ਬਾਅਦ ਤੋਂ ਯਾਤਰਾ ਸਹੀ ਢੰਗ ਨਾਲ ਚੱਲ ਰਹੀ ਹੈ। ਆਉਣ ਵਾਲੇ ਸਮੇਂ 'ਚ ਟ੍ਰੈਵਲ ਆਥੋਰਾਈਜੇਸ਼ਨ ਵਰਗੀ ਯੋਜਨਾਬੰਦੀ ਸਰਕਾਰ ਕਰਨ ਜਾ ਰਹੀ ਹੈ। ਇਸ ਨਾਲ ਕੇਦਾਰਨਾਥ 'ਚ ਸਮਰੱਥਾ ਤੋਂ ਵੱਧ ਲੋਕਾਂ ਦੇ ਆਉਣ 'ਤੇ ਯਾਤਰਾ ਨੂੰ ਹਰਿਦੁਆਰ ਅਤੇ ਰਿਸ਼ੀਕੇਸ਼ ਨਾਲ ਜੋੜਿਆ ਜਾਵੇਗਾ ਕਿਉਂਕਿ ਯਾਤਰਾਵਾਂ ਉੱਤਰਾਖੰਡ ਦੀ ਲਾਈਫ ਲਾਈਨ ਹਨ, ਇਥੋਂ ਦੀ ਕਮਾਈ ਅਤੇ ਆਰਥਿਕਤਾ ਦਾ ਵੱਡਾ ਸ੍ਰੋਤ ਹਨ, ਉਸ ਨੂੰ ਅਸੀਂ 'ਅਤਿਥੀ ਦੇਵੋ ਭਵ :' ਦੀ ਤਰਜ 'ਤੇ ਅੱਗੇ ਵਧਾਉਣਾ ਚਾਹੁੰਦੇ ਹਾਂ। ਸਾਰਿਆਂ ਦੀ ਸੁਰੱਖਿਆ ਵੀ ਸਾਡੇ ਲਈ ਮਹੱਤਵਪੂਰਨ ਹੈ। ਹਰ ਪਹਿਲੂ ਨੂੰ ਦੇਖ ਕੇ ਹੀ ਪਲਾਨ ਬਣਾਇਆ ਜਾ ਰਿਹਾ ਹੈ। ਇਹ ਯਾਤਰਾ ਸਾਡੀ ਸ਼ੁੱਧ ਤੌਰ 'ਤੇ ਧਾਰਮਿਕ ਯਾਤਰਾ ਹੈ। ਸਾਰਿਆਂ ਨੂੰ ਆਪਣੇ ਅੰਤਰਮਨ ਨਾਲ ਯਾਤਰਾ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ। ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਵਲੋਂ ਵਿਵਸਥਾ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਛਲੇ ਦਿਨੀਂ ਟਨਲ ਕਾਂਡ ਸਾਹਮਣੇ ਆਉਣ ਤੋਂ ਬਾਅਦ ਅਸੀਂ ਸਾਰੀਆਂ ਯੋਜਨਾਵਾਂ ਦੀ ਸਮੀਖਿਆ ਕਰਨ ਦਾ ਫੈਸਲਾ ਕੀਤਾ ਸੀ। ਭਾਰਤ ਸਰਕਾਰ ਵਲੋਂ ਵੀ ਆਡਿਟ ਕਰਵਾਇਆ ਗਿਆ ਹੈ। ਸੂਬੇ 'ਚ ਸਾਡੇ ਸਾਹਮਣੇ ਚੁਣੌਤੀਆਂ ਹਨ, ਉਨ੍ਹਾਂ ਨੂੰ ਦੇਖਦੇ ਹੋਏ ਈਕੋਲੋਜੀ ਅਤੇ ਇਕੋਨੋਮੀ ਦੋਵਾਂ 'ਚ ਸੰਤੁਲਨ ਬਣਾਉਣ ਦੀ ਸਾਡੀ ਕੋਸ਼ਿਸ਼ ਹੈ। ਦੇਸ਼ 'ਚ 6 ਪੜਾਵਾਂ ਦੀਆਂ ਚੋਣਾਂ 'ਚ ਨੌਜਵਾਨਾਂ ਨੇ ਵੱਧ-ਚੜ੍ਹ ਕੇ ਵੋਟਾਂ ਪਾਈਆਂ ਹਨ। ਦੁਨੀਆ ਦਾ ਸਿਰਮੌਰ ਭਾਰਤ ਬਣੇ, ਇਸ ਲਈ ਲੋਕ ਵੋਟਾਂ ਪਾ ਰਹੇ ਹਨ। ਨੌਜਵਾਨ ਵੀ ਇਸੇ ਸੰਕਲਪ 'ਤੇ ਹਨ। ਮੈਨੂੰ ਉਮੀਦ ਹੈ ਕਿ ਇਕ ਜੂਨ ਨੂੰ ਦੇਸ਼ 'ਚ ਵਿਕਾਸ ਦੀ ਗਤੀ ਨੂੰ ਬਣਾਈ ਰੱਖਣ ਲਈ ਪੰਜਾਬ ਦਾ ਯੂਥ ਵੀ ਅੱਗੇ ਆਵੇਗਾ। ਯੂ. ਸੀ. ਸੀ. ਦੇਸ਼ ਦੀ ਲੋੜ ਹੈ। ਪ੍ਰਧਾਨ ਮੰਤਰੀ ਮੋਦੀ ਜੀ ਦੇ ਸੰਕਲਪ ਪੱਤਰ 'ਚ ਸ਼ਾਮਲ ਹੈ। ਉੱਤਰਾਖੰਡ ਨੂੰ ਯੂ. ਸੀ. ਸੀ. ਦਾ ਮਾਣ ਪ੍ਰਾਪਤ ਹੋ ਗਿਆ ਹੈ। ਯੂ. ਸੀ. ਸੀ. ਜਿਹੜੀ ਗੰਗੋਤਰੀ ਉੱਤਰਾਖੰਡ ਤੋਂ ਬਿੱਲ ਬਣ ਕੇ ਨਿਕਲੀ ਹੈ, ਹੁਣ ਉਹ ਪੂਰੇ ਦੇਸ਼ 'ਚ ਜਾਏਗੀ।